ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 198| 22 October to 28 October, 2025 | Ph.: (510) 240-5949 | Email: asrtimes@gmail.com



## ਅਦਾਰਾ ਅੰਮ੍ਰਿਤਸਰ ਟਾਈਮਜ਼

ਵੱਲੋਂ ਵਿਸ਼ਵ ਭਰ ਵਿੱਚ ਬੈਠੇ ਸਮੂਹ ਸਰਬੱਤ ਦੇ ਭਲੇ ਦੇ ਹਾਮੀਆਂ ਨੂੰ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ ਜੀ। ਅਕਾਲ ਪੁਰਖ ਵਾਹਿਗੁਰੂ ਆਪ ਸਭ ਨੂੰ ਸਦਾ ਚੜ੍ਹਦੀਕਲਾ 'ਚ ਰੱਖੇ।

# ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ

# ਮਨਾਂ ਅੰਦਰ ਵੀ ਗਿਆਨ ਦੀ ਜੋਤ ਜਗਾਉਣ ਦੀ ਲੋੜ



*ਦੀਵਾਲੀ ਦਾ ਤਿਉਹਾਰ 'ਕੱਤਕ' ਮਹੀਨੇ ਦੀ ਮੱਸਿਆ ਨੂੰ ਮਨਾਇਆ ਜਾਂਦਾ ਹੈ, ਪਰ ਰਵਾਇਤੀ ਮਹੀਨੇ ਦੀ ਸਭ ਤੋਂ ਹਨੇਰੀ ਰਾਤ 'ਚ ਹਰ ਪਾਸੇ ਕੀਤੀਆਂ ਰੰਗ- ਬਿਰੰਗੀਆਂ ਰੌਸ਼ਨੀਆਂ ਕਾਰਨ ਹਰ ਇਲਾਕਾ ਰੁਸ਼ਨਾਉਂਦਾ ਹੈ। ਦੀਵਾਲੀ ਵਾਲੇ ਦਿਨ ਅਸੀਂ ਆਪਣੇ ਘਰਾਂ ਅਤੇ ਧਾਰਮਿਕ ਸਥਾਨਾਂ 'ਤੇ ਤਾਂ ਦੀਵੇ ਜਗਾ ਕੇ ਰੌਸ਼ਨੀ ਕਰਦੇ ਹਾਂ ਪਰ ਕੀ ਅਸੀਂ ਕਦੇ ਆਪਣੇ ਮਨਾਂ ਅੰਦਰ 'ਗਿਆਨ ਦਾ ਦੀਵਾ' ਜਗਾਇਆ ਹੈ ? ਅੱਜ ਵੀ ਸਾਡੇ ਮਨਾਂ ਅੰਦਰ ਇੱਕ ਦੂਜੇ ਪ੍ਰਤੀ ਈਰਖਾ, ਵੈਰ- ਵਿਰੋਧ ਅਤੇ ਸਾੜਾ ਆਦਿ ਅਵਗੁਣ ਭਰੇ ਪਏ ਹਨ। ਆਧੁਨਿਕ ਅਤੇ ਵਿਦਿਅਕ ਯੁੱਗ ਹੋਣ ਦੇ ਬਾਵਜੂਦ ਸਾਡਾ ਸਮਾਜ ਅੰਧ ਵਿਸ਼ਵਾਸ ਅਤੇ ਕਈ ਤਰ੍ਹਾਂ ਦੇ ਕਰਮ ਕਾਂਡਾਂ ਵਿੱਚ ਲਿਪਟਿਆ ਹੋਇਆ ਹੈ। ਲੋੜ ਤਾਂ ਇਸ ਗੱਲ ਦੀ ਹੈ ਕਿ ਇਹਨਾਂ ਅੰਧ ਵਿਸ਼ਵਾਸਾਂ ਅਤੇ ਕਰਮ ਕਾਂਡਾਂ ਦੇ ਡੂੰਘੇ ਹਨੇਰੇ ਵਿਚੋਂ ਨਿਕਲ ਕੇ ਹਰ ਪਾਸੇ 'ਵਿਦਿਆ ਅਤੇ ਗਿਆਨ ਦਾ ਚਾਨਣ' ਵੰਡਿਆ ਜਾਵੇ।*

**ਜਗਮੋਹਨ ਸਿੰਘ 'ਲੱਕੀ'**

ਰੌਸ਼ਨੀਆਂ ਦਾ ਤਿਉਹਾਰ ਦੀਵਾਲੀ ਹਨੇਰੇ 'ਤੇ ਚਾਨਣ, ਬੁਰਾਈ 'ਤੇ ਚੰਗਿਆਈ , ਅਗਿਆਨਤਾ 'ਤੇ ਗਿਆਨ ਦੀ ਫ਼ਤਹਿ ਅਤੇ ਆਪਣੇ ਚੌਗਿਰਦੇ ਨੂੰ ਸਾਫ਼ ਸੁਥਰਾ ਰੱਖਣ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਜੋ ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਅਹਿਮੀਅਤ ਰੱਖਦਾ ਹੈ। ਹਰ ਸੂਬੇ ਜਾਂ ਖੇਤਰ ਵਿੱਚ ਦੀਵਾਲੀ ਮਨਾਉਣ ਦੇ ਕਾਰਨ ਅਤੇ ਤਰੀਕੇ ਵੱਖਰੇ ਹਨ ਪਰ ਸਾਰੀਆਂ ਥਾਂਵਾਂ 'ਤੇ ਇਹ ਤਿਉਹਾਰ ਕਈ ਪੀੜ੍ਹੀਆਂ ਤੋਂ ਮਨਾਇਆ ਜਾਂਦਾ ਹੈ। ਦੀਵਾਲੀ ਦੀ ਰਾਤ ਨੂੰ ਬਿਜਲਈ ਲੜੀਆਂ ਦੇ ਨਾਲ ਜਗਦੇ ਹੋਏ ਮਿੱਟੀ ਦੇ ਦੀਵਿਆਂ ਨੇ ਹਰ ਪਾਸੇ ਰੋਸ਼ਨੀ ਬਿਖ਼ੇਰੀ ਹੁੰਦੀ ਹੈ। ਦੀਵਾਲੀ ਮੌਕੇ ਪੂਰਾ ਆਲਮ ਹੀ ਜਗਮਗ-ਜਗਮਗ ਕਰ ਰਿਹਾ ਹੁੰਦਾ



ਹੈ। ਇਸ ਦਿਨ ਤੇ ਰਾਤ ਨੂੰ ਅਸੀਂ ਆਪਣੇ ਆਲੇ ਦੁਆਲੇ ਤਾਂ ਰੰਗ ਬਿਰੰਗੀ ਰੌਸ਼ਨੀ ਕਰ ਲੈਂਦੇ ਹਾਂ ਪਰ ਅਸੀਂ ਆਪਣੇ ਮਨ ਅੰਦਰ ਗਿਆਨ ਦਾ ਦੀਵਾ ਜਗਾਉਣਾ ਅਕਸਰ ਭੁੱਲ ਹੀ ਜਾਂਦੇ ਹਾਂ। ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਮੌਕੇ ਵੀ ਅਕਸਰ ਵੱਡੀ ਗਿਣਤੀ ਲੋਕਾਂ ਦੇ ਮਨਾਂ ਅੰਦਰ ਚਾਨਣ ਦੀ ਥਾਂ ਹਨੇਰ ਹੀ ਸਮਾਇਆ ਹੁੰਦਾ ਹੈ। ਕਈ ਲੋਕਾਂ ਅੰਦਰ ਇਸ ਦਿਨ ਵੀ ਇੱਕ ਦੂਜੇ ਨਾਲ ਭਾਈਚਾਰਕ ਸਾਂਝ ਵਧਾਉਣ ਦੀ ਥਾਂ ਈਰਖ਼ਾਬਾਜ਼ੀ ਅਤੇ ਸਾੜਾ ਭਾਰੂ ਰਹਿੰਦਾ ਹੈ।

ਦੀਵਾਲੀ ਵਾਲੇ ਦਿਨ ਵੱਡੀ ਗਿਣਤੀ ਲੋਕ ਆਪਣੇ ਦਿਨ ਦੀ ਸ਼ੁਰੂਆਤ ਧਾਰਮਿਕ ਸਥਾਨਾਂ 'ਤੇ ਨਤਮਸਤਕ ਹੋ ਕੇ ਕਰਦੇ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਲੋਕ ਇਸ ਦਿਨ ਆਪਣੇ ਵੱਡ ਵਡੇਰਿਆਂ/ ਜਠੇਰਿਆਂ ਦੇ ਸਥਾਨਾਂ 'ਤੇ ਨਤਮਸਤਕ ਹੋਣ ਜਾਂਦੇ ਹਨ। ਇਸ ਦਿਨ ਲੋਕ ਬਿਨਾਂ ਕੋਈ ਧਰਮ ਜਾਂ ਜਾਤੀ ਵੇਖਿਆਂ ਇੱਕ ਦੂਜੇ ਨੂੰ ਦੀਵਾਲੀ ਦੀਆਂ ਮੁਬਾਰਕਾਂ ਦਿੰਦੇ ਹਨ ਅਤੇ ਤੋਹਫ਼ਿਆਂ ਦਾ ਲੈਣ ਦੇਣ ਕਰਦੇ ਹਨ। ਵੱਡੀ ਗਿਣਤੀ ਲੋਕਾਂ ਦੇ ਚਿਹਰੇ ਇਸ ਸਮੇਂ ਤਿਉਹਾਰ ਦੀਆਂ ਖੁਸ਼ੀਆਂ ਕਾਰਨ ਮੁਸਕਰਾਉਂਦੇ ਦਿਖਾਈ ਦੇ ਰਹੇ ਹਨ, ਜਿਵੇਂ ਉਹ ਕੁਝ ਸਮੇਂ ਲਈ ਮਹਿੰਗਾਈ, ਬੇਰੁਜ਼ਗਾਰੀ, ਨਸ਼ੇ ਅਤੇ ਹੋਰ ਸਮੱਸਿਆਵਾਂ ਨੂੰ ਭੁੱਲ ਗਏ ਹੋਣ।

ਪੰਜਾਬ ਦੇ ਗੁਰਦਾਸਪੁਰ, ਤਰਨ ਤਾਰਨ ਸਮੇਤ ਹੋਰ ਅਨੇਕਾਂ ਜ਼ਿਲ੍ਹੇ ਪਿਛਲੇ ਦਿਨਾਂ ਦੌਰਾਨ ਹੜ੍ਹਾਂ ਦਾ ਸ਼ਿਕਾਰ ਰਹੇ ਹਨ, ਜਿਸ ਕਾਰਨ ਇਹਨਾਂ ਇਲਾਕਿਆਂ ਦੇ ਲੋਕਾਂ ਦੀ ਜੀਵਨ ਅਸਤ ਵਿਅਸਤ ਹੋ ਗਿਆ ਹੈ।

(ਬਾਕੀ ਸਫ਼ਾ 26 'ਤੇ)


## ਮਹਿੰਗਾਈ ਦਾ ਅਸਰ

ਦੀਵਾਲੀ ਦੇ ਤਿਉਹਾਰ ਮੌਕੇ ਮਹਿੰਗਾਈ ਦਾ ਅਸਰ ਵੀ ਵੇਖਿਆ ਜਾ ਰਿਹਾ ਹੈ। ਇਸ ਸਾਲ ਮਹਿੰਗਾਈ ਵਿੱਚ ਪਿਛਲੇ ਸਾਲਾਂ ਨਾਲੋਂ ਬਹੁਤ ਵਾਧਾ ਹੋ ਗਿਆ ਹੈ, ਜਿਸ ਕਾਰਨ ਦੀਵਾਲੀ ਮੌਕੇ ਵਿਕ ਰਿਹਾ ਸਮਾਨ ਕਾਫ਼ੀ ਮਹਿੰਗਾ ਹੈ। ਅਮੀਰ ਲੋਕਾਂ ਨੂੰ ਤਾਂ ਇਸ ਮਹਿੰਗਾਈ ਦਾ ਕੋਈ ਫ਼ਰਕ ਨਹੀਂ ਪੈਂਦਾ ਪਰ ਆਮ ਲੋਕਾਂ ਲਈ ਮਹਿੰਗਾ ਸਮਾਨ ਖਰੀਦਣਾ ਮੁਸ਼ਕਿਲ ਹੋ ਜਾਂਦਾ ਹੈ ਕਿਉਂਕਿ ਰੋਜ਼ਾਨਾ ਦੀਆਂ ਜ਼ਰੂਰੀ ਵਸਤੂਆਂ ਦੀਆਂ ਕੀਮਤਾ ਆਸਮਾਨ 'ਤੇ ਪੁੱਜ ਗਈਆਂ ਹਨ। ਇਸ ਦੇ ਬਾਵਜੂਦ ਵੱਡੀ ਗਿਣਤੀ ਲੋਕ ਦੀਵਾਲੀ ਨਾਲ ਸਬੰਧਿਤ ਸਮਾਨ ਖਰੀਦਦੇ ਹਨ।

## ਦੀਵਾਲੀ ਅਤੇ ਭਾਈ ਗੁਰਦਾਸ ਜੀ

ਦੀਵਾਲੀ ਵਾਲੇ ਦਿਨ ਹਰ ਗੁਰਦੁਆਰੇ ਵਿੱਚ ਖ਼ਾਸ ਤੌਰ 'ਤੇ ਦਰਬਾਰ ਸਾਹਿਬ ਵਿਖੇ ਭਾਈ ਗੁਰਦਾਸ ਜੀ ਦੀ ਵਾਰ ਬੜੇ ਹੀ ਚਾਅ ਨਾਲ ਗਾਉਂਦੇ ਹਨ: ਦੀਵਾਲੀ ਕੀ ਰਾਤਿ, ਦੀਵੇ ਬਾਲੀਅਨਿ" । ਭਾਈ ਗੁਰਦਾਸ ਜੀ ਦੀ ਵਾਰ 19/6 ਦੀ ਇਹ ਪਹਿਲੀ ਪੰਕਤੀ ਹੈ ਅਤੇ ਪਉੜੀ ਇਸ ਤਰ੍ਹਾਂ ਹੈ: ਦੀਵਾਲੀ ਕੀ ਰਾਤਿ, ਦੀਵੇ ਬਾਲੀਅਨਿ ॥ ਤਾਰੇ ਜਾਤਿ ਸਨਾਤਿ, ਅੰਬਰ ਭਾਲੀਅਨਿ ॥ ਫੁਲਾਂ ਦੀ ਬਾਗਾਤਿ, ਚੁਣਿ ਚੁਣਿ ਚਾਲਿਆਣਿ ॥ ਤੀਰਥ ਜਾਤੀ ਜਾਤਿ ਨੈਣਿ ਨਿਹਾਲੀਅਨਿ ॥ ਹਰਿ ਚੰਦਉਰੀ ਝਾਤਿ, ਵਸਾਇ ਉਚਾਲੀਅਨਿ ॥ ਗੁਰਮੁਖਿ ਸੁਖ ਫਲਦਾਤਿ, ਸਬਦਿ ਸਮਾਲੀਅਨਿ ॥" ਅਰਥ ਹਨ; ਜਿਵੇਂ ਦੀਵਾਲੀ ਦੀ ਰਾਤ ਨੂੰ ਲੋਕੀਂ ਦੀਵੇ ਬਾਲਦੇ ਹਨ ਪਰ ਇਹ ਰੌਸ਼ਨੀ ਕੁੱਝ ਦੇਰ ਲਈ ਹੀ ਹੁੰਦੀ ਹੈ। ਰਾਤ ਨੂੰ ਤਾਰੇ ਦਿਖਾਈ ਦੇਂਦੇ ਹਨ, ਕੇਵਲ ਦਿਨ ਚੜ੍ਹਨ ਤੀਕ। ਪੌਦਿਆਂ ਨਾਲ ਫੁੱਲ ਖਿੜਦੇ ਹਨ ਪਰ ਲੱਗੇ ਰਹਿਣ ਲਈ ਨਹੀਂ। ਤੀਰਥਾਂ 'ਤੇ ਜਾਣ ਵਾਲੇ ਯਾਤਰੀ ਦਿਖਾਈ ਤਾਂ ਦੇਂਦੇ ਹਨ ਪਰ ਉਥੇ ਰਹਿਣ ਨਹੀਂ ਜਾਂਦੇ। ਬੱਦਲਾਂ ਦੇ ਆਕਾਸ਼ੀ ਮਹੱਲ ਨਜ਼ਰ ਆਉਂਦੇ ਹਨ ਪਰ ਉਨ੍ਹਾਂ ਦੀ ਹੋਂਦ ਨਹੀਂ ਹੁੰਦੀ। ਅੰਤ ਫ਼ੈਸਲਾ ਦੇਂਦੇ ਹਨ- ਗੁਰਮੁਖ ਸੰਸਾਰ ਦੀ ਇਸ ਨਾਸ਼ਵਾਨਤਾ ਨੂੰ ਪਛਾਣ ਲੈਂਦੇ ਹਨ ਤੇ ਇਸ 'ਚ ਖੱਚਤ ਨਹੀਂ ਹੁੰਦੇ।

## ਖ਼ਾਲਸਾ ਰਾਜ ਸਮੇਂ ਦੀ ਦੀਵਾਲੀ



ਪ੍ਰਿੰਸੀਪਲ ਸੁਰਜੀਤ ਸਿੰਘ (ਦਿੱਲੀ ਵਾਲੇ) ਆਪਣੀ ਛੋਟੀ ਜਿਹੀ ਪੁਸਤਕ 'ਦੀਵਾਲੀ ਅਤੇ ਸਿੱਖ' ਵਿੱਚ ਦਸਦੇ ਹਨ ਕਿ ਖ਼ਾਲਸਾ ਰਾਜ ਸਮੇਂ ਸਿੱਖ ਭਾਰੀ ਗਿਣਤੀ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕੱਠੇ ਹੁੰਦੇ ਸਨ ਜਿਸ ਨੂੰ 'ਸਰਬੱਤ ਖ਼ਾਲਸਾ' ਕਿਹਾ ਜਾਂਦਾ ਸੀ। ਇਹ ਇਕੱਠ ਸਿੱਖ ਜਥੇਬੰਦੀਆਂ ਦੁਆਰਾ ਖ਼ਾਲਸੇ ਦੀ ਚੜ੍ਹਦੀ ਕਲਾ ਲਈ, ਸਿੱਖ ਸਿਆਸਤ ਦੀ ਚੜ੍ਹਦੀ ਕਲਾ ਲਈ ਤੇ ਸਿੱਖ ਰਾਜ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਕੀਤਾ ਜਾਂਦਾ ਸੀ ਪਰ ਅੱਜ ਅਸੀ ਸਰਬੱਤ ਖ਼ਾਲਸਾ ਦੇ ਉਦੇਸ਼ ਨੂੰ ਭੁਲ ਕੇ ਮੋਮਬੱਤੀਆਂ, ਪਟਾਕਿਆਂ, ਮਠਿਆਈਆਂ ਵਿੱਚ ਉਲਝ ਕੇ ਰਹਿ ਗਏ ਹਾਂ।

**ਛੇਵੇਂ ਸਤਿਗੁਰੂ ਅਤੇ ਦੀਵਾਲੀ**

ਲੇਖਕ ਹਰਪ੍ਰੀਤ ਸਿੰਘ ਅਨੁਸਾਰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਹਿਬ ਜੀ ਅਗਸਤ ਦੇ ਮਹੀਨੇ ਸੰਨ 1621 ਵਿੱਚ ਗਵਾਲੀਅਰ ਦੀ ਜੇਲ੍ਹ 'ਚੋਂ 52 ਪਹਾੜੀ ਹਿੰਦੂ ਰਾਜਿਆਂ ਨੂੰ ਅਪਣੇ ਨਾਲ ਰਿਹਾਅ ਕਰਵਾ ਕੇ ਲਿਆਏ, ਉਹਨੀਂ ਦਿਨੀਂ, ਸਿੱਖ ਧਰਮ ਦੇ ਸਾਲ 'ਚ ਦੋ ਵੱਡੇ ਇਕੱਠ- 'ਦੀਵਾਲੀ' ਅਤੇ 'ਵਿਸਾਖੀ' ਹੋਇਆ ਕਰਦੇ ਸਨ ਪਰ ਇਹ ਇਕੱਠ ਕਿਸੇ ਆਤਿਸ਼ਬਾਜ਼ੀ ਜਾਂ ਦੀਪਮਾਲਾ ਵਾਲੀ ਦੀਵਾਲੀ ਵਾਂਗ ਨਹੀਂ ਸਨ ਹੋਇਆ ਕਰਦੇ। ਗੁਰੂ ਸਾਹਿਬ ਜਿੱਥੇ ਵੀ ਜਾਂਦੇ ਸਨ, ਸੰਗਤਾਂ ਵੱਡੇ ਇਕੱਠ ਵਿੱਚ ਉਨ੍ਹਾਂ ਦੇ ਦਰਸ਼ਨ ਕਰਨ ਆਉਂਦੀਆਂ ਸਨ। ਉਹ ਗੁਰੂ ਜੀ ਪਾਸੋਂ ਕੁਝ ਸਿਖਿਆ ਲੈਣ ਲਈ ਇਕੱਠੇ ਹੁੰਦੇ ਸਨ ਨਾ ਕਿ ਦੀਵੇ ਬਾਲਦੇ ਸਨ।

# ‘ਟਰੇਡ ਵਾਰ’ ਦਾ ਵਿਸ਼ਵ ’ਤੇ ਪਵੇਗਾ ਮਾੜਾ ਪ੍ਰਭਾਵ

## ਭਾਰਤ ਲਈ ਖੜੀਆਂ ਹੋਣਗੀਆਂ ਨਵੀਂਆਂ ਚੁਣੌਤੀਆਂ

## ਟਰੰਪ ਦਾ ਦਾਅਵਾ ਕਿ ਭਾਰਤ ਰੂਸ ਨਾਲ ਤੇਲ ਵਪਾਰ ਛੱਡੇਗਾ, ਭਾਰਤ ਵੱਲੋਂ ਟਰੰਪ ਦਾ ਬਿਆਨ ਰੱਦ

## ਅਮਰੀਕੀ ਟੈਰਿਫ਼ਾਂ ਦੇ ਦਬਾਅ ਕਾਰਨ ਭਾਰਤ-ਚੀਨ ਦੇ ਵਪਾਰਕ ਸਬੰਧ ਹੋਰ ਨਿੱਘੇ ਬਣੇ

ਵਾਸ਼ਿੰਗਟਨ ਤੋਂ ਨਵੀਂ ਦਿੱਲੀ ਤੱਕ, ਅੰਤਰਰਾਸ਼ਟਰੀ ਸਬੰਧਾਂ ਵਿਚ ਇੱਕ ਨਵਾਂ ਵਿਵਾਦ ਛਿੜ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 15 ਅਕਤੂਬਰ 2025 ਨੂੰ ਵ੍ਹਾਈਟ ਹਾਊਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਾਅਵਾ ਕੀਤਾ ਸੀ ਕਿ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਹਨਾਂ ਨੂੰ ਭਰੋਸਾ ਦਿੱਤਾ ਹੈ ਕਿ ਭਾਰਤ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦੇਵੇਗਾ। ਟਰੰਪ ਨੇ ਇਸ ਨੂੰ ‘ਇੱਕ ਵੱਡਾ ਕਦਮ’ ਕਿਹਾ ਸੀ ਕਿ ਇਹ ਰੂਸ ਨੂੰ ਯੂਕ੍ਰੇਨ ਯੁੱਧ ਵਿੱਚ ਆਰਥਿਕ ਮੋਰਚੇ ’ਤੇ ਕਮਜ਼ੋਰ ਕਰ ਸਕਦਾ ਹੈ।’ ਪਰ ਟਰੰਪ ਦਾ ਇਹ ਦਾਅਵਾ ਝੂਠਾ ਸਾਬਤ ਹੋ ਗਿਆ ਹੈ।

ਭਾਰਤੀ ਵਿਦੇਸ਼ ਮੰਤਰਾਲੇ ਨੇ ਅਗਲੇ ਹੀ ਦਿਨ ਬਿਆਨ ਜਾਰੀ ਕਰਕੇ ਕਿਹਾ ਕਿ ਅਜਿਹੀ ਕੋਈ ਗੱਲਬਾਤ ਨਹੀਂ ਹੋਈ ਅਤੇ ਭਾਰਤ ਆਪਣੇ ਰਾਸ਼ਟਰੀ ਹਿੱਤਾਂ ਅਨੁਸਾਰ ਫੈਸਲੇ ਲੈਂਦਾ ਰਹੇਗਾ। ਰੂਸ ਤੋਂ ਤੇਲ ਖਰੀਦਣ ਨੂੰ ਭਾਰਤ ਨੇ ਆਪਣੇ ਮੁਲਕ ਦੇ ਫਾਇਦੇ ਨਾਲ ਜੋੜਿਆ ਅਤੇ ਕਿਹਾ ਕਿ ਇਹ ਦੁਨੀਆ ਦੇ ਨਿਯਮਾਂ ਮੁਤਾਬਕ ਹੈ। ਨਾਲ ਹੀ, ਭਾਰਤ ਨੇ ਅਮਰੀਕਾ ਨੂੰ ਕਿਹਾ ਕਿ ਜੇਕਰ ਰੂਸੀ ਤੇਲ ਬੰਦ ਕਰਨਾ ਹੈ, ਤਾਂ ਇਰਾਨ ਅਤੇ ਵੈਨੇਜ਼ੁਏਲਾ ਵਰਗੇ ਦੇਸ਼ਾਂ ਤੋਂ ਤੇਲ ਖਰੀਦਣ ਦੀ ਇਜਾਜ਼ਤ ਦਿਓ, ਜਿੱਥੇ ਅਮਰੀਕਾ ਨੇ ਪਾਬੰਦੀਆਂ ਲਾਈਆਂ ਹਨ।

ਰੂਸੀ ਰਾਜਦੂਤ ਡੈਨਿਸ ਅਲੀਪੋਵ ਨੇ ਕਿਹਾ ਸੀ ਕਿ ਭਾਰਤ ਨੂੰ ਜਿੰਨਾ ਤੇਲ ਚਾਹੀਦਾ ਹੈ, ਅਸੀਂ ਓਨਾ ਦੇਵਾਂਗੇ। ਭਾਰਤ ਨੇ ਵੀ ਰੂਸੀ ਤੇਲ ਦਾ ਭੁਗਤਾਨ ਚੀਨੀ ਯੁਆਨ ਵਿੱਚ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ, ਜੋ ਅਮਰੀਕੀ ਡਾਲਰ ਨੂੰ ਛੱਡ ਕੇ ਕੀਤਾ ਜਾਵੇਗਾ। ਇਸ ਨਾਲ ਅਮਰੀਕਾ ਨੂੰ ਆਰਥਿਕ ਝਟਕਾ ਲਗੇਗਾ। ਭਾਰਤ ਦਾ ਇਹ ਕਦਮ ਨਾ ਸਿਰਫ਼ ਅਮਰੀਕੀ ਦਬਾਅ ਮੰਨਣ ਤੋਂ ਇਨਕਾਰੀ ਹੈ, ਸਗੋਂ ਭਾਰਤ ਨੂੰ ਰੂਸ ਅਤੇ ਚੀਨ ਨਾਲ ਨੇੜੇ ਲਿਆਉਂਦਾ ਹੈ।



ਰੂਸੀ ਤੇਲ ਨੇ ਭਾਰਤੀ ਅਰਥਵਿਵਸਥਾ ਨੂੰ 10 ਅਰਬ ਡਾਲਰ ਦੀ ਬਚਤ ਕਰਵਾਈ ਹੈ। ਜੇਕਰ ਇਹ ਬੰਦ ਹੋਇਆ, ਤਾਂ ਤੇਲ ਦੀਆਂ ਕੀਮਤਾਂ ਵਧਣਗੀਆਂ ਅਤੇ ਭਾਰਤੀ ਅਰਥਵਿਵਸਥਾ ਨੂੰ ਨੁਕਸਾਨ ਹੋਵੇਗਾ। ਇਸ ਲਈ, ਭਾਰਤ ਨੇ ਸਾਫ਼ ਕਿਹਾ ਹੈ ਕਿ ਉਹ ਅਮਰੀਕੀ ਟੈਰਿਫ਼ਾਂ ਦੇ ਡਰੋਂ ਅਮਰੀਕਾ ਅਗੇ ਨਹੀਂ ਝੁਕੇਗਾ ਅਤੇ ਰੂਸ ਤੋਂ ਤੇਲ ਖਰੀਦਣਾ ਜਾਰੀ ਰੱਖੇਗਾ।

ਅਮਰੀਕੀ ਅਖ਼ਬਾਰਾਂ ਅਤੇ ਅੰਤਰਰਾਸ਼ਟਰੀ ਮੀਡੀਆ ਨੇ ਟਰੰਪ ਦੇ ਬਿਆਨ ਨੂੰ ਚੁਣੌਤੀ ਦਿੱਤੀ ਸੀ ਕਿ ਟਰੰਪ ਦੇ ਬਿਆਨ ਵਿੱਚ ਕੋਈ ਸੱਚਾਈ ਨਹੀਂ । ‘ਦ ਵਾਸ਼ਿੰਗਟਨ ਪੋਸਟ’ ਨੇ ਰਿਪੋਰਟ ਕੀਤਾ ਕਿ ਭਾਰਤ ਨੇ ਕਿਹਾ ਹੈ ਕਿ ਉਹ ‘ਟਰੰਪ ਅਤੇ ਮੋਦੀ ਵਿਚਕਾਰ ਕੋਈ ਗੱਲਬਾਤ ਨਹੀਂ ਹੋਈ।’ ‘ਦ ਨਿਊਯਾਰਕ ਟਾਈਮਜ਼’ ਨੇ ਲਿਖਿਆ ਕਿ ਭਾਰਤ ਨੇ ਟਰੰਪ ਦੇ ਦਾਅਵੇ ਨੂੰ ਰੱਦ ਕੀਤਾ ਹੈ ਅਤੇ ਕਿਹਾ ਹੈ ਕਿ ਉਹ ਆਪਣੇ ਊਰਜਾ ਨੀਤੀ ਨੂੰ ਬਦਲਣ ਵਾਲੇ ਨਹੀਂ ਹਨ। ਰਾਇਟਰਜ਼ ਅਤੇ ਬੀਬੀਸੀ ਨੇ ਵੀ ਟਰੰਪ ਦੇ ਬਿਆਨ ਨੂੰ ‘ਝੂਠ’ ਕਿਹਾ ਹੈ, ਕਿਉਂਕਿ ਭਾਰਤ ਰੂਸ ਤੋਂ ਤੇਲ ਖਰੀਦਣ ਨੂੰ ਆਪਣੀ ਊਰਜਾ ਸੁਰੱਖਿਆ ਦਾ ਹਿੱਸਾ ਮੰਨਦਾ ਹੈ। ਟਰੰਪ ਦਾ ਇਹ ਬਿਆਨ ਅਮਰੀਕੀ ਚੋਣਾਂ ਅਤੇ ਯੂਕਰੇਨ ਯੁੱਧ ਨੂੰ ਲੈ ਕੇ ਘਰੇਲੂ ਰਾਜਨੀਤੀ ਨਾਲ ਜੁੜਿਆ ਹੋਇਆ ਜਾਪਦਾ ਹੈ, ਜਿੱਥੇ ਉਹ ਆਪਣੇ ਵੋਟਰਾਂ ਨੂੰ ਪ੍ਰਭਾਵਿਤ ਕਰਨਾ ਚਾਹੁੰਦੇ ਹਨ। ਪਰ ਅਜਿਹੇ ਝੂਠੇ ਦਾਅਵੇ ਨਾ ਸਿਰਫ਼ ਭਾਰਤ ਨੂੰ ਨਾਰਾਜ਼ ਕਰ ਰਹੇ ਹਨ, ਸਗੋਂ ਟਰੰਪ ਦੀ ਵਿਸ਼ਵਾਸ ਯੋਗਤਾ ਨੂੰ ਘਟਾਅ ਸਕਦੇ ਹਨ।

### ਅਮਰੀਕੀ ਟੈਰਿਫ਼ਾਂ ਕਾਰਨ ਭਾਰਤ-ਚੀਨ ਸਬੰਧਾਂ ਵਿੱਚ ਸੁਧਾਰ

ਆਪਣੇ ਵਪਾਰ ਤੇ ਆਰਥਿਕਤਾ ਨੂੰ ਬਚਾਉਣ ਲਈ, ਭਾਰਤ ਨੇ ਅਮਰੀਕਾ ਵੱਲੋਂ ਲੱਗੇ ਭਾਰੀ ਟੈਕਸਾਂ ਕਾਰਨ ਚੀਨ ਵੱਲ ਰੁਖ ਕੀਤਾ ਹੈ। ਚੀਨ ਵੀ ਅਮਰੀਕਾ ਨੂੰ ਆਪਣਾ ਵੱਡਾ ਵਿਰੋਧੀ ਮੰਨਦਾ ਹੈ, ਇਸ ਲਈ ਇਹ ਦੋਹਾਂ ਦੇਸ਼ਾਂ ਵਿੱਚ ਨਵੀਂ ਨੇੜਤਾ ਆ ਗਈ ਹੈ। ਅਲ ਜਜ਼ੀਰਾ ਅਤੇ ਰਾਇਟਰਜ਼ ਵਰਗੀਆਂ ਅਖ਼ਬਾਰਾਂ ਨੇ ਰਿਪੋਰਟ ਕੀਤੀ ਹੈ ਕਿ ਟਰੰਪ ਦੇ ਇਹ ਟੈਰਿਫ਼ ਭਾਰਤ-ਚੀਨ ਸਬੰਧਾਂ ਨੂੰ ਤੇਜ਼ੀ ਨਾਲ ਬਿਹਤਰ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾ ਰਹੇ ਹਨ।

ਅਗਸਤ 2025 ਵਿੱਚ ਅਮਰੀਕਾ ਨੇ ਭਾਰਤੀ ਚੀਜ਼ਾਂ ਤੇ 50% ਟੈਰਿਫ਼ ਲਗਾ ਦਿੱਤੇ। ਇਹਨਾਂ ਵਿੱਚੋਂ ਅੱਧੇ (ਯਾਨੀ 25%) ਰੂਸੀ ਤੇਲ ਖਰੀਦਣ ਕਾਰਨ ਸਜ਼ਾ ਵਜੋਂ ਸਨ। ਇਹ ਟੈਰਿਫ਼ ਭਾਰਤੀ ਨਿਰਯਾਤ ਨੂੰ ਭਾਰੀ ਨੁਕਸਾਨ ਪਹੁੰਚਾਉਣ ਵਾਲੇ ਹਨ। 2025 ਵਿੱਚ ਭਾਰਤ ਅਮਰੀਕਾ ਨੂੰ 100 ਅਰਬ ਡਾਲਰ ਤੋਂ ਵੱਧ ਦੀਆਂ ਚੀਜ਼ਾਂ ਵੇਚਦਾ ਸੀ, ਜਿਵੇਂ ਕਿ ਡਾਇਮੰਡ, ਫਾਰਮੇਸ਼ੀ ਅਤੇ ਟੈਕਸਟਾਈਲ। ਇਸ ਟੈਕਸ ਨਾਲ ਭਾਰਤੀ ਵਪਾਰੀਆਂ ਦੇ ਮੁਨਾਫੇ ਘੱਟ ਹੋਣਗੇ ਅਤੇ ਨੌਕਰੀਆਂ ਵੀ ਜੋਖਮ ਵਿੱਚ ਪੈਣਗੀਆਂ। ਗਾਰਡੀਅਨ ਅਤੇ ਨਿਊਯਾਰਕ ਟਾਈਮਜ਼ ਨੇ ਲਿਖਿਆ ਹੈ ਕਿ ਇਹ ਟੈਰਿਫ਼ ਭਾਰਤ ਨੂੰ ਅਮਰੀਕੀ ਬਜ਼ਾਰ ਤੋਂ ਦੂਰ ਧੱਕ ਰਹੇ ਹਨ, ਜਿਸ ਨਾਲ ਭਾਰਤ ਨੂੰ ਨਵੇਂ ਵਪਾਰਕ ਰਾਹ ਲੱਭਣੇ ਪੈ ਰਹੇ ਹਨ।

ਇਸ ਨੁਕਸਾਨ ਨੂੰ ਦੇਖਦੇ ਹੋਏ, ਭਾਰਤ ਨੇ ਚੀਨ ਨਾਲ ਆਰਥਿਕ ਗੱਠਜੋੜ ਕਰਨਾ ਸ਼ੁਰੂ ਕੀਤਾ ਹੈ। ਅਗਸਤ 2025 ਵਿੱਚ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਨਵੀਂ ਦਿੱਲੀ ਦਾ ਦੌਰਾ ਕੀਤਾ ਸੀ ਅਤੇ ਕਿਹਾ ਸੀ ਕਿ ‘ਭਾਰਤ ਅਤੇ ਚੀਨ ਭਾਈ ਹਨ, ਨਾ ਕਿ ਦੁਸ਼ਮਣ’। ਇਸ ਨਾਲ ਹਿਮਾਲੀਆ ਸੀਮਾ ਤੇ ਵਪਾਰ ਖੋਲ੍ਹਣ ਅਤੇ ਸਿੱਧੀਆਂ ਉਡਾਣਾਂ ਮੁੜ ਸ਼ੁਰੂ ਕਰਨ ਦੇ ਸਮਝੌਤੇ ਹੋਏ ਹਨ। ਚੀਨ ਨੇ ਭਾਰਤੀ ਯਾਤਰੀਆਂ ਨੂੰ ਤਿਬਤ ਵਿੱਚ ਧਾਰਮਿਕ ਸਥਾਨਾਂ ਤੇ ਜਾਣ ਦੀ ਇਜਾਜ਼ਤ ਦਿੱਤੀ, ਅਤੇ ਭਾਰਤ ਨੇ ਚੀਨੀ ਟੂਰਿਸਟਾਂ ਲਈ ਵੀਜ਼ੇ ਆਸਾਨ ਕਰ ਦਿੱਤੇ ਹਨ। ਰਾਇਟਰਜ਼ ਅਤੇ ਅਲ ਜਜ਼ੀਰਾ ਨੇ ਰਿਪੋਰਟ ਕੀਤੀ ਹੈ ਕਿ ਭਾਰਤ-ਚੀਨ ਸਬੰਧਾਂ ਵਿੱਚ ਸੁਧਾਰ ਅਮਰੀਕੀ ਟੈਰਿਫ਼ਾਂ ਕਾਰਨ ਹੀ ਹੋਇਆ ਹੈ। 2025 ਵਿੱਚ ਭਾਰਤ-ਚੀਨ ਵਪਾਰ 100 ਅਰਬ ਡਾਲਰ ਤੋਂ ਵੱਧ ਹੋ ਚੁਕਾ ਹੈ। ਭਾਰਤ ਚੀਨ ਤੋਂ ਇਲੈਕਟ੍ਰਾਨਿਕਸ ਅਤੇ ਮਸ਼ੀਨਾਂ ਖਰੀਦਦਾ ਹੈ, ਅਤੇ ਚੀਨ ਭਾਰਤੀ ਫਾਰਮੇਸ਼ੀ ਅਤੇ ਖੇਤੀਬਾੜੀ ਉਤਪਾਦ ਲੈਂਦਾ ਹੈ। ਵਾਸ਼ਿੰਗਟਨ ਪੋਸਟ ਨੇ ਲਿਖਿਆ ਹੈ ਕਿ ਇਹ ਟੈਰਿਫ਼ ਭਾਰਤ ਨੂੰ ਚੀਨ ਨਾਲ ਨੇੜੇ ਲਿਆ ਰਹੇ ਹਨ ਅਤੇ ਅਮਰੀਕੀ ਰਣਨੀਤੀ ਨੂੰ ਨੁਕਸਾਨ ਪਹੁੰਚਾਉਣਗੇ। ਅਮਰੀਕਾ ਵਿੱਚ 19 ਕਾਂਗਰਸ ਮੈਂਬਰਾਂ ਨੇ ਟਰੰਪ ਨੂੰ ਭਾਰਤ ਤੇ ਟੈਰਿਫ਼ ਹਟਾਉਣ ਲਈ ਕਿਹਾ ਸੀ, ਪਰ ਟਰੰਪ ਨੇ ਇਨਕਾਰ ਕਰ ਦਿੱਤਾ ਸੀ ।

ਇਸ ਦੇ ਨਾਲ ਹੀ, ਜੁਲਾਈ 2025 ਵਿੱਚ ਭਾਰਤੀ ਤੇਲ ਰਿਫਾਈਨਰੀਆਂ ਨੇ ਰੂਸੀ ਤੇਲ ਲਈ ਚੀਨੀ ਯੁਆਨ ਵਿੱਚ ਭੁਗਤਾਨ ਸ਼ੁਰੂ ਕਰ ਦਿੱਤਾ ਹੈ। ਪਹਿਲਾਂ ਇਹ ਅਮਰੀਕੀ ਡਾਲਰ ਵਿੱਚ ਹੁੰਦਾ ਸੀ, ਪਰ ਹੁਣ ਯੁਆਨ ਵਰਤੋਂ ਨਾਲ ਚੀਨੀ ਮੁਦਰਾ ਮਜ਼ਬੂਤ ਹੋ ਰਹੀ ਹੈ ਅਤੇ ਡਾਲਰ ਦੀ ਤਾਕਤ ਘਟ ਰਹੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਵਪਾਰ ਅਤੇ ਰਾਜਨੀਤੀ ਵਿੱਚ ਇਹ ਬਦਲਾਅ ਅਮਰੀਕਾ ਲਈ ਚੁਣੌਤੀ ਬਣ ਰਿਹਾ ਹੈ। ਭਾਰਤ ਅਤੇ ਚੀਨ ਹੁਣ ਯੂਰੇਸ਼ੀਆ ਵਿੱਚ ਆਪਣਾ ਪ੍ਰਭਾਵ ਵਧਾਉਣ ਲਈ ਮਿਲ ਕੇ ਕੰਮ ਕਰ ਰਹੇ ਹਨ।

### ਯੂਰਪ ਅਤੇ ਯੂ.ਕੇ. ਦੀਆਂ ਪਾਬੰਦੀਆਂ: ਰੂਸੀ ਤੇਲ ਲਈ ਭਾਰਤ ਨੂੰ ਭਾਰੀ ਚੁਣੌਤੀ

ਯੂਰਪ ਨੇ ਬਾਲਟਿਕ ਸਮੁੰਦਰ ਵਿੱਚ ਰੂਸੀ ਤੇਲ ਵਾਲੇ ਜਹਾਜ਼ਾਂ ਨੂੰ ਰੋਕਣ ਲਈ ਨਵੇਂ ਕਾਨੂੰਨ ਬਣਾਏ ਹਨ। ਯੂਕੇ ਨੇ ਅਕਤੂਬਰ 2025 ਵਿੱਚ ਰੂਸੀ ਕੰਪਨੀਆਂ ਲੁਕੋਇਲ ਅਤੇ ਰੋਸਨੈਫਟ ਨੂੰ ਨਿਸ਼ਾਨਾ ਬਣਾਇਆ ਸੀ ਅਤੇ 44 ਗੁਪਤ ਟੈਂਕਰਾਂ ਨੂੰ ਬਲਾਕ ਕੀਤਾ ਸੀ। ਇਹ ਭਾਰਤ ਲਈ ਵੱਡੀ ਚੁਣੌਤੀ ਹੈ, ਕਿਉਂਕਿ ਇਹਨਾਂ ਜਹਾਜ਼ਾਂ ਰਾਹੀਂ ਰੂਸੀ ਤੇਲ ਭਾਰਤ ਪਹੁੰਚਦਾ ਹੈ ਅਤੇ ਫਿਰ ਭਾਰਤ ਤੋਂ ਰਿਫਾਈਨ ਕੀਤਾ ਤੇਲ ਯੂਰਪ ਜਾਂਦਾ ਹੈ। ਈ.ਯੂ. ਨੇ ਵੀ ਭਾਰਤੀ ਰਿਫਾਈਨਰੀ ਨਾਇਰਾ ਐਨਰਜੀ ਨੂੰ ਨਿਸ਼ਾਨਾ ਬਣਾਇਆ ਹੈ, ਜੋ ਰੋਸਨੈਫਟ ਦੀ ਵੱਡੀ ਹਿੱਸੇਦਾਰ ਹੈ। ਇਸ ਨਾਲ ਭਾਰਤ ਦੀ ਤੇਲ ਆਯਾਤ ਚੇਨ ਵਿੱਚ ਰੁਕਾਵਟ ਆ ਸਕਦੀ ਹੈ ਅਤੇ ਰੁਪਏ ਦੀ ਕੀਮਤ ਘੱਟ ਸਕਦੀ ਹੈ (**ਬਾਕੀ ਸਫ਼ਾ 26 ’ਤੇ**)

# ਅਮਰੀਕੀ ਪਾਸਪੋਰਟ ਦੀ ਸ਼ਕਤੀ ਵਿੱਚ ਵੱਡੀ ਗਿਰਾਵਟ

## ਵਿਸ਼ਵ ’ਚ ਪਹਿਲੇ ਨੰਬਰ ’ਤੇ ਆਉਂਦਾ ਹੈ ਸਿੰਗਾਪੁਰ ਦਾ ਪਾਸਪੋਰਟ

## ਸਿਖਰਲੇ 10 ਪਾਸਪੋਰਟਾਂ ਵਿਚੋਂ ਅਮਰੀਕਾ ਬਾਹਰ




ਅਮਰੀਕੀ ਪਾਸਪੋਰਟ, ਜੋ ਕਦੇ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਵਿਚੋਂ ਇੱਕ ਸੀ, ਹੁਣ ਪਹਿਲੀ ਵਾਰ ਹੇਨਲੇ ਪਾਸਪੋਰਟ ਇੰਡੈਕਸ ਦੀ ਸਿਖਰਲੀ 10 ਦੀ ਸੂਚੀ ਵਿਚੋਂ ਬਾਹਰ ਹੋ ਗਿਆ ਹੈ। ਇਹ 20 ਸਾਲ ਪਹਿਲਾਂ ਹੇਨਲੇ ਪਾਸਪੋਰਟ ਇੰਡੈਕਸ ਦੀ ਸਥਾਪਨਾ ਤੋਂ ਬਾਅਦ ਪਹਿਲੀ ਵਾਰ ਹੈ ਜਦੋਂ ਅਮਰੀਕੀ ਪਾਸਪੋਰਟ ਨੂੰ ਇਹ ਵੱਡਾ ਝਟਕਾ ਲੱਗਾ ਹੈ। ਹੁਣ ਇਹ 12ਵੇਂ ਸਥਾਨ ’ਤੇ ਹੈ ਅਤੇ ਮਲੇਸ਼ੀਆ ਨਾਲ ਬਰਾਬਰੀ ’ਤੇ ਖੜ੍ਹਾ ਹੈ। ਅਮਰੀਕੀ ਪਾਸਪੋਰਟ ਵਾਲੇ ਹੁਣ ਦੁਨੀਆ ਦੇ 227 ਦੇਸ਼ਾਂ ਵਿਚੋਂ ਸਿਰਫ਼ 180 ਦੇਸ਼ਾਂ ਵਿਚ ਬਿਨਾਂ ਵੀਜ਼ਾ ਜਾ ਸਕਦੇ ਹਨ। ਇਹ ਇੱਕ ਦਹਾਕੇ ਪਹਿਲਾਂ ਦੀ ਇਸ ਦੀ ਸਿਖਰਲੀ ਰੈਂਕਿੰਗ ਤੋਂ ਬਹੁਤ ਵੱਖਰਾ ਹੈ। ਇਸ ਖ਼ਬਰ ਨੇ ਅਮਰੀਕੀ ਨੀਤੀਆਂ ਅਤੇ ਭੂ-ਰਾਜਨੀਤਕ ਸਥਿਤੀਆਂ ’ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

ਹੇਨਲੇ ਪਾਸਪੋਰਟ ਇੰਡੈਕਸ, ਜੋ ਅੰਤਰਰਾਸ਼ਟਰੀ ਹਵਾਈ ਆਵਾਜਾਈ ਸੰਘ ਦੇ ਡਾਟੇ ਦੇ ਅਧਾਰ ’ਤੇ ਪਾਸਪੋਰਟਾਂ ਦੀ ਰੈਂਕਿੰਗ ਕਰਦਾ ਹੈ, ਨੇ ਦਿਖਾਇਆ ਕਿ ਅਮਰੀਕੀ ਪਾਸਪੋਰਟ ਦੀ ਰੈਂਕਿੰਗ ਵਿਚ ਗਿਰਾਵਟ ਦੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਹੈ ਭੂ-ਰਾਜਨੀਤਕ ਗਤੀਸ਼ੀਲਤਾ ਅਤੇ ਦੋ-ਪੱਖੀ ਵੀਜ਼ਾ ਨੀਤੀਆਂ ਦੀ ਘਾਟ। ਅਮਰੀਕਾ ਨੇ ਬ੍ਰਾਜ਼ੀਲ ਵਿੱਚ ਵੀਜ਼ਾ-ਮੁਕਤ ਪਹੁੰਚ ਗੁਆ ਦਿੱਤੀ ਹੈ ਕਿਉਂਕਿ ਉਹ ਬ੍ਰਾਜ਼ੀਲ ਦੇ ਨਾਗਰਿਕਾਂ ਨੂੰ ਇਹ ਸਹੂਲਤ ਨਹੀਂ ਦੇ ਸਕਿਆ। ਇਸੇ ਤਰ੍ਹਾਂ, ਚੀਨ ਦੀ ਵਧਦੀ ਵੀਜ਼ਾ-ਮੁਕਤ ਯਾਤਰਾ ਸੂਚੀ ਅਤੇ ਵੀਅਤਨਾਮ ਦੀਆਂ ਨਵੀਆਂ ਵੀਜ਼ਾ ਸਹੂਲਤਾਂ ਵਿਚ ਵੀ ਅਮਰੀਕਾ ਨੂੰ ਸ਼ਾਮਲ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ, ਪਾਪੂਆ ਨਿਊ ਗਿਨੀ, ਮਿਆਂਮਾਰ ਅਤੇ ਸੋਮਾਲੀਆ ਵਰਗੇ ਦੇਸ਼ਾਂ ਦੀਆਂ ਨਵੀਆਂ ਈ-ਵੀਜ਼ਾ ਪ੍ਰਣਾਲੀਆਂ ਨੇ ਵੀ ਅਮਰੀਕੀ ਪਾਸਪੋਰਟ ਦੇ ਸਕੋਰ ਨੂੰ ਹੋਰ ਘਟਾ ਦਿੱਤਾ। ਇਹ ਸਾਰੇ ਕਾਰਨ ਮਿਲ ਕੇ ਅਮਰੀਕੀ ਪਾਸਪੋਰਟ ਦੀ ਸ਼ਕਤੀ ਨੂੰ ਘਟਾਉਣ ਲਈ ਜ਼ਿੰਮੇਵਾਰ ਹਨ। ਜਦੋਂ ਦੁਨੀਆ ਦੇ ਹੋਰ ਦੇਸ਼ ਆਪਣੀਆਂ ਵੀਜ਼ਾ ਨੀਤੀਆਂ ਨੂੰ ਖੁੱਲ੍ਹਾ ਅਤੇ ਸੌਖਾ ਕਰ ਰਹੇ ਹਨ, ਅਮਰੀਕਾ ਦੀਆਂ ਸਖ਼ਤ ਨੀਤੀਆਂ ਨੇ ਇਸ ਦੀ ਸਾਖ ਨੂੰ ਨੁਕਸਾਨ ਪਹੁੰਚਾਇਆ ਹੈ।




ਅਮਰੀਕੀ ਪਾਸਪੋਰਟ ਦੀ ਗਿਰਾਵਟ ਦਾ ਇੱਕ ਹੋਰ ਪਹਿਲੂ ਹੈ ਅਮਰੀਕਾ ਦਾ ‘ਖੁੱਲ੍ਹਾਪਣ’। ਹੇਨਲੇ ਓਪਨਨੈੱਸ ਇੰਡੈਕਸ ਵਿੱਚ ਅਮਰੀਕਾ 77ਵੇਂ ਸਥਾਨ ’ਤੇ ਹੈ, ਜੋ ਇਸ ਦੀ ਯਾਤਰਾ ਸੁਤੰਤਰਤਾ ਨਾਲੋਂ ਕਿਤੇ ਪਿੱਛੇ ਹੈ। ਅਮਰੀਕੀ ਨਾਗਰਿਕ 180 ਦੇਸ਼ਾਂ ਵਿੱਚ ਵੀਜ਼ਾ-ਮੁਕਤ ਜਾ ਸਕਦੇ ਹਨ, ਪਰ ਅਮਰੀਕਾ ਸਿਰਫ਼ 46 ਦੇਸ਼ਾਂ ਦੇ ਨਾਗਰਿਕਾਂ ਨੂੰ ਬਿਨਾਂ ਵੀਜ਼ਾ ਦੇ ਅੰਦਰ ਆਉਣ ਦੀ ਇਜਾਜ਼ਤ ਦਿੰਦਾ ਹੈ। ਇਹ ਅਸਮਾਨਤਾ ਦਰਸਾਉਂਦੀ ਹੈ ਕਿ ਅਮਰੀਕਾ ਦੀਆਂ ਵੀਜ਼ਾ ਨੀਤੀਆਂ ਦੁਨੀਆ ਦੇ ਹੋਰ ਦੇਸ਼ਾਂ ਨਾਲੋਂ ਕਿਤੇ ਜ਼ਿਆਦਾ ਸਖ਼ਤ ਹਨ। ਜਦੋਂ ਅਸੀਂ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟਾਂ ਦੀ ਗੱਲ ਕਰਦੇ ਹਾਂ, ਤਾਂ ਸਿੰਗਾਪੁਰ ਸਭ ਤੋਂ ਅੱਗੇ ਹੈ, ਜਿਸ ਦੇ ਪਾਸਪੋਰਟ ਨਾਲ 193 ਦੇਸ਼ਾਂ ਵਿੱਚ ਵੀਜ਼ਾ-ਮੁਕਤ ਪਹੁੰਚ ਮਿਲਦੀ ਹੈ। ਇਸ ਤੋਂ ਬਾਅਦ ਦੱਖਣੀ ਕੋਰੀਆ (190) ਅਤੇ ਜਾਪਾਨ (189) ਦਾ ਨੰਬਰ ਆਉਂਦਾ ਹੈ। ਇਹ ਦੇਸ਼ ਆਪਣੀਆਂ ਖੁੱਲੀਆਂ ਵੀਜ਼ਾ ਨੀਤੀਆਂ ਅਤੇ ਅੰਤਰਰਾਸ਼ਟਰੀ ਸੰਬੰਧਾਂ ਦੇ ਕਾਰਨ ਸਿਖਰ ’ਤੇ ਹਨ। ਇਸ ਸਾਲ ਦੀ ਰੈਂਕਿੰਗ ਵਿੱਚ ਪਾਕਿਸਤਾਨ 103ਵੇਂ ਸਥਾਨ ’ਤੇ ਹੈ, ਜੋ ਯਮਨ ਨਾਲ ਸਾਂਝਾ ਸਥਾਨ ਹੈ। ਇਸ ਨਾਲ ਪਾਕਿਸਤਾਨ ਦਾ ਪਾਸਪੋਰਟ ਦੁਨੀਆ ਦਾ ਚੌਥਾ ਸਭ ਤੋਂ ਕਮਜ਼ੋਰ ਪਾਸਪੋਰਟ ਬਣ ਗਿਆ ਹੈ। ਇਸ ਸੂਚੀ ਮੁਤਾਬਕ, ਪਾਕਿਸਤਾਨੀ ਪਾਸਪੋਰਟ ਧਾਰਕਾਂ ਨੂੰ 227 ਦੇਸ਼ਾਂ ਵਿਚੋਂ ਸਿਰਫ 31 ਦੇਸ਼ਾਂ ਵਿੱਚ ਬਿਨਾਂ ਵੀਜ਼ਾ ਦੇ ਜਾਣ ਦੀ ਆਜ਼ਾਦੀ ਹੈ।

ਪਾਕਿਸਤਾਨ ਤੋਂ ਹੇਠਾਂ ਕੇਵਲ ਤਿੰਨ ਦੇਸ਼ ਹਨ —ਇਰਾਕ (104ਵਾਂ): 29 ਦੇਸ਼ਾਂ ਵਿੱਚ ਬਿਨਾਂ ਵੀਜ਼ਾ ਦੇ ਪ੍ਰਵੇਸ਼। ਸੀਰੀਆ (105ਵਾਂ) ਸਿਰਫ਼ 26 ਦੇਸ਼ਾਂ ਵਿੱਚ ਐਂਟਰੀ। ਅਫ਼ਗਾਨਿਸਤਾਨ (106ਵਾਂ): ਸਭ ਤੋਂ ਕਮਜ਼ੋਰ ਪਾਸਪੋਰਟ, ਸਿਰਫ਼ 24 ਦੇਸ਼ਾਂ ਵਿੱਚ ਐਂਟਰੀ। ਏਸ਼ੀਆਈ ਦੇਸ਼ਾਂ ਨੇ ਇਸ ਸੂਚੀ ਵਿੱਚ ਆਪਣਾ ਦਬਦਬਾ ਬਰਕਰਾਰ ਰੱਖਿਆ ਹੈ।

(**ਬਾਕੀ ਸਫ਼ਾ 26 ’ਤੇ**)

# ਹਰਚਰਨ ਸਿੰਘ ਭੁੱਲਰ

## ਨਸ਼ਾ ਵਿਰੋਧੀ ਨਾਇਕ ਤੋਂ ਭ੍ਰਿਸ਼ਟ ਅਫ਼ਸਰ ਤੱਕ

### ਪੰਜਾਬ ਸਰਕਾਰ ਪੁਲਿਸ ਅਫ਼ਸਰਾਂ ਦੀ ਜਾਇਦਾਦ ਦੀ ਜਾਂਚ ਹਾਈਕੋਰਟ ਦੇ ਜੱਜ ਤੋਂ ਕਿਉਂ ਨਹੀਂ ਕਰਵਾਉਂਦੀ?











ਪੰਜਾਬ ਪੁਲਿਸ ਵਿੱਚ ਭ੍ਰਿਸ਼ਟਾਚਾਰ ਦਾ ਇੱਕ ਨਵਾਂ ਬੰਬ ਫ਼ਟਿਆ ਹੈ। ਕੇਂਦਰੀ ਜਾਂਚ ਬਿਊਰੋ ਨੇ ਰੋਪੜ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ (ਡੀ.ਆਈ.ਜੀ.) ਹਰਚਰਨ ਸਿੰਘ ਭੁੱਲਰ ਨੂੰ ਰਿਸ਼ਵਤ ਲੈਣ ਵਿੱਚ ਰੰਗੇ ਹੱਥੀਂ ਫ਼ੜ੍ਹ ਲਿਆ ਹੈ। ਇਹ ਗ੍ਰਿਫ਼ਤਾਰੀ ਇੱਕ ਸਕ੍ਰੈਪ ਵਪਾਰੀ ਵੱਲੋਂ ਦਰਜ ਕਰਵਾਈ ਸ਼ਿਕਾਇਤ ਤੋਂ ਬਾਅਦ ਹੋਈ ਹੈ, ਜਿਸ ਵਿੱਚ ਭੁੱਲਰ ਉੱਤੇ 8 ਲੱਖ ਰੁਪਏ ਦੀ ਰਿਸ਼ਵਤ ਅਤੇ ਮਹੀਨੇ ਵਾਰ 'ਸੇਵਾ-ਪਾਣੀ' ਦੀ ਮੰਗ ਦੇ ਇਲਜ਼ਾਮ ਲਗਾਏ ਗਏ ਹਨ। ਗ੍ਰਿਫ਼ਤਾਰੀ ਤੋਂ ਬਾਅਦ ਸੀ.ਬੀ.ਆਈ. ਨੇ ਭੁੱਲਰ ਦੇ ਚੰਡੀਗੜ੍ਹ ਦੇ ਸੈਕਟਰ 40 ਵਿਖੇ ਰਿਹਾਇਸ਼ੀ ਘਰ ਵਿੱਚੋਂ ਤਿੰਨ ਬੈਗ ਅਤੇ ਇੱਕ ਅਟੈਚੀ ਵਿੱਚੋਂ 5 ਕਰੋੜ ਰੁਪਏ ਨਕਦ ਬਰਾਮਦ ਹੋਏ। ਇਸ ਤੋਂ ਇਲਾਵਾ ਡੇਢ ਕਿਲੋ ਸੋਨੇ ਦੇ ਗਹਿਣੇ, 22 ਮਹਿੰਗੀਆਂ ਘੜੀਆਂ ਜਿਵੇਂ ਰੋਲੈਕਸ ਅਤੇ ਓਮੇਗਾ, 40 ਬੋਤਲਾਂ ਇੰਪੋਰਟਿਡ ਸ਼ਰਾਬ ਅਤੇ ਦੋ ਲਗਜ਼ਰੀ ਗੱਡੀਆਂ (ਮਰਸੀਡੀਜ਼ ਅਤੇ ਆਡੀ) ਦੀਆਂ ਚਾਬੀਆਂ ਵੀ ਮਿਲੀਆਂ। ਇੱਕ ਡਬਲ-ਬੈਰਲ ਗੰਨ, ਪਿਸਟਲ, ਰਿਵੌਲਵਰ ਅਤੇ ਏਅਰ ਗੰਨ ਨਾਲ ਗੋਲੀਆਂ ਵੀ ਬਰਾਮਦ ਹੋਈਆਂ। ਪੰਜਾਬ ਵਿੱਚ 15 ਤੋਂ ਵੱਧ ਜਾਇਦਾਦਾਂ ਦੇ ਕਾਗਜ਼ ਵੀ ਫ਼ੜੇ ਗਏ ਹਨ, ਜਿਨ੍ਹਾਂ ਦੀ ਕੀਮਤ ਕਰੋੜਾਂ ਵਿੱਚ ਹੈ। ਭੁੱਲਰ ਦੇ ਸਮਰਾਲਾ ਵਿਖੇ ਫ਼ਾਰਮ ਹਾਊਸ ਵਿੱਚ ਵੀ ਛਾਪਾ ਮਾਰਿਆ ਗਿਆ, ਜਿੱਥੋਂ ਹੋਰ ਸਬੂਤ ਮਿਲਣ ਦੀ ਉਮੀਦ ਹੈ। ਇਹ ਵਾਕਿਆ ਪੰਜਾਬ ਵਿੱਚ ਭ੍ਰਿਸ਼ਟਾਚਾਰ ਦੀ ਡੂੰਘੀ ਜੜ੍ਹਾਂ ਨੂੰ ਉਜਾਗਰ ਕਰਦਾ ਹੈ, ਜਿੱਥੇ ਵੱਡੇ ਅਧਿਕਾਰੀ ਵੀ ਰਿਸ਼ਵਤ ਦੇ ਜਾਲ ਵਿੱਚ ਜਕੜੇ ਪਏ ਨੇ।

ਸੀ.ਬੀ.ਆਈ. ਨੇ 16 ਅਕਤੂਬਰ ਨੂੰ ਇਸ ਮਾਮਲੇ ਵਿੱਚ ਐੱਫ਼.ਆਈ.ਆਰ. ਦਰਜ ਕੀਤੀ ਸੀ। ਸ਼ਿਕਾਇਤਕਰਤਾ ਆਕਾਸ਼ ਬੱਤਾ, ਜੋ ਮੰਡੀ ਗੋਬਿੰਦਗੜ੍ਹ ਦਾ ਇੱਕ ਸਕ੍ਰੈਪ ਵਪਾਰੀ ਹੈ, ਨੇ ਦੱਸਿਆ ਕਿ 2023 ਵਿੱਚ ਥਾਣਾ ਸਰਹਿੰਦ ਵਿੱਚ ਉਸ ਵਿਰੁੱਧ ਇੱਕ ਐੱਫ਼.ਆਈ.ਆਰ. ਦਰਜ ਹੋਈ ਸੀ। ਭੁੱਲਰ ਨੇ ਇਸ ਕੇਸ ਨੂੰ ਨਿਪਟਾਉਣ ਲਈ ਆਪਣੇ ਵਿਚੋਲੇ ਕਿਰਸ਼ਾਨੂੰ ਰਾਹੀਂ 8 ਲੱਖ ਰੁਪਏ ਅਤੇ ਹਰ ਮਹੀਨੇ ਵਧੇਰੇ ਪੈਸੇ ਮੰਗੇ ਸਨ। ਆਕਾਸ਼ ਨੇ ਦੱਸਿਆ ਕਿ ਭੁੱਲਰ ਨੇ ਉਸ ਨੂੰ ਧਮਕੀ ਵੀ ਦਿੱਤੀ ਸੀ ਕਿ ਜੇ ਨਾ ਦਿੱਤਾ ਤਾਂ ਉਸ ਦੇ ਵਪਾਰ ਨੂੰ ਬਰਬਾਦ ਕਰ ਦੇਣਗੇ ਅਤੇ ਨਵੇਂ ਮਾਮਲੇ ਬਣਾ ਦੇਣਗੇ। ਸੀ.ਬੀ.ਆਈ. ਨੇ ਇਸ ਸ਼ਿਕਾਇਤ ਦੀ ਪੜਤਾਲ ਕੀਤੀ ਅਤੇ ਇੱਕ ਗੁਪਤ ਕਾਲ ਰਿਕਾਰਡ ਕੀਤੀ, ਜਿਸ ਵਿੱਚ ਭੁੱਲਰ ਨੂੰ ਕਹਿੰਦੇ ਸੁਣਿਆ ਗਿਆ, '8 ਫ਼ੜਨੇ ਨੇ 8,' ਯਾਨੀ 8 ਲੱਖ ਰੁਪਏ ਲੈ ਲਓ। ਇਸ ਤੋਂ ਬਾਅਦ ਸੀ.ਬੀ.ਆਈ. ਨੇ ਚੰਡੀਗੜ੍ਹ ਦੇ ਸੈਕਟਰ 21 ਵਿੱਚ ਇੱਕ ਜਾਲ ਵਿਛਾਇਆ ਅਤੇ ਵਿਚੋਲੇ ਨੂੰ ਰੰਗੇ ਹੱਥੀਂ ਫ਼ੜ੍ਹ ਲਿਆ। ਫ਼ਿਰ ਭੁੱਲਰ ਨੂੰ ਉਸ ਦੇ ਮੋਹਾਲੀ ਦਫ਼ਤਰ ਤੋਂ ਗ੍ਰਿਫ਼ਤਾਰ ਕੀਤਾ ਗਿਆ।

ਇਹ ਘਟਨਾ ਪੰਜਾਬ ਪੁਲਿਸ ਵਿੱਚ ਭ੍ਰਿਸ਼ਟਾਚਾਰ ਦੀ ਇੱਕ ਲੰਮੀ ਚੱਲ ਰਹੀ ਪਰੰਪਰਾ ਨੂੰ ਯਾਦ ਕਰਵਾਉਂਦੀ ਹੈ। ਪਿਛਲੇ ਕਈ ਸਾਲਾਂ ਵਿੱਚ ਵਿਜਲੈਂਸ ਬਿਊਰੋ ਨੇ ਪੰਜਾਬ ਪੁਲਿਸ ਵਿੱਚੋਂ ਹੀ ਸਭ ਤੋਂ ਵੱਧ ਅਧਿਕਾਰੀਆਂ ਨੂੰ ਰਿਸ਼ਵਤ ਵਿੱਚ ਫ਼ੜ੍ਹਿਆ ਹੈ। 2022 ਵਿੱਚ ਹੀ 30 ਪੁਲਿਸ ਅਧਿਕਾਰੀ ਰੰਗੇ ਹੱਥੀਂ ਫ਼ੜ੍ਹੇ ਗਏ ਸਨ, ਜਿਨ੍ਹਾਂ ਵਿੱਚ ਐਸ.ਐਚ.ਓ. ਤੋਂ ਲੈ ਕੇ ਡੀ.ਐੱਸ.ਪੀ. ਤੱਕ ਸ਼ਾਮਲ ਸਨ। ਲੁਧਿਆਣਾ ਵਿੱਚ ਪਿਛਲੇ ਦੋ ਸਾਲਾਂ ਵਿੱਚ 26 ਪੁਲਿਸ ਅਧਿਕਾਰੀ ਭ੍ਰਿਸ਼ਟਾਚਾਰ ਵਿੱਚ ਗ੍ਰਿਫ਼ਤਾਰ ਹੋਏ ਸਨ, ਜਿਨ੍ਹਾਂ ਵਿੱਚ ਇੱਕ ਔਰਤ ਏ.ਸੀ.ਪੀ. ਵੀ ਸੀ। ਇਹ ਅੰਕੜੇ ਦੱਸਦੇ ਹਨ ਕਿ ਪੁਲਿਸ ਵਿਭਾਗ ਵਿੱਚ ਰਿਸ਼ਵਤ ਇੱਕ ਰੋਜ਼ਾਨਾ ਦੀ ਚੀਜ਼ ਬਣ ਗਈ ਹੈ - ਐੱਫ਼.ਆਈ.ਆਰ. ਦਰਜ ਕਰਨ ਤੋਂ ਲੈ ਕੇ ਕੇਸ ਨਿਪਟਾਰਨ ਤੱਕ ਹਰ ਕੰਮ ਲਈ ਪੈਸੇ ਵਸੂਲੇ ਜਾਂਦੇ ਹਨ। ਭੁੱਲਰ ਵਰਗੇ ਵੱਡੇ ਅਧਿਕਾਰੀ ਦੀ ਗ੍ਰਿਫ਼ਤਾਰੀ ਨੇ ਇਸ ਸਿਸਟਮ ਨੂੰ ਹੋਰ ਬੇਨਕਾਬ ਕਰ ਦਿੱਤਾ ਹੈ।

ਪੰਜਾਬ ਵਿੱਚ ਭ੍ਰਿਸ਼ਟਾਚਾਰ ਦੀ ਇਹ ਚੱਲਣ ਵਾਲੀ ਕਹਾਣੀ ਨਵੀਂ ਨਹੀਂ ਹੈ। ਪਿਛਲੀਆਂ ਸਰਕਾਰਾਂ ਕਾਂਗਰਸ ਅਤੇ ਅਕਾਲੀਆਂ ਦੇ ਰਾਜ ਵਿੱਚ ਵੀ ਵੱਡੇ-ਵੱਡੇ ਘੋਟਾਲੇ ਸਾਹਮਣੇ ਆਏ ਸਨ। ਪਰ ਆਪ ਨੇ 2022 ਦੇ ਚੋਣਾਂ ਵਿੱਚ 'ਇਮਾਨਦਾਰੀ' ਦਾ ਨਾਅਰਾ ਲਾ ਕੇ ਲੋਕਾਂ ਨੂੰ ਭਰੋਸਾ ਦਿੱਤਾ ਸੀ ਕਿ ਭ੍ਰਿਸ਼ਟਾਚਾਰ ਖਤਮ ਹੋਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਵਿੱਚ ਕੋਈ ਭ੍ਰਿਸ਼ਟਾਚਾਰ ਨਹੀਂ ਹੋਵੇਗਾ। ਇੱਕ ਐਂਟੀ-ਕਰਪਸ਼ਨ ਹੈਲਪਲਾਈਨ ਵੀ ਚਲਾਈ ਗਈ, ਜਿਸ ਨੂੰ ਹਜ਼ਾਰਾਂ ਸ਼ਿਕਾਇਤਾਂ ਮਿਲੀਆਂ। ਪਰ ਅੱਜ ਤੱਕ ਇਹਨਾਂ ਵਿੱਚੋਂ ਬਹੁਤ ਘੱਟ ਨਤੀਜੇ ਨਿਕਲੇ ਹਨ। ਵਿਜਲੈਂਸ ਬਿਊਰੋ ਨੇ 2022 ਵਿੱਚ 129 ਰਿਸ਼ਵਤੀ ਮਾਮਲਿਆਂ ਵਿੱਚ 172 ਲੋਕਾਂ ਨੂੰ ਫ਼ੜ੍ਹਿਆ, ਪਰ ਇਹਨਾਂ ਵਿੱਚੋਂ ਵੱਡੇ ਅਧਿਕਾਰੀ ਘੱਟ ਸਨ। ਭੁੱਲਰ ਵਰਗੀ ਗ੍ਰਿਫ਼ਤਾਰੀ ਨੇ ਆਪ ਸਰਕਾਰ ਦੇ ਦਾਅਵਿਆਂ ਨੂੰ ਝੂਠਾ ਸਾਬਤ ਕਰ ਦਿੱਤਾ ਹੈ। ਵਿਰੋਧੀ ਧਿਰਾਂ ਨੇ ਇਸ ਨੂੰ 'ਆਪ ਦਾ ਭ੍ਰਿਸ਼ਟਾਚਾਰੀ ਚਿਹਰਾ' ਕਿਹਾ ਹੈ ਅਤੇ ਮੰਗ ਕੀਤੀ ਹੈ ਕਿ ਪੂਰੀ ਪੁਲਿਸ ਵਿਭਾਗ ਵਿੱਚ ਵੱਡੀ ਜਾਂਚ ਹੋਵੇ।

ਹਰਚਰਨ ਸਿੰਘ ਭੁੱਲਰ 2007 ਬੈਚ ਦੇ ਆਈ.ਪੀ.ਐੱਸ. ਅਧਿਕਾਰੀ, ਉਹ ਪੰਜਾਬ ਦੇ ਸਾਬਕਾ ਡੀ.ਜੀ.ਪੀ. ਮਹਿਲ ਸਿੰਘ ਭੁੱਲਰ ਦੇ ਪੁੱਤਰ ਹਨ। ਉਸ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਪੰਜਾਬ ਪੁਲਿਸ ਸਰਵਿਸ (ਪੀ.ਪੀ.ਐੱਸ.) ਵਜੋਂ ਕੀਤੀ ਅਤੇ ਬਾਅਦ ਵਿੱਚ ਆਈ.ਪੀ.ਐੱਸ. ਵਿੱਚ ਤਰੱਕੀ ਪਾ ਲਈ। ਉਸ ਨੇ ਜਗਰਾਉਂ,ਬਰਨਾਲਾ, ਸੰਗਰੂਰ, ਫ਼ਤਿਹਗੜ੍ਹ ਸਾਹਿਬ, ਖੰਨਾ, ਹੁਸ਼ਿਆਰਪੁਰ, ਗੁਰਦਾਸਪੁਰ ਅਤੇ ਐੱਸ.ਏ.ਐੱਸ. ਨਗਰ (ਮੋਹਾਲੀ) ਵਰਗੇ ਜ਼ਿਲ੍ਹਿਆਂ ਵਿੱਚ ਐੱਸ.ਐੱਸ.ਪੀ. ਵਜੋਂ ਕੰਮ ਕੀਤਾ। 2023 ਵਿੱਚ ਉਸ ਨੂੰ ਡੀ.ਆਈ.ਜੀ. ਬਣਾਇਆ ਗਿਆ ਅਤੇ ਪਹਿਲਾਂ ਪਟਿਆਲਾ ਰੇਂਜ ਫ਼ਿਰ ਰੋਪੜ ਰੇਂਜ ਵਿੱਚ ਭੇਜਿਆ ਗਿਆ। ਰੋਪੜ ਰੇਂਜ ਵਿੱਚ ਮੋਹਾਲੀ, ਰੋਪੜ ਅਤੇ ਫ਼ਤਿਹਗੜ੍ਹ ਸਾਹਿਬ ਜ਼ਿਲ੍ਹੇ ਆਉਂਦੇ ਹਨ। ਉਹ 27 ਨਵੰਬਰ 2024 ਨੂੰ ਰੋਪੜ ਰੇਂਜ ਵਿੱਚ ਜੁਆਇਨ ਹੋਇਆ ਸੀ। ਭੁੱਲਰ ਨੂੰ ਖਾਸ ਤੌਰ 'ਤੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਲਈ ਜਾਣਿਆ ਜਾਂਦਾ ਸੀ। ਉਸ ਨੇ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਦੀ ਅਗਵਾਈ ਕੀਤੀ, ਜਿਸ ਨੇ ਨਸ਼ਾ ਤਸਕਰੀ ਦੇ ਇਲਜ਼ਾਮਾਂ ਵਿੱਚ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਤੋਂ ਪੁੱਛਗਿੱਛ ਕੀਤੀ। ਉਹ ਪੰਜਾਬ ਗੱਤਕਾ ਐਸੋਸੀਏਸ਼ਨ ਅਤੇ ਗੱਤਕਾ ਫ਼ੈਡਰੇਸ਼ਨ ਆਫ਼ ਇੰਡੀਆ ਦੇ ਪ੍ਰਧਾਨ ਵੀ ਹਨ। ਉਸ ਦਾ ਭਰਾ ਕੁਲਦੀਪ ਸਿੰਘ ਭੁੱਲਰ ਕਾਂਗਰਸ ਦੇ ਸਾਬਕਾ ਵਿਧਾਇਕ ਹਨ। ਭੁੱਲਰ ਨੂੰ ਘੱਟ ਪ੍ਰੋਫ਼ਾਈਲ ਵਾਲਾ ਅਧਿਕਾਰੀ ਮੰਨਿਆ ਜਾਂਦਾ ਸੀ, ਪਰ ਇਸ ਘੋਟਾਲੇ ਨੇ ਉਸ ਦੇ ਚਿਹਰੇ ਨੂੰ ਬਦਲ ਦਿੱਤਾ ਹੈ। ਉਸ ਦੇ ਪਰਿਵਾਰਕ ਪਿਛੋਕੜ ਅਤੇ ਨਸ਼ਾ ਵਿਰੋਧੀ ਰੋਲ ਨੇ ਇਸ ਗ੍ਰਿਫ਼ਤਾਰੀ ਨੂੰ ਹੋਰ ਵਿਵਾਦੀ ਬਣਾ ਦਿੱਤਾ ਹੈ। ਲੋਕ ਪੁੱਛ ਰਹੇ ਹਨ ਕਿ ਜੋ ਅਧਿਕਾਰੀ ਨਸ਼ੇ ਵਿਰੁੱਧ ਲੜਦਾ ਹੈ, ਉਹ ਰਿਸ਼ਵਤ ਕਿਉਂ ਲੈਂਦਾ ਹੈ? ਇਹ ਵਾਕਿਆ ਭੁੱਲਰ ਦੀ ਸਖਸ਼ੀਅਤ ਨੂੰ ਧੁੰਦਲਾ ਕਰਦਾ ਹੈ ਅਤੇ ਪੰਜਾਬ ਪੁਲਿਸ ਵਿੱਚ ਨਿਯੁਕਤੀਆਂ ਦੇ ਮਾਪਦੰਡਾਂ ਬਾਰੇ ਸਵਾਲ ਉਠਾਉਂਦਾ ਹੈ।

ਪੰਜਾਬ ਸਰਕਾਰ ਨੇ ਭੁੱਲਰ ਦੀ ਗ੍ਰਿਫ਼ਤਾਰੀ ਬਾਰੇ ਅਜੇ ਤੱਕ ਕੋਈ ਅਧਿਕਾਰਕ ਬਿਆਨ ਨਹੀਂ ਜਾਰੀ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਅਤੇ ਗ੍ਰਿਹਿ ਮੰਤਰੀ ਨੇ ਚੁੱਪ ਧਾਰੀ ਹੋਈ ਹੈ, ਜੋ ਲੋਕਾਂ ਵਿੱਚ ਨਾਰਾਜ਼ਗੀ ਵਧਾ ਰਹੀ ਹੈ। ਆਪ ਸਰਕਾਰ ਨੇ ਪਹਿਲਾਂ ਐਂਟੀ-ਕਰਪਸ਼ਨ ਡਰਾਈਵ ਚਲਾਈ ਸੀ, ਪਰ ਇਹ ਘਟਨਾ ਨੇ ਉਨ੍ਹਾਂ ਦੇ ਵਾਅਦਿਆਂ ਨੂੰ ਧੋਖਾ ਦਿੱਤਾ ਹੈ। ਵਿਰੋਧੀ ਧਿਰਾਂ ਨੇ ਮੰਗ ਕੀਤੀ ਹੈ ਕਿ ਪੂਰੀ ਪੁਲਿਸ ਵਿਭਾਗ ਵਿੱਚ ਵਿਸ਼ੇਸ਼ ਜਾਂਚ ਹੋਵੇ ਅਤੇ ਭੁੱਲਰ ਵਰਗੇ ਅਧਿਕਾਰੀਆਂ ਦੀ ਨਿਯੁਕਤੀ ਕਿਵੇਂ ਹੋਈ ਇਸ ਦੀ ਪੜਚੋਲ ਕੀਤੀ ਜਾਵੇ? ਪੰਜਾਬ ਵਿੱਚ ਪੁਲਿਸ ਅਧਿਕਾਰੀਆਂ ਦੀਆਂ ਜਾਇਦਾਦਾਂ ਦੀ ਜਾਂਚ ਲਈ ਹਾਈਕੋਰਟ ਰਾਹੀਂ ਜਾਂਚ ਕਰਵਾਉਣੀ ਚਾਹੀਦੀ ਹੈ। ਹਾਈਕੋਰਟ ਦੇ ਜੱਜਾਂ ਦੀ ਕਮੇਟੀ ਬਣਾਈ ਜਾਵੇ ਤਾਂ ਨਿਰਪੱਖ ਜਾਂਚ ਹੋ ਸਕੇਗੀ ਅਤੇ ਪੁਲਿਸ ਅਧਿਕਾਰੀਆਂ ਦੀਆਂ ਅਸਲ ਜਾਇਦਾਦਾਂ ਦਾ ਪਤਾ ਲੱਗ ਸਕੇਗਾ।

ਯਾਦ ਰਹੇ ਕਿ ਪਿਛਲੇ ਦਹਾਕਿਆਂ ਵਿੱਚ ਪੰਜਾਬ ਪੁਲਿਸ ਵਿੱਚ ਰਿਸ਼ਵਤ ਦੇ ਕਈ ਮਾਮਲੇ ਸਾਹਮਣੇ ਆਏ ਹਨ। 2017 ਵਿੱਚ ਵਿਜਲੈਂਸ ਨੇ ਸਾਬਕਾ ਐੱਸ.ਐੱਸ.ਪੀ. ਸੁਰਜੀਤ ਸਿੰਘ ਗਰੇਵਾਲ ਨੂੰ ਅਸਲ ਜਾਇਦਾਦ ਘੋਟਾਲੇ ਵਿੱਚ ਫ਼ੜ੍ਹਿਆ। 2022 ਵਿੱਚ ਐੱਸ.ਐੱਸ.ਪੀ. ਅਸ਼ੀਸ਼ ਕਪੂਰ ਅਤੇ ਹੋਰ ਅਧਿਕਾਰੀ ਰਿਸ਼ਵਤ ਵਿੱਚ ਫ਼ੜ੍ਹੇ ਗਏ। ਪੰਜਾਬ ਵਿੱਚ ਰਿਸ਼ਵਤ ਇੱਕ ਸਿਸਟਮ ਬਣ ਗਈ ਹੈ - ਐੱਫ਼.ਆਈ.ਆਰ. ਲਈ ਪੈਸੇ, ਕੇਸ ਨਿਪਟਾਰਨ ਲਈ ਪੈਸੇ ਅਤੇ ਵਪਾਰ ਚਲਾਉਣ ਲਈ 'ਸੇਵਾ-ਪਾਣੀ'। ਇਹ ਨਾ ਸਿਰਫ਼ ਆਮ ਲੋਕਾਂ ਨੂੰ ਪੀੜਤ ਕਰਦਾ ਹੈ ਬਲਕਿ ਨਿਆਂ ਪ੍ਰਕਿਰਿਆ ਨੂੰ ਵੀ ਖਤਮ ਕਰਦਾ ਹੈ।

## ਕਈ ਸਵਾਲ ਖੜੇ ਕਰ ਗਿਆ ਆਈ.ਪੀ.ਐੱਸ. ਅਧਿਕਾਰੀ ਵਾਈ. ਪੂਰਨ ਕੁਮਾਰ ਦਾ ਖ਼ੁਦਕੁਸ਼ੀ ਮਾਮਲਾ

ਹਰਿਆਣਾ ਦੇ ਆਈ.ਪੀ.ਐੱਸ. ਅਧਿਕਾਰੀ ਵਾਈ ਪੂਰਨ ਕੁਮਾਰ ਦਾ ਕਥਿਤ ਖ਼ੁਦਕੁਸ਼ੀ ਮਾਮਲਾ, ਜਿਸ ਵਿੱਚ ਪੁਲਿਸ ਨੇ ਹਰਿਆਣਾ ਦੇ ਕਈ ਸੀਨੀਅਰ ਪੁਲਿਸ ਅਧਿਕਾਰੀਆਂ ਉੱਪਰ ਕੇਸ ਦਰਜ ਕੀਤਾ ਹੈ, ਇਸ ਦੀਆਂ ਪੇਚੇਦਗੀਆਂ ਦੇ ਚਲਦਿਆਂ ਸੁਰਖ਼ੀਆਂ ਵਿੱਚ ਬਣਿਆ ਹੋਇਆ ਹੈ। ਇਸ ਮਾਮਲੇ ਦੀ ਜਾਂਚ 6 ਮੈਂਬਰੀ ਸਪੈਸ਼ਲ ਇੰਨਵੈਸਟੀਗੇਸ਼ਨ ਟੀਮ ਕਰ ਰਹੀ ਹੈ।

ਇਸ ਮਾਮਲੇ ਦੇ ਚਲਦਿਆਂ ਵਿੱਚ ਹਰਿਆਣਾ ਦੇ ਡੀ.ਜੀ.ਪੀ. ਸ਼ਤਰੂਜੀਤ ਕਪੂਰ ਨੂੰ ਛੁੱਟੀ ਉੱਤੇ ਭੇਜਿਆ ਗਿਆ ਹੈ। ਹਰਿਆਣਾ ਸਰਕਾਰ ਨੇ ਆਈ.ਪੀ.ਐੱਸ. ਅਧਿਕਾਰੀ ਓਮ ਪ੍ਰਕਾਸ਼ ਸਿੰਘ ਨੂੰ ਹਰਿਆਣਾ ਦਾ ਕਾਰਜਕਾਰੀ ਡੀ.ਜੀ.ਪੀ. ਨਿਯੁਕਤ ਕੀਤਾ ਹੈ।

ਜ਼ਿਕਰਯੋਗ ਹੈ ਕਿ ਵਾਈ ਪੂਰਨ ਕੁਮਾਰ ਦੀ ਪਤਨੀ ਆਈ.ਏ.ਐੱਸ. ਅਧਿਕਾਰੀ ਅਮਨੀਤ ਪੀ ਕੁਮਾਰ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ ਐੱਫ਼ਆਈਆਰ ਵਿੱਚ, ਮ੍ਰਿਤਕ ਦੇ ਅੰਤਿਮ ਨੋਟ ਵਿੱਚ ਦੱਸੇ ਗਏ ਵਿਅਕਤੀਆਂ ਵਿਰੁੱਧ ਖੁਦਕੁਸ਼ੀ ਲਈ ਉਕਸਾਉਣ ਅਤੇ ਐੱਸਸੀ/ਐੱਸਟੀ (ਅੱਤਿਆਚਾਰ ਰੋਕਥਾਮ) ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

ਕਥਿਤ ਖ਼ੁਦਕੁਸ਼ੀ ਦੇ ਨੋਟ ਵਿੱਚ ਹਰਿਆਣਾ ਦੇ ਡੀ.ਜੀ.ਪੀ. ਸ਼ਤਰੂਜੀਤ ਸਿੰਘ ਕਪੂਰ ਅਤੇ ਰੋਹਤਕ ਦੇ ਐੱਸ.ਪੀ. ਨਰਿੰਦਰ ਬਿਜਾਰਨੀਆ ਸਣੇ ਹੋਰ ਹਰਿਆਣਾ ਪੁਲਿਸ ਦੇ ਅਧਿਕਾਰੀਆਂ ਦੇ ਨਾਮ ਸ਼ਾਮਲ ਹਨ। ਆਈ.ਪੀ.ਐੱਸ. ਪੂਰਨ ਕੁਮਾਰ ਦੀ ਲਾਸ਼ 7 ਅਕਤੂਬਰ ਨੂੰ ਚੰਡੀਗੜ੍ਹ



ਸੈਕਟਰ 11 ਸਥਿਤ ਉਨ੍ਹਾਂ ਦੀ ਰਿਹਾਇਸ਼ ਉੱਤੇ ਮਿਲੀ ਸੀ।

ਕਥਿਤ ਖ਼ੁਦਕੁਸ਼ੀ ਨੋਟ ਮੁਤਾਬਕ ਪੂਰਨ ਕੁਮਾਰ ਵੱਲੋਂ ਪੇਸ਼ੇਵਾਰ ਸਫ਼ਰ, ਤਬਾਦਲਿਆਂ, ਕੈਰੀਅਰ ਅਤੇ ਜਾਤ-ਪਾਤ ਦੀਆਂ ਵਾਰ-ਵਾਰ ਸ਼ਿਕਾਇਤਾਂ ਦਾ ਵਰਣਨ ਕੀਤਾ ਗਿਆ ਹੈ। ਹਰਿਆਣਾ ਸਰਕਾਰ ਨੇ ਆਈਪੀਐੱਸ ਅਧਿਕਾਰੀ ਓਮ ਪ੍ਰਕਾਸ਼ ਸਿੰਘ 14 ਅਕਤੂਬਰ ਨੂੰ ਹਰਿਆਣਾ ਦਾ ਕਾਰਜਕਾਰੀ ਡੀਜੀਪੀ ਨਿਯੁਕਤ ਕੀਤਾ ਹੈ। ਇਸ ਤੋਂ ਪਹਿਲਾਂ ਹਰਿਆਣਾ ਸਰਕਾਰ ਨੇ 11 ਅਕਤੂਬਰ ਨੂੰ ਸੁਰਿੰਦਰ ਸਿੰਘ ਭੌਰੀਆ ਨੂੰ ਰੋਹਤਕ ਦਾ ਐੱਸ.ਪੀ. ਲਾਇਆ ਸੀ।

ਇਸ ਮਾਮਲੇ ਵਿੱਚ ਨੈਸ਼ਨਲ ਐੱਸਸੀ ਕਮਿਸ਼ਨ ਦੇ ਚੇਅਰਮੈਨ ਕਿਸ਼ੋਰ ਮਕਵਾਨਾ ਨੇ ਵੀ ਪੂਰਨ ਕੁਮਾਰ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ ਸੀ। ਮਕਵਾਨਾ ਨੇ ਕਿਹਾ, 'ਅਸੀਂ ਪਰਿਵਾਰ ਦੇ ਨਾਲ ਖੜੇ ਹਾਂ ਅਤੇ ਉਨ੍ਹਾਂ ਨੂੰ ਇਨਸਾਫ਼ ਮਿਲੇਗਾ।'

**ਕੌਣ ਹਨ ਵਾਈ ਪੂਰਨ ਕੁਮਾਰ?**

ਵਾਈ. ਪੂਰਨ ਕੁਮਾਰ ਮੁੱਖ ਤੌਰ ਉੱਤੇ ਆਂਧਰਾ ਪ੍ਰਦੇਸ਼ ਨਾਲ ਸਬੰਧਿਤ ਸਨ ਅਤੇ ਇੰਜੀਨੀਅਰਿੰਗ ਗਰੈਜੂਏਟ ਸਨ। ਉਹ ਹਰਿਆਣਾ ਕੇਡਰ ਵਿੱਚ 2001 ਬੈਚ ਦੇ ਆਈਪੀਐੱਸ ਪੁਲਿਸ ਅਧਿਕਾਰੀ ਸਨ। ਆਪਣੇ ਕੈਰੀਅਰ ਦੌਰਾਨ ਉਹ ਅੰਬਾਲਾ ਅਤੇ ਕੁਰੂਕਸ਼ੇਤਰ ਵਿੱਚ ਐੱਸਪੀ ਵਜੋਂ ਕੰਮ ਕਰ ਚੁੱਕੇ ਸਨ। ਇਸ ਤੋਂ ਬਾਅਦ ਉਹ ਅੰਬਾਲਾ ਅਤੇ ਰੋਹਤਕ ਰੇਂਜ ਦੇ ਆਈ.ਜੀ. ਵਜੋਂ ਸੇਵਾ ਨਿਭਾਅ ਚੁੱਕੇ ਹਨ।

ਉਨ੍ਹਾਂ ਦੀ ਪਤਨੀ ਵੀ ਹਰਿਆਣਾ ਸਰਕਾਰ ਵਿੱਚ ਆਈ.ਏ.ਐੱਸ. ਅਧਿਕਾਰੀ ਵਜੋਂ ਵਿਦੇਸ਼ੀ ਸਹਿਯੋਗ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਦੇ ਅਹੁਦੇ ਉੱਤੇ ਤਾਇਨਾਤ ਹਨ। ਜਿਸ ਸਮੇਂ ਘਟਨਾ ਵਾਪਰੀ ਉਹ ਹਰਿਆਣਾ ਮੁੱਖ ਮੰਤਰੀ ਨਾਇਬ ਸੈਣੀ ਦੇ ਨਾਲ ਜਪਾਨ ਦੌਰੇ ਉੱਤੇ ਗਏ ਗਏ ਵਫ਼ਦ ਵਿੱਚ ਸ਼ਾਮਲ ਸਨ।

# ਉਜ਼ਬੇਕਿਸਤਾਨ ਵਿੱਚ ਸਿੱਖ ਧਰਮ ਦੀਆਂ ਪੈੜਾਂ

## ਸਿੱਖ ਭਾਈਚਾਰੇ ਦਾ ਉਜ਼ਬੇਕ ਸਮਾਜ ਵਿੱਚ ਯੋਗਦਾਨ

ਬਲਵਿੰਦਰ ਪਾਲ ਸਿੰਘ ਪ੍ਰੋਫ਼ੈਸਰ
9815700916




ਮੱਧ ਏਸ਼ੀਆ ਦੇ ਦਿਲ ਉਜ਼ਬੇਕਿਸਤਾਨ ਵਿੱਚ ਸਿੱਖ ਇਤਿਹਾਸ ਅਤੇ ਰੂਹਾਨੀਅਤ ਦੀਆਂ ਪਰਤਾਂ ਮਿਲਦੀਆਂ ਹਨ। ਸਿਲਕ ਰੋਡ ਦੇ ਪ੍ਰਾਚੀਨ ਰਾਹਾਂ 'ਤੇ ਜਿੱਥੇ ਪੂਰਬ-ਪੱਛਮ ਦੀ ਸੱਭਿਆਚਾਰਕ ਗੂੰਜ ਸੁਣਾਈ ਦਿੰਦੀ ਹੈ, ਉਥੇ ਸਿੱਖ ਧਰਮ ਨਾਲ ਜੁੜੀਆਂ ਯਾਦਾਂ ਵੀ ਮੌਜੂਦ ਹਨ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਨਾਲ ਸੰਬੰਧਿਤ ਸਾਖੀਆਂ ਇਥੇ ਲੋਕਵਾਰਤਾ ਦੇ ਰੂਪ ਵਿੱਚ ਜੀਉਂਦੀਆਂ ਹਨ। 15ਵੀਂ-16ਵੀਂ ਸਦੀ ਵਿੱਚ ਜਦੋਂ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਯਾਤਰਾਵਾਂ ਰਾਹੀਂ ਸਿੱਖੀ ਦਾ ਸੁਨੇਹਾ ਫ਼ੈਲਾਇਆ, ਕਈ ਸੂਫ਼ੀ ਪਰੰਪਰਾਵਾਂ ਵਿੱਚ ਉਨ੍ਹਾਂ ਨੂੰ ਨਾਨਕ ਕਲੰਦਰ ਨਾਮ ਨਾਲ ਯਾਦ ਕੀਤਾ ਗਿਆ। ਸਮਰਕੰਦ ਅਤੇ ਬੁਖਾਰਾ ਵਿੱਚ ਅਜੇ ਵੀ ਕੁਝ ਥਾਵਾਂ ਉਨ੍ਹਾਂ ਦੇ ਨਾਂ ਨਾਲ ਜੁੜੀਆਂ ਮੰਨੀਆਂ ਜਾਂਦੀਆਂ ਹਨ, ਜਿਵੇਂ ਨਾਨਕ ਕਲੰਦਰ ਦਾ ਸਮਾਰਕ , ਜਿੱਥੇ ਸਥਾਨਕ ਲੋਕ ਗੁਰੂ ਜੀ ਨਾਲ ਜੁੜੀ ਯਾਦ ਦਾ ਆਦਰ ਕਰਦੇ ਹਨ। ਹਾਲਾਂਕਿ ਇਨ੍ਹਾਂ ਸਥਾਨਾਂ ਦੇ ਇਤਿਹਾਸਕ ਸਰੋਤ ਘੱਟ ਹਨ, ਪਰ ਇਹ ਸਾਖੀਆਂ ਗੁਰੂ ਨਾਨਕ ਦੇ ਸੁਨੇਹੇ ਦੀ ਸਰਵਵਿਆਪਕਤਾ ਨੂੰ ਦਰਸਾਉਂਦੀਆਂ ਹਨ।

ਉਜ਼ਬੇਕਿਸਤਾਨ ਵਿੱਚ ਸਿੱਖਾਂ ਦੀ ਹਾਜ਼ਰੀ ਵਪਾਰਕ ਰਾਹਾਂ ਦੁਆਰਾ ਹੋਈ ਸੀ। 18ਵੀਂ-19ਵੀਂ ਸਦੀ ਵਿੱਚ ਪੰਜਾਬੀ ਵਪਾਰੀ ਸਿਲਕ, ਊਨ ਅਤੇ ਸੁੱਕੇ ਫ਼ਲਾਂ ਦੇ ਕਾਰੋਬਾਰ ਲਈ ਬੁਖਾਰਾ ਅਤੇ ਤਾਸ਼ਕੰਦ ਤੱਕ ਪਹੁੰਚੇ ਸਨ। ਕੁਝ ਪਰਿਵਾਰ ਇਥੇ ਵਸ ਗਏ ਅਤੇ ਆਪਣੇ ਘਰਾਂ ਵਿੱਚ ਧਰਮਸ਼ਾਲਾਵਾਂ ਬਣਾਈਆਂ।

ਅੱਜ ਦੇ ਸਮੇਂ ਵਿੱਚ ਉਜ਼ਬੇਕਿਸਤਾਨ ਵਿੱਚ ਸਿੱਖਾਂ ਦੀ ਗਿਣਤੀ ਕਾਫ਼ੀ ਘੱਟ (ਲਗਭਗ 50-100 ਪਰਿਵਾਰ) ਮੰਨੀ ਜਾਂਦੀ ਹੈ। ਉਹ ਤਾਸ਼ਕੰਦ, ਬੁਖਾਰਾ ਅਤੇ ਸਮਰਕੰਦ ਵਿੱਚ ਛੋਟੀ ਗਿਣਤੀ ਵਿੱਚ ਵਸਦੇ ਹਨ। ਸਰਕਾਰੀ ਤੌਰ 'ਤੇ ਕੋਈ ਰਜਿਸਟਰਡ ਗੁਰਦੁਆਰਾ ਨਹੀਂ, ਪਰ ਘਰੇਲੂ ਪ੍ਰਕਾਸ਼ ਕੇਂਦਰਾਂ ਵਿੱਚ ਪਾਠ, ਕੀਰਤਨ ਅਤੇ ਲੰਗਰ ਦੀ ਰੀਤ ਜਾਰੀ ਹੈ।

ਇਹ ਕੇਂਦਰ ਸਿਰਫ਼ ਪੂਜਾ-ਸਥਾਨ ਨਹੀਂ—ਇਹ ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ ਅਤੇ ਸਿੱਖ ਪਰੰਪਰਾਵਾਂ ਨੂੰ ਜਿਉਂਦੇ ਰੱਖਣ ਦੇ ਯਤਨ ਹਨ। ਹਾਲਾਂਕਿ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਜਾਣਕਾਰੀ ਘਟ ਰਹੀ ਹੈ, ਪਰ ਬਜ਼ੁਰਗ ਸਿੱਖ ਇਸ ਸੰਸਕਾਰ ਨੂੰ ਸੰਭਾਲਣ ਲਈ ਸਮਰਪਿਤ ਹਨ।

1858 ਵਿੱਚ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਹੋਈ ਸੀ, ਜੋ ਸਿੱਖ ਭਾਈਚਾਰੇ ਦੀ ਸਰਗਰਮੀ ਤੇ ਫ਼ੈਲਾਅ ਦਾ ਸਬੂਤ ਹੈ।

ਕਰਮੀਨਾ ਅਤੇ ਕਾਰਸ਼ੀ ਵੱਲ ਦੇ ਖੇਤਰਾਂ ਵਿੱਚ ਨਾਨਕ ਪੀਰ ਦੇ ਝਰਨੇ ਜਾਂ ਪਾਣੀ ਦੇ ਸਰੋਤਾਂ ਨਾਲ ਸੰਬੰਧਤ ਸਥਾਨਕ ਕਥਾਵਾਂ ਮਿਲਦੀਆਂ ਹਨ, ਜਿਥੇ ਅਰਦਾਸ ਜਾਂ ਮੰਨਤ ਦੇ ਰਿਵਾਜ ਦੀ ਗੱਲ ਕੀਤੀ ਜਾਂਦੀ ਹੈ; ਇਹ ਥਾਵਾਂ ਸਾਂਝੀ ਆਸਥਾ ਦੇ ਸਥਾਨ ਵਜੋਂ ਮੰਨੀਆਂ ਜਾਂਦੀਆਂ ਹਨ।

ਸਮਰਕੰਦ ਵਿੱਚ 'ਨਾਨਕ ਕਲੰਦਰ' ਦਾ ਸਮਾਰਕ ਹੈ, ਜਿੱਥੇ ਲੋਕ ਗੁਰੂ ਜੀ ਦੀ ਡਾਂਗ ਦੀ ਪੂਜਾ ਕਰਦੇ ਨੇ। ਇੱਕ ਸਾਖੀ ਮੁਤਾਬਕ, 1826 ਵਿੱਚ ਬੁਖਾਰਾ ਦੇ ਅਮੀਰ ਨੇ ਹਿਸਾਰ ਦੇ ਅਮੀਰ 'ਤੇ ਹਮਲਾ ਕੀਤਾ। ਪਹਿਲੀ ਲੜਾਈ ਵਿੱਚ ਹਾਰਨ ਤੋਂ ਬਾਅਦ, ਉਸ ਨੇ ਨਾਨਕ ਪੀਰ ਦੇ ਝਰਨੇ 'ਤੇ ਅਰਦਾਸ ਕੀਤੀ ਅਤੇ ਜਿੱਤ ਹਾਸਲ ਕੀਤੀ। ਨਰਤਾ ਪਿੰਡ ਵਿੱਚ ਇੱਕ ਪਹਾੜੀ 'ਤੇ ਸਥਿਤ ਝਰਨਾ ਵੀ ਗੁਰੂ ਜੀ ਨਾਲ ਜੁੜਿਆ ਹੈ, ਜਿੱਥੇ ਸਥਾਨਕ ਲੋਕ ਉਨ੍ਹਾਂ ਨੂੰ 'ਪੀਰ ਵਾਲੀ ਹਿੰਦ' ਜਾਂ 'ਨਾਨਕ ਕਲੰਦਰ' ਕਹਿ ਕੇ ਯਾਦ ਕਰਦੇ ਨੇ। ਇਹ ਸਾਖੀਆਂ ਸਿੱਖ ਧਰਮ ਦੀ ਹੋਂਦ ਨੂੰ ਦਰਸਾਉਂਦੀਆਂ ਨੇ।

### ਸਿੱਖਾਂ ਦੀ ਸਥਾਪਨਾ ਤੇ ਗੁਰਦੁਆਰਿਆਂ ਦਾ ਇਤਿਹਾਸ

ਉਜ਼ਬੇਕਿਸਤਾਨ ਵਿੱਚ ਸਿੱਖ ਭਾਈਚਾਰਾ ਮੁੱਖ ਤੌਰ 'ਤੇ ਵਪਾਰਕ ਉਦੇਸ਼ ਕਰਕੇ ਵਸਿਆ ਸੀ। 19ਵੀਂ ਸਦੀ ਵਿੱਚ ਪੰਜਾਬੀ ਵਪਾਰੀ ਸਿਲਕ, ਊਨ ਅਤੇ ਸੁੱਕੇ ਮੇਵਿਆਂ ਦੇ ਵਪਾਰ ਲਈ ਬੁਖਾਰਾ ਪੁੱਜੇ। ਮੁਗਲ ਕਾਲ ਵਿੱਚ ਪੰਜਾਬ ਅਤੇ ਉਜ਼ਬੇਕਿਸਤਾਨ ਦਰਮਿਆਨ ਕਾਰਵਾਂ ਸਰਾਵਾਂ ਸਥਾਪਤ ਹੋਈਆਂ, ਜਿੱਥੇ ਸਿੱਖਾਂ ਨੇ ਧਰਮਸ਼ਾਲਾਵਾਂ ਬਣਾਈਆਂ।




ਸੋਵੀਅਤ ਸਮੇਂ (1924-1991) ਵਿੱਚ, ਜਦੋਂ ਧਾਰਮਿਕ ਗਤੀਵਿਧੀਆਂ 'ਤੇ ਸਖ਼ਤ ਪਾਬੰਦੀਆਂ ਸਨ, ਸਿੱਖ ਭਾਈਚਾਰੇ ਨੇ ਗੁਪਤ ਰੂਪ ਵਿੱਚ ਆਪਣੀਆਂ ਪਰੰਪਰਾਵਾਂ ਨੂੰ ਜਾਰੀ ਰੱਖਿਆ। 1991 ਵਿੱਚ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ, ਉਜ਼ਬੇਕਿਸਤਾਨ ਵਿੱਚ ਸਿੱਖ ਭਾਈਚਾਰੇ ਨੂੰ ਧਾਰਮਿਕ ਅਤੇ ਸੱਭਿਆਚਾਰਕ ਸਰਗਰਮੀਆਂ ਲਈ ਵਧੇਰੇ ਆਜ਼ਾਦੀ ਮਿਲੀ। ਹਾਲਾਂਕਿ, ਸਰਕਾਰੀ ਨਿਗਰਾਨੀ ਅਤੇ ਧਾਰਮਿਕ ਘੱਟ-ਗਿਣਤੀਆਂ 'ਤੇ ਨਿਯਮ ਅਜੇ ਵੀ ਕੁਝ ਰੁਕਾਵਟਾਂ ਪੈਦਾ ਕਰਦੇ ਹਨ।

ਉਜ਼ਬੇਕਿਸਤਾਨ ਵਿੱਚ ਇਸ ਵੇਲੇ ਕੋਈ ਸਰਕਾਰੀ ਰਜਿਸਟਰਡ ਸਿੱਖ ਗੁਰਦੁਆਰਾ ਮੰਨਿਆ ਨਹੀਂ ਜਾਂਦਾ, ਸਿੱਖ ਸੰਗਤ ਤਾਸ਼ਕੰਦ, ਬੁਖਾਰਾ ਅਤੇ ਸਮਰਕੰਦ ਵਿੱਚ ਘਰੇਲੂ ਜਾਂ ਕਿਰਾਏ ਦੇ ਹਾਲਾਂ ਵਿੱਚ ਪ੍ਰਕਾਸ਼, ਕੀਰਤਨ ਅਤੇ ਲੰਗਰ ਕਰਦੀ ਹੈ, ਇਸ ਲਈ ਉਨ੍ਹਾਂ ਨੂੰ ਚਲੰਤ ਸੰਗਤ ਕੇਂਦਰ ਕਿਹਾ ਜਾ ਸਕਦਾ ਹੈ, ਪਰ ਕਨੂੰਨੀ ਤੌਰ ਉਪਰ ਗੁਰਦੁਆਰਾ ਦਰਜੇ ਵਾਲਾ ਸਥਾਨ ਦਰਜ ਨਹੀਂ ਹੈ। ਇਥੇ ਲੰਗਰ ਵਿੱਚ ਸਥਾਨਕ ਉਜ਼ਬੇਕ ਵੀ ਸ਼ਾਮਲ ਹੁੰਦੇ ਨੇ, ਜੋ ਸਿੱਖੀ ਦੇ ਬਰਾਬਰੀ ਦੇ ਸਿਧਾਂਤ ਨੂੰ ਮਜਬੂਤ ਕਰਦਾ ਹੈ।

ਇਤਿਹਾਸਕ ਸਾਖੀਆਂ ਵਿੱਚ ਸਮਰਕੰਦ-ਬੁਖਾਰਾ ਨਾਲ ਨਾਨਕ ਕਲੰਦਰ ਵਾਰੀ ਲੋਕ-ਰਿਵਾਇਤਾਂ ਮਿਲਦੀਆਂ ਹਨ, ਪਰ ਇਹ ਸਥਾਨ ਸਿੱਖ ਪ੍ਰਬੰਧਕ ਕਮੇਟੀਆਂ ਅਧੀਨ ਰਜਿਸਟਰਡ ਗੁਰਦੁਆਰੇ ਵਜੋਂ ਹੋਂਦ ਨਹੀਂ ਰਖਦੇ; ਇਨ੍ਹਾਂ ਦੀ ਹੋਂਦ ਜ਼ਿਆਦਾਤਰ ਸਾਂਝੇ ਜਾਂ ਸਥਾਨਕ ਧਾਰਮਿਕ ਸਮਾਰਕਾਂ ਦੀ ਰਹੀ ਹੈ। ਮੌਜੂਦਾ ਦਹਾਕੇ ਵਿੱਚ ਉਜ਼ਬੇਕਿਸਤਾਨ ਦੀ ਸਿੱਖ ਅਬਾਦੀ ਬਹੁਤ ਘੱਟ ਹੈ, ਇਸ ਲਈ ਅਰਦਾਸ, ਪਾਠ ਅਤੇ ਲੰਗਰ ਘਰਾਂ ਜਾਂ ਛੋਟੇ ਕਮਿਊਨਿਟੀ ਹਾਲਾਂ ਵਿੱਚ ਹੁੰਦੇ ਹਨ। ਪਰ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ ਦਾ ਘਟਣਾ ਚਿੰਤਾ ਦੀ ਗੱਲ ਹੈ, ਕਿਉਂਕਿ ਸਥਾਨਕ ਸਕੂਲਾਂ ਵਿੱਚ ਉਜ਼ਬੇਕ ਅਤੇ ਰੂਸੀ ਭਾਸ਼ਾ ਨੂੰ ਤਰਜੀਹ ਹੈ।

### ਉਜ਼ਬੇਕਿਸਤਾਨ ਦੇ ਵਿਕਾਸ ਵਿੱਚ ਸਿੱਖਾਂ ਦਾ ਹਿੱਸਾ

ਸਿੱਖ ਭਾਈਚਾਰੇ ਨੇ ਉਜ਼ਬੇਕਿਸਤਾਨ ਦੇ ਆਰਥਿਕ ਤੇ ਸਮਾਜਿਕ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ। ਅੱਜ ਸਿੱਖ ਛੋਟੇ ਧੰਦਿਆਂ, ਰਿਟੇਲ ਵਪਾਰ ਅਤੇ ਸਿੱਖਿਆ ਵਿੱਚ ਲੱਗੇ ਹੋਏ ਨੇ। ਤਾਸ਼ਕੰਦ ਵਿੱਚ ਸਿੱਖ ਦੁਕਾਨਦਾਰ ਸਥਾਨਕ ਬਜਾਰਾਂ ਵਿੱਚ ਕਾਰੋਬਾਰ ਕਰਦੇ ਹਨ। ਸਿਹਤ ਖੇਤਰ ਵਿੱਚ, ਕੁਝ ਸਿੱਖ ਡਾਕਟਰ ਤਾਸ਼ਕੰਦ ਦੇ ਹਸਪਤਾਲਾਂ ਵਿੱਚ ਸੇਵਾ ਕਰਦੇ ਹਨ। ਫ਼ਰਗਾਨਾ ਵਾਦੀ ਵਿੱਚ ਸਿੱਖ ਪਰਿਵਾਰ ਫ਼ਲਾਂ ਦੇ ਬਾਗਾਂ ਅਤੇ ਸਬਜ਼ੀਆਂ ਦੀ ਖੇਤੀ ਕਰਦੇ ਹਨ। ਉਨ੍ਹਾਂ ਨੇ ਸਥਾਨਕ ਖੇਤੀ ਉਤਪਾਦਨ ਨੂੰ ਵਧਾਇਆ ਹੈ। ਸਿੱਖ ਸਥਾਨਕ ਸਕੂਲਾਂ ਵਿੱਚ ਅਧਿਆਪਕ ਵਜੋਂ ਕੰਮ ਕਰਦੇ ਨੇ । ਸਮਾਜਿਕ ਪੱਧਰ 'ਤੇ, ਲੰਗਰ ਦੀ ਪਰੰਪਰਾ ਨੇ ਉਜ਼ਬੇਕ ਸਮਾਜ ਵਿੱਚ ਏਕਤਾ,ਭਾਈਚਾਰਾ ਪੈਦਾ ਕੀਤਾ। ਮਹਾਮਾਰੀ (2020-2022) ਦੌਰਾਨ, ਸਿੱਖਾਂ ਨੇ ਤਾਸ਼ਕੰਦ ਵਿੱਚ ਮੁਫ਼ਤ ਖਾਣਾ ਵੰਡਿਆ, ਜਿਸ ਨੂੰ ਸਥਾਨਕ ਮੁਸਲਮਾਨ ਭਾਈਚਾਰੇ ਨੇ ਸਲਾਹਿਆ। ਰਾਜਨੀਤੀ ਵੀ ਵਿਚ ਸਿੱਖਾਂ ਦੀ ਸਿੱਧੀ ਭੂਮਿਕਾ ਘੱਟ ਹੈ, ਪਰ ਉਹ ਸਾਂਝੀਵਾਲਤਾ ਨੂੰ ਉਤਸ਼ਾਹਿਤ ਕਰਦੇ ਨੇ। ਉਜ਼ਬੇਕਿਸਤਾਨ ਦੇ ਸੰਵਿਧਾਨਕ ਧਾਰਮਿਕ ਆਜ਼ਾਦੀ ਦੇ ਅਧੀਨ, ਸਿੱਖ ਨੁਮਾਇੰਦੇ ਧਾਰਮਿਕ ਮੰਚਾਂ 'ਤੇ ਸਰਗਰਮ ਨੇ।

ਪਰ ਸਿੱਖ ਭਾਈਚਾਰੇ ਨੂੰ ਵੱਡੀਆਂ ਚੁਣੌਤੀਆਂ ਵੀ ਸਾਹਮਣੇ ਨੇ। ਸਭ ਤੋਂ ਵੱਡੀ ਸਮੱਸਿਆ ਉਨ੍ਹਾਂ ਦੀ ਘੱਟ ਗਿਣਤੀ ਹੈ, ਜਿਸ ਕਾਰਨ ਸਮਾਜਿਕ ਅਤੇ ਧਾਰਮਿਕ ਸਰਗਰਮੀਆਂ ਨੂੰ ਜਾਰੀ ਰੱਖਣਾ ਔਖਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਤੇ ਪੰਜਾਬੀ ,ਸਿੱਖ ਸਾਹਿਤ ਦੀ ਘਾਟ ਵੀ ਇੱਕ ਵੱਡੀ ਰੁਕਾਵਟ ਹੈ। ਸਰਕਾਰੀ ਨਿਗਰਾਨੀ ਅਤੇ ਧਾਰਮਿਕ ਘੱਟ-ਗਿਣਤੀਆਂ 'ਤੇ ਸਖਤ ਨਿਯਮ ਸਮਾਗਮ ਕਰਨ ਵਿਚ ਮੁਸ਼ਕਿਲ ਪੈਦਾ ਕਰਦੇ ਨੇ। ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦਾ ਗਿਆਨ ਘਟਣਾ ਵੀ ਚਿੰਤਾ ਦੀ ਗੱਲ ਹੈ, ਕਿਉਂਕਿ ਸਥਾਨਕ ਸਕੂਲ ਉਜ਼ਬੇਕ ਅਤੇ ਰੂਸੀ 'ਤੇ ਜ਼ੋਰ ਦਿੰਦੇ ਨੇ। ਸਿੱਖ ਭਾਈਚਾਰੇ ਦੀ ਗਿਣਤੀ ਘੱਟ ਹੋਣ ਦੇ ਬਾਵਜੂਦ, ਉਨ੍ਹਾਂ ਦੀ ਸੱਭਿਆਚਾਰਕ ਅਤੇ ਧਾਰਮਿਕ ਮੌਜੂਦਗੀ ਮਜਬੂਤ ਹੈ। ਲੰਗਰ ਵਰਗੀਆਂ ਪਰੰਪਰਾਵਾਂ ਸਥਾਨਕ ਲੋਕਾਂ ਵਿੱਚ ਮਕਬੂਲ ਨੇ, ਅਤੇ ਸਿੱਖ ਸਥਾਨ ਸੈਰ-ਸਪਾਟੇ ਨੂੰ ਵਧਾਉਂਦੇ ਨੇ। ਸਿੱਖ ਭਾਈਚਾਰੇ ਦੀ ਸੇਵਾ ਅਤੇ ਸਮਰਪਣ ਦੀ ਭਾਵਨਾ ਉਨ੍ਹਾਂ ਨੂੰ ਸਥਾਨਕ ਸਮਾਜ ਵਿਚ ਸਤਿਕਾਰ ਦਿਵਾਉਂਦੀ ਹੈ। ਭਵਿੱਖ ਵਿੱਚ, ਜੇ ਸਰਕਾਰੀ ਨੀਤੀਆਂ ਵਿੱਚ ਨਰਮੀ ਅਤੇ ਸ਼੍ਰੋਮਣੀ ਕਮੇਟੀ, ਵਿਸ਼ਵ ਸਿੱਖ ਸੰਗਠਨਾਂ ਦਾ ਸਹਿਯੋਗ ਮਿਲੇ, ਤਾਂ ਸਿੱਖ ਧਰਮ ਇਥੇ ਹੋਰ ਵਿਕਸਤ ਹੋ ਸਕਦਾ ਹੈ। ਗੁਰੂ ਨਾਨਕ ਦੇ ਸੁਨੇਹੇ ਨੂੰ ਜੀਵਤ ਰੱਖਣ ਲਈ, ਸਿੱਖ ਭਾਈਚਾਰੇ ਨੂੰ ਆਪਣੀ ਭਾਸ਼ਾ, ਸਭਿਆਚਾਰ ਅਤੇ ਧਰਮ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਦੀ ਲੋੜ ਹੈ।

ਉਜ਼ਬੇਕਿਸਤਾਨ ਵਿੱਚ ਸਿੱਖ ਧਰਮ ਦੀ ਮੌਜੂਦਗੀ, ਹਾਲਾਂਕਿ ਘੱਟ ਗਿਣਤੀ ਵਿੱਚ ਹੈ, ਪਰ ਇਸ ਦੀ ਸੇਵਾ ਅਤੇ ਸਮਾਨਤਾ ਦੀ ਭਾਵਨਾ ਸਥਾਨਕ ਸਮਾਜ ਵਿੱਚ ਡੂੰਘੀਆਂ ਪੈੜਾਂ ਛੱਡ ਰਹੀ ਹੈ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਨਾਲ ਜੁੜੀਆਂ ਸਾਖੀਆਂ ਅਤੇ ਸਿੱਖ ਵਪਾਰੀਆਂ ਦੀ ਵਸੇਬਾ ਨੇ ਇਸ ਖੇਤਰ ਵਿੱਚ ਸਿੱਖੀ ਦੀ ਨੀਂਹ ਰੱਖੀ। ਅੱਜ ਸਿੱਖ ਭਾਈਚਾਰਾ ਵਪਾਰ, ਸਿਹਤ, ਸਿੱਖਿਆ, ਅਤੇ ਖੇਤੀ ਵਿੱਚ ਯੋਗਦਾਨ ਪਾ ਰਿਹਾ ਹੈ, ਜਦਕਿ ਲੰਗਰ ਵਰਗੀਆਂ ਪਰੰਪਰਾਵਾਂ ਸਥਾਨਕ ਲੋਕਾਂ ਵਿੱਚ ਸਮਾਨਤਾ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਕਰ ਰਹੀਆਂ ਹਨ।

ਚੁਣੌਤੀਆਂ ਦੇ ਬਾਵਜੂਦ, ਸਿੱਖ ਭਾਈਚਾਰੇ ਦੀ ਸਮਰਪਣ ਭਾਵਨਾ ਅਤੇ ਸਥਾਨਕ ਸਮਾਜ ਨਾਲ ਸਾਂਝ ਨੇ ਉਜ਼ਬੇਕਿਸਤਾਨ ਵਿੱਚ ਸਿੱਖੀ ਦੀ ਮੌਜੂਦਗੀ ਨੂੰ ਜੀਵੰਤ ਰੱਖਿਆ ਹੈ। ਭਵਿੱਖ ਵਿੱਚ, ਸਰਕਾਰੀ ਸਹਿਯੋਗ ਅਤੇ ਅੰਤਰਰਾਸ਼ਟਰੀ ਸਿੱਖ ਸੰਗਠਨਾਂ ਦੀ ਮਦਦ ਨਾਲ, ਸਿੱਖ ਧਰਮ ਇਥੇ ਹੋਰ ਵਿਕਸਤ ਹੋ ਸਕਦਾ ਹੈ। ਗੁਰੂ ਨਾਨਕ ਦੇ ਸੁਨੇਹੇ 'ਸੱਚ, ਸੇਵਾ ਅਤੇ ਸਮਾਨਤਾ' ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਲਈ, ਸਿੱਖ ਭਾਈਚਾਰੇ ਨੂੰ ਆਪਣੀ ਭਾਸ਼ਾ, ਸੱਭਿਆਚਾਰ, ਅਤੇ ਧਰਮ ਦੀ ਸੰਭਾਲ ਲਈ ਯਤਨ ਜਾਰੀ ਰੱਖਣੇ ਪੈਣਗੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਸਰਸਵਤੀ ਵਿਹਾਰ ਜਸਵੰਤ ਸਿੰਘ ਅਤੇ ਤਰੁਣਦੀਪ ਦੀ ਹੱਤਿਆ ਦਾ ਮਾਮਲਾ

# ਸੱਜਣ ਕੁਮਾਰ ਨੇ ਉਮਰਕੈਦ ਨੂੰ ਹਾਈਕੋਰਟ ਵਿੱਚ ਦਿੱਤੀ ਚੁਣੌਤੀ


## ਕਾਨੂੰਨੀ ਲੜਾਈ ਲੜਨ ਵਾਲੇ ਐਚ.ਐੱਸ. ਫੂਲਕਾ ਤੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਦੀ ਉਮੀਦ

ਦਿੱਲੀ ਹਾਈਕੋਰਟ ਨੇ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਸਰਸਵਤੀ ਵਿਹਾਰ ਮਾਮਲੇ ਵਿੱਚ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਦੀ ਉਮਰ ਕੈਦ ਦੀ ਸਜ਼ਾ ਨੂੰ ਚੁਣੌਤੀ ਦੇਣ ਵਾਲੀ ਅਪੀਲ ’ਤੇ ਸੁਣਵਾਈ ਦੀ ਅਗਲੀ ਤਾਰੀਕ 19 ਨਵੰਬਰ 2025 ਨੂੰ ਮੁਕਰਰ ਕੀਤੀ ਹੈ। ਇਹ ਅਪੀਲ ਜਸਟਿਸ ਵਿਵੇਕ ਚੌਧਰੀ ਦੀ ਅਗਵਾਈ ਵਾਲੀ ਬੈਂਚ ਅੱਗੇ ਸੁਣੀ ਜਾਣੀ ਸੀ, ਪਰ ਬੈਂਚ ਦੇ ਨਾ ਬੈਠਣ ਕਾਰਨ ਸੁਣਵਾਈ ਮੁਲਤਵੀ ਕਰ ਦਿੱਤੀ ਗਈ। ਸੱਜਣ ਕੁਮਾਰ ਨੂੰ ਰਾਊਜ਼ ਐਵੇਨਿਊ ਅਦਾਲਤ ਨੇ 12 ਫਰਵਰੀ 2025 ਨੂੰ ਦੋਸ਼ੀ ਕਰਾਰ ਦਿੱਤਾ ਸੀ ਅਤੇ 25 ਫਰਵਰੀ 2025 ਨੂੰ ਉਮਰਕੈਦ ਦੀ ਸਜ਼ਾ ਸੁਣਾਈ ਸੀ।

31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਸਿੱਖ ਸੁਰੱਖਿਆ ਗਾਰਡਾਂ ਵੱਲੋਂ ਹੱਤਿਆ ਤੋਂ ਬਾਅਦ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਸਿੱਖ ਵਿਰੋਧੀ ਕਤਲੇਆਮ ਹੋਇਆ ਸੀ। ਇਸ ਕਤਲੇਆਮ ਵਿੱਚ ਹਜ਼ਾਰਾਂ ਸਿੱਖਾਂ ਦੀਆਂ ਜਾਨਾਂ ਗਈਆਂ, ਜਿਨ੍ਹਾਂ ’ਚ ਜਸਵੰਤ ਸਿੰਘ ਅਤੇ ਤਰੁਣਦੀਪ ਸਿੰਘ ਦੀ ਹੱਤਿਆ ਵੀ ਸ਼ਾਮਲ ਸੀ। ਨਾਨਾਵਤੀ ਕਮਿਸ਼ਨ ਦੀ ਰਿਪੋਰਟ ਮੁਤਾਬਕ, ਦਿੱਲੀ ਵਿਚ 2733 ਸਿੱਖਾਂ ਦੀ ਹੱਤਿਆ ਹੋਈ, ਹਾਲਾਂਕਿ ਸਿੱਖ ਜਥੇਬੰਦੀਆਂ ਦੇ ਅਨੁਸਾਰ ਇਹ ਅੰਕੜਾ ਇਸ ਤੋਂ ਕਿਤੇ ਵੱਧ ਸੀ। ਸ਼ਿਕਾਇਤਕਰਤਾਵਾਂ ਦੇ ਮੁਤਾਬਕ, ਸੱਜਣ ਕੁਮਾਰ, ਜੋ ਉਸ ਸਮੇਂ ਬਾਹਰੀ ਦਿੱਲੀ ਤੋਂ ਕਾਂਗਰਸ ਦੇ ਸੰਸਦ ਮੈਂਬਰ ਸਨ, ਨੇ ਕਾਤਲਾਂ,ਗੁੰਡਿਆਂ ਦੀ ਭੀੜ ਦੀ ਅਗਵਾਈ ਕੀਤੀ ਸੀ। ਸਵੇਰੇ ਭੀੜ ਨੇ ਲੋਹੇ ਦੀਆਂ ਸਰੀਆਂ, ਡੰਡਿਆਂ ਅਤੇ ਹੋਰ ਹਥਿਆਰਾਂ ਨਾਲ ਪੀੜਤਾਂ ਦੇ ਘਰ ’ਤੇ ਹਮਲਾ ਕੀਤਾ, ਜਿਸ ਵਿੱਚ ਜਸਵੰਤ ਸਿੰਘ ਅਤੇ ਤਰੁਣਦੀਪ ਸਿੰਘ ਨੂੰ ਜਿੰਦਾ ਸਾੜ ਦਿੱਤਾ ਗਿਆ। ਭੀੜ ਨੇ ਘਰ ਵਿੱਚ ਲੁੱਟਮਾਰ, ਤੋੜਫੋੜ ਅਤੇ ਸਾੜਫੂਕ ਵੀ ਕੀਤੀ।

ਸੀਨੀਅਰ ਵਕੀਲ ਐਚ.ਐੱਸ. ਫੂਲਕਾ, ਜੋ ਲੰਮੇ ਸਮੇਂ ਤੋਂ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੀ ਕਾਨੂੰਨੀ ਲੜਾਈ ਲੜ ਰਹੇ ਹਨ, ਨੇ ਦੱਸਿਆ ਕਿ ਭੀੜ ਨੇ ਨਾ ਸਿਰਫ ਜਸਵੰਤ ਸਿੰਘ ਅਤੇ ਤਰੁਣਦੀਪ ਸਿੰਘ ਨੂੰ ਜਿੰਦਾ ਸਾੜਿਆ, ਸਗੋਂ ਉਨ੍ਹਾਂ ਦੇ ਪਰਿਵਾਰ ਨੂੰ ਵੀ ਕੁੱਟਿਆ ਅਤੇ ਘਰ ਨੂੰ ਲੁੱਟਿਆ। ਜਸਵੰਤ ਸਿੰਘ ਦੀ ਧੀ, ਜਿਸ ਨੂੰ ਕੇਸ ’ਚ ਗਵਾਹ ਨੰਬਰ 11 ਅਤੇ ਪੀੜਤ ‘ਢ’ ਦੇ ਤੌਰ ’ਤੇ ਪਛਾਣਿਆ ਗਿਆ, ਨੇ ਅਦਾਲਤ ’ਚ ਦੱਸਿਆ ਕਿ ਸੱਜਣ ਕੁਮਾਰ ਨੇ ਭੀੜ ਨੂੰ ਹਮਲਾ ਕਰਨ ਲਈ ਉਕਸਾਇਆ ਸੀ। ਇਸ ਹਮਲੇ ਵਿੱਚ ਜਸਵੰਤ ਸਿੰਘ ਦੀ ਧੀ ਦੇ ਸਿਰ ’ਤੇ ਇੱਟ ਨਾਲ ਵਾਰ ਕੀਤਾ ਗਿਆ ਸੀ। ਜਸਵੰਤ ਸਿੰਘ ਦੀ ਪਤਨੀ ਨੇ ਜਸਟਿਸ ਜੇ.ਡੀ. ਜੈਨ ਅਤੇ ਜਸਟਿਸ ਡੀ.ਕੇ. ਅਗਰਵਾਲ ਦੀ ਕਮੇਟੀ ਅੱਗੇ 6 ਨਵੰਬਰ 1991 ਨੂੰ ਬਿਆਨ ਦਰਜ ਕਰਵਾਇਆ ਸੀ ਕਿ ਉਨ੍ਹਾਂ ਨੇ ਬਾਅਦ ਵਿੱਚ ਇੱਕ ਰਸਾਲੇ ਵਿਚ ਸੱਜਣ ਕੁਮਾਰ ਦੀ ਤਸਵੀਰ ਦੇਖੀ ਅਤੇ ਉਸ ਨੂੰ ਭੀੜ ਦੀ ਅਗਵਾਈ ਕਰਨ ਵਾਲੇ ਵਿਅਕਤੀ ਵਜੋਂ ਪਛਾਣਿਆ। ਸੱਜਣ ਕੁਮਾਰ ਨੂੰ ਅਦਾਲਤ ਨੇ ਦੋਹਰੀ ਉਮਰਕੈਦ ਦੀ ਸਜ਼ਾ ਸੁਣਾਈ ਹੈ। ਇੱਕ ਸਜ਼ਾ ਦੋ ਸਿੱਖਾਂ ਦੀ ਹੱਤਿਆ ਦੇ ਮਾਮਲੇ ਵਿੱਚ ਅਤੇ ਦੂਜੀ 436 ਘਰਾਂ ਨੂੰ ਸਾੜਨ ਅਤੇ ਲੁੱਟਣ ਦੇ ਦੋਸ਼ ਵਿੱਚ ਦਿੱਤੀ ਗਈ। ਫੂਲਕਾ ਨੇ ਕਿਹਾ, ਇਹ ਦੋਹਰੀ ਉਮਰਕੈਦ ਦੀ ਸਜ਼ਾ ਇਸ ਮਾਮਲੇ ਵਿੱਚ ਵੱਡੀ ਗੱਲ ਹੈ। ਜੱਜਾਂ ਨੇ ਆਪਣੇ ਫੈਸਲੇ ਵਿੱਚ ਸਪਸ਼ਟ ਲਿਖਿਆ ਹੈ ਕਿ ਸਰਕਾਰ ਨੇ ਫਾਂਸੀ ਦੀ ਮੰਗ ਕੀਤੀ ਸੀ, ਪਰ ਮਿਟੀਗੇਟਿੰਗ ਸਰਕਮਸਟਾਂਸਿਜ਼ (ਅਪਰਾਧ ਨੂੰ ਘਟਾਉਣ ਵਾਲੇ ਹਾਲਾਤ) ਕਾਰਨ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਗਈ।

ਇਨ੍ਹਾਂ ਹਾਲਾਤਾਂ ਵਿੱਚ ਸੱਜਣ ਕੁਮਾਰ ਦੀ 80 ਸਾਲ ਦੀ ਉਮਰ ਅਤੇ ਕਈ ਬਿਮਾਰੀਆਂ



ਨੂੰ ਧਿਆਨ ਵਿੱਚ ਰੱਖਿਆ ਗਿਆ। ਜੇਲ੍ਹ ਦੀ ਰਿਪੋਰਟ ਮੁਤਾਬਕ, ਸੱਜਣ ਕੁਮਾਰ ਆਪਣੇ ਆਪ ਨੂੰ ਸੰਭਾਲਣ ਦੇ ਸਮਰੱਥ ਨਹੀਂ ਹਨ ਅਤੇ ਉਨ੍ਹਾਂ ਨੂੰ ਬਾਥਰੂਮ ਜਾਣ ਲਈ ਵੀ ਸਹਾਇਤਾ ਦੀ ਲੋੜ ਪੈਂਦੀ ਹੈ। ਕਾਨੂੰਨ ਮੁਤਾਬਕ, 80 ਸਾਲ ਦੀ ਉਮਰ ਅਤੇ ਗੰਭੀਰ ਬਿਮਾਰੀਆਂ ਦੀ ਸਥਿਤੀ ਵਿੱਚ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਜਾ ਸਕਦੀ। ਫਿਰ ਵੀ, ਅਦਾਲਤ ਨੇ ਵੱਧ ਤੋਂ ਵੱਧ ਸਜ਼ਾ ਸੁਣਾਈ ਹੈ।

. ਕਾਨੂੰਨੀ ਲੜਾਈ ਅਤੇ ਐਚ.ਐੱਸ. ਫੂਲਕਾ ਦਾ ਯੋਗਦਾਨ

ਸੀਨੀਅਰ ਵਕੀਲ ਐਚ.ਐੱਸ. ਫੂਲਕਾ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੀ ਕਾਨੂੰਨੀ ਲੜਾਈ ਦੇ ਮੋਢੀ ਰਹੇ ਹਨ। ਉਨ੍ਹਾਂ ਨੇ ਇਸ ਮਾਮਲੇ ਵਿੱਚ ਜਸਵੰਤ ਸਿੰਘ ਦੇ ਪਰਿਵਾਰ ਦੀ ਨੁਮਾਇੰਦਗੀ ਕੀਤੀ ਅਤੇ ਸੱਜਣ ਕੁਮਾਰ ਨੂੰ ਸਜ਼ਾ ਦਿਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਫੂਲਕਾ ਦੱਸਦੇ ਹਨ ਕਿ ਜਸਵੰਤ ਸਿੰਘ ਦੀ ਪਤਨੀ ਨੇ 1985 ਵਿੱਚ ਹੀ ਰੰਗਨਾਥ ਮਿਸ਼ਰਾ ਕਮਿਸ਼ਨ ਅੱਗੇ ਹਲਫਨਾਮੇ ’ਚ ਸੱਜਣ ਕੁਮਾਰ ਦੀ ਭੀੜ ਦੀ ਅਗਵਾਈ ਦਾ ਜ਼ਿਕਰ ਕੀਤਾ ਸੀ, ਪਰ ਉਸ ਸਮੇਂ ਕੋਈ ਕਾਰਵਾਈ ਨਹੀਂ ਹੋਈ।

ਬਾਅਦ ਵਿੱਚ ਜਸਟਿਸ ਜੈਨ ਅਤੇ ਅਗਰਵਾਲ ਕਮੇਟੀ ਦੀ ਸਿਫਾਰਿਸ਼ ’ਤੇ 1991 ਵਿੱਚ ਸਰਸਵਤੀ ਵਿਹਾਰ ਥਾਣੇ ’ਚ ਐਫ.ਆਈ.ਆਰ. ਦਰਜ ਹੋਈ, ਜਿਸ ਵਿੱਚ ਭਾਰਤੀ ਦੰਡ ਸੰਘਤਾ ਦੀਆਂ ਧਾਰਾਵਾਂ ਤਹਿਤ ਦੋਸ਼ ਲਾਏ ਗਏ। ਪਰ ਪੁਲਿਸ ਨੇ ਇਸ ਕੇਸ ਨੂੰ ਬੰਦ ਕਰ ਦਿੱਤਾ। ਫੂਲਕਾ ਦੀ ਅਗਵਾਈ ਵਿੱਚ ਪੀੜਤ ਪਰਿਵਾਰ ਨੇ ਲੈਫਟੀਨੈਂਟ ਗਵਰਨਰ ਨੂੰ ਚਿੱਠੀਆਂ ਲਿਖੀਆਂ ਅਤੇ ਮੁੜ ਜਾਂਚ ਦੀ ਮੰਗ ਕੀਤੀ।

2014 ਵਿੱਚ ਜਦੋਂ ਐਨ.ਡੀ.ਏ. ਸਰਕਾਰ ਸੱਤਾ ’ਚ ਆਈ, ਫੂਲਕਾ ਨੇ ਪੁਲਿਸ ਵੱਲੋਂ ਬੰਦ ਕੀਤੇ ਗਏ ਕੇਸਾਂ ਦੀ ਮੁੜ ਜਾਂਚ ਦੀ ਮੰਗ ਉਠਾਈ। ਸਰਕਾਰ ਨੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਜੀ.ਪੀ. ਮਾਥੁਰ ਦੀ ਅਗਵਾਈ ਵਿੱਚ ਇੱਕ ਕਮੇਟੀ ਬਣਾਈ, ਜਿਸ ਨੇ ਰਿਪੋਰਟ ਦਿੱਤੀ ਕਿ ਕੇਸ ਗਲਤ ਤਰੀਕੇ ਨਾਲ ਬੰਦ ਕੀਤੇ ਗਏ ਅਤੇ ਸਬੂਤ ਮੌਜੂਦ ਹਨ। ਇਸ ਤੋਂ ਬਾਅਦ 2015 ਵਿੱਚ ਸਰਕਾਰ ਨੇ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐਸ.ਆਈ.ਟੀ.) ਦਾ ਗਠਨ ਕੀਤਾ, ਜਿਸ ਨੇ ਇਸ ਕੇਸ ਨੂੰ ਮੁੜ ਖੋਲ੍ਹਿਆ।

5 ਮਈ 2021 ਨੂੰ ਇਹ ਕੇਸ ਰਾਊਜ਼ ਐਵੇਨਿਊ ਅਦਾਲਤ ਵਿੱਚ ਸ਼ੁਰੂ ਹੋਇਆ ਅਤੇ 12 ਫਰਵਰੀ 2025 ਨੂੰ ਸੱਜਣ ਕੁਮਾਰ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਗਵਾਹਾਂ ਦੀ ਪਛਾਣ ਨੂੰ ਗੁਪਤ ਰੱਖਣ ਦੇ ਅਦਾਲਤੀ ਹੁਕਮਾਂ ਕਾਰਨ ਪੀੜਤ ਪਰਿਵਾਰ ਨੇ ਬਿਆਨ ਦਰਜ ਕਰਵਾਏ। ਫੂਲਕਾ ਦੱਸਦੇ ਹਨ, ਪਰਿਵਾਰ ਬਹੁਤ ਡਰਿਆ ਹੋਇਆ ਸੀ। ਅਦਾਲਤ ਦੇ ਖਾਸ ਹੁਕਮਾਂ ਨਾਲ ਗਵਾਹਾਂ ਦੀ ਪਛਾਣ ਗੁਪਤ ਰੱਖੀ ਗਈ, ਜਿਸ ਨਾਲ ਉਨ੍ਹਾਂ ਨੇ ਹਿੰਮਤ ਕਰਕੇ ਬਿਆਨ ਦਿੱਤੇ।

ਸਜ਼ਾਵਾਂ ਵਿੱਚ ਦੇਰੀ ਅਤੇ ਬਾਕੀ ਮਾਮਲੇ

1984 ਦੇ ਸਿੱਖ ਕਤਲੇਆਮ ਦੀ ਜਾਂਚ ਲਈ ਸਰਕਾਰ ਨੇ ਕਈ ਕਮਿਸ਼ਨ ਅਤੇ ਕਮੇਟੀਆਂ ਬਣਾਈਆਂ, ਜਿਨ੍ਹਾਂ ’ਚ ਮਾਰਵਾੜੀ ਕਮਿਸ਼ਨ, ਰੰਗਨਾਥ ਮਿਸ਼ਰਾ ਕਮਿਸ਼ਨ, ਜੈਨ-ਅਗਰਵਾਲ ਕਮੇਟੀ ਅਤੇ ਨਾਨਾਵਤੀ ਕਮਿਸ਼ਨ ਸ਼ਾਮਲ ਹਨ। ਇਨ੍ਹਾਂ ਕਮਿਸ਼ਨਾਂ ਦੀਆਂ ਸਿਫਾਰਿਸ਼ਾਂ ਦੇ ਬਾਵਜੂਦ, ਜ਼ਿਆਦਾਤਰ ਮਾਮਲਿਆਂ ਵਿਚ ਸਜ਼ਾਵਾਂ ਵਿੱਚ ਦੇਰੀ ਹੋਈ। ਫੂਲਕਾ ਦੱਸਦੇ ਹਨ ਕਿ ਸ਼ੁਰੂਆਤੀ ਸਾਲਾਂ ’ਚ ਪੁਲਿਸ ਅਤੇ ਸਿਆਸੀ ਦਖਲਅੰਦਾਜ਼ੀ ਕਾਰਨ ਕਈ ਮਾਮਲੇ ਬੰਦ ਕਰ ਦਿੱਤੇ ਗਏ। ਸਬੂਤਾਂ ਦੀ ਘਾਟ, ਗਵਾਹਾਂ ਦੇ ਡਰ ਅਤੇ ਸਿਆਸੀ ਦਬਾਅ ਨੇ ਜਾਂਚ ਨੂੰ ਪ੍ਰਭਾਵਿਤ ਕੀਤਾ।

ਫੂਲਕਾ ਦੇ ਮੁਤਾਬਕ, ਜ਼ਿਆਦਾਤਰ ਮਾਮਲੇ ਹੁਣ ਖਤਮ ਹੋ ਚੁੱਕੇ ਹਨ। ਸੱਜਣ ਕੁਮਾਰ ਖ਼ਿਲਾਫ਼ ਇੱਕ ਹੋਰ ਮਾਮਲਾ ਬਾਕੀ ਹੈ। ਇਸ ਤੋਂ ਇਲਾਵਾ, ਜਗਦੀਸ਼ ਟਾਈਟਲਰ ਖ਼ਿਲਾਫ਼ ਤਿੰਨ ਸਿੱਖਾਂ ਦੀ ਹੱਤਿਆ ਦਾ ਇੱਕ ਮਾਮਲਾ ਚੱਲ ਰਿਹਾ ਹੈ। ਟਰਾਇਲ ਕੋਰਟ ਵਿੱਚ ਤਿੰਨ ਹੋਰ ਮਾਮਲੇ ਵਿਚਾਰ ਅਧੀਨ ਹਨ ਅਤੇ ਕੁਝ ਅਪੀਲਾਂ ਹਾਈਕੋਰਟ ਅਤੇ ਸੁਪਰੀਮ ਕੋਰਟ ਵਿੱਚ ਪੈਂਡਿੰਗ ਹਨ। ਸੱਜਣ ਕੁਮਾਰ ਫਿਲਹਾਲ ਦਿੱਲੀ ਦੀ ਤਿਹਾੜ ਜੇਲ੍ਹ ’ਚ ਬੰਦ ਹਨ ਅਤੇ ਉਨ੍ਹਾਂ ਦੀ ਸਿਹਤ ਦੀ ਸਥਿਤੀ ਨਾਜ਼ੁਕ ਦੱਸੀ ਜਾ ਰਹੀ ਹੈ। ਫੂਲਕਾ ਦਾ ਮੰਨਣਾ ਹੈ ਕਿ ਸੱਜਣ ਕੁਮਾਰ ਨੂੰ ਦਿੱਤੀ ਗਈ ਉਮਰਕੈਦ ਦੀ ਸਜ਼ਾ ਇਸ ਮਾਮਲੇ ’ਚ ਨਿਆਂ ਦੀ ਦਿਸ਼ਾ ’ਚ ਵੱਡਾ ਕਦਮ ਹੈ, ਪਰ ਅਜੇ ਵੀ ਕਈ ਪੀੜਤ ਪਰਿਵਾਰ ਨਿਆਂ ਦੀ ਉਡੀਕ ਵਿੱਚ ਹਨ। ਸੱਜਣ ਕੁਮਾਰ ਦੀ ਅਪੀਲ ਦਾ ਨਤੀਜਾ ਇਸ ਮਾਮਲੇ ਦੀ ਅਗਲੀ ਦਿਸ਼ਾ ਤੈਅ ਕਰੇਗਾ।



# ਅਧੂਰਾ ਰਹਿ ਗਿਆ 2.35 ਲੱਖ ਵਿਦੇਸ਼ੀ ਨਾਗਰਿਕਾਂ ਦਾ ਕੈਨੇਡਾ ਜਾਣ ਦਾ ਸੁਪਨਾ

ਕੈਨੇਡਾ ਦੀਆਂ ਸਖ਼ਤ ਵੀਜ਼ਾ ਨੀਤੀਆਂ ਕਰਕੇ ਮੌਜੂਦਾ ਵਰ੍ਹੇ ਦੌਰਾਨ 2.35 ਲੱਖ ਵਿਦੇਸ਼ੀ ਨਾਗਰਿਕਾਂ ਦਾ ਕੈਨੇਡਾ ਪੁੱਜਣ ਦਾ ਸੁਪਨਾ ਅਧੂਰਾ ਰਹਿ ਗਿਆ। ਇਸ ਵਿਚ ਸਟੱਡੀ ਵੀਜ਼ਾ, ਟੈਂਪਰੇਰੀ ਫ਼ੌਰਨ ਵਰਕਰਜ਼ ਦੇ ਜੀਵਨ ਸਾਥੀ ਤੇ ਵਰਕ ਪਰਮਿਟ ਅਰਜ਼ੀਆਂ ਵਾਲੇ ਹਨ। ਜੇਕਰ ਸਟੱਡੀ ਵੀਜ਼ਾ ਨਾਲ ਸਬੰਧਿਤ ਅੰਕੜਿਆਂ ਨੂੰ ਦੇਖਿਆ ਜਾਵੇ ਤਾਂ ਦਸੰਬਰ 2023 ਦੌਰਾਨ 95 ਹਜ਼ਾਰ ਤੋਂ ਵੱਧ ਵੀਜ਼ੇ ਜਾਰੀ ਕੀਤੇ ਗਏ ਅਤੇ ਦਸੰਬਰ 2020 ਵਿਚ ਇਹ ਅੰਕੜਾ ਸਿਰਫ਼ 30 ਹਜ਼ਾਰ ਰਹਿ ਗਿਆ।

ਇੰਟਰਨੈਸ਼ਨਲ ਸਟੂਡੈਂਟਸ ਅਤੇ ਟੈਂਪਰੇਰੀ ਫ਼ੌਰਨ ਵਰਕਰਜ਼ ਦੇ ਜੀਵਨ ਸਾਥੀਆਂ ਨੂੰ ਵਰਕ ਪਰਮਿਟ ਤੋਂ ਸਾਫ਼ ਨਾਂਹ ਕੀਤੀ ਜਾ ਰਹੀ ਹੈ। ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਮੁਤਾਬਕ ਇਸ ਸਾਲ ਜਨਵਰੀ ਤੋਂ ਜੁਲਾਈ ਦਰਮਿਆਨ 1.23 ਲੱਖ ਸਾਬਕਾ ਟੈਂਪਰੇਰੀ ਰੈਜ਼ੀਡੈਂਟ ਕੈਨੇਡਾ ਦੇ ਪਰਮਾਨੈਂਟ ਰੈਜ਼ੀਡੈਂਟ ਬਣਨ ਵਿੱਚ ਸਫਲ ਰਹੇ। ਇਹ ਅੰਕੜਾ ਮੁਲਕ ਦੇ ਨਵੇਂ ਪਰਮਾਨੈਂਟ ਰੈਜ਼ੀਡੈਂਟ ਦਾ 50 ਫ਼ੀਸਦੀ ਬਣਦਾ ਹੈ। ਕੈਨੇਡਾ ਸਰਕਾਰ ਟੈਂਪਰੇਰੀ ਰੈਜ਼ੀਡੈਂਟ ਦੀ ਗਿਣਤੀ ਕੁਲ

## ਪਿਛਲੇ ਵਰ੍ਹੇ ਦੇ ਮੁਕਾਬਲੇ ਇੱਕ ਲੱਖ ਘੱਟ ਗਈ ਇੰਟਰਨੈਸ਼ਨਲ ਸਟੂਡੈਂਟਸ ਦੀ ਗਿਣਤੀ

ਆਬਾਦੀ ਦਾ 5 ਫ਼ੀਸਦੀ ਦੇ ਬਰਾਬਰ ਲਿਆਉਣਾ ਚਾਹੁੰਦੀ ਹੈ ਅਤੇ ਇਸੇ ਤਹਿਤ ਪਹਿਲਾਂ ਤੋਂ ਮੁਲਕ ਵਿਚ ਮੌਜੂਦ ਵਿਦੇਸ਼ੀ ਨਾਗਰਿਕਾਂ ਨੂੰ ਚਲਦਾ ਕੀਤਾ ਜਾ ਰਿਹਾ ਹੈ।

ਘੱਟ ਉਜਰਤ ਦਰਾਂ ’ਤੇ ਐੱਲ.ਐੱਮ.ਆਈ.ਏ. ਜਾਰੀ ਨਾ ਕਰਨ ਵਾਲੇ ਇਲਾਕਿਆਂ ਦੀ ਗਿਣਤੀ ਵਧ ਕੇ 32 ਹੋ ਚੁੱਕੀ ਹੈ। ਇਸ ਵਿੱਚ ਓਨਟਾਰੀਓ ਦਾ ਗੁਏਲਫ ਅਤੇ ਗ੍ਰੇਟਰ ਸੂਦਬਰੀ, ਮੈਨੀਟੋਬਾ ਦਾ ਵਿਨੀਪੈਗ, ਐਲਬਰਟਾ ਦਾ ਰੈੱਡ ਡੀਅਰ ਅਤੇ ਲੈਥਬ੍ਰਿਜ ਅਤੇ ਬੀ.ਸੀ. ਦਾ ਕਲੋਨਾ ਸ਼ਹਿਰ ਵੀ ਸੂਚੀ ਵਿੱਚ ਆ ਚੁੱਕੇ ਹਨ। ਕੱਚਿਆਂ ਦੀ ਗਿਣਤੀ ਘਟਾਉਣ ਵਿੱਚ ਜੁਟੀ ਸਰਕਾਰ ਇਨ੍ਹਾਂ ਸ਼ਹਿਰਾਂ ਦੇ ਇੰਪਲੌਇਰ ਹੁਣ ਘੱਟ ਉਜ਼ਰਤਾਂ ਦੀ ਪੇਸ਼ਕਸ਼ ਕਰਦਿਆਂ ਐੱਲ.ਐੱਮ.ਆਈ.ਏ. ਹਾਸਲ ਨਹੀਂ ਕਰ ਸਕਣਗੇ।




ਕੈਨੇਡਾ ਪੁੱਜ ਰਹੇ ਇੰਟਰਨੈਸ਼ਨਲ ਸਟੂਡੈਂਟਸ ਦੀ ਗਿਣਤੀ ਪਿਛਲੇ ਵਰ੍ਹੇ ਦੇ ਮੁਕਾਬਲੇ ਇਕ ਲੱਖ ਘੱਟ ਗਈ ਜਦਕਿ ਸਾਲ ਦੇ ਅੰਤ ਤੱਕ ਇਹ ਅੰਕੜਾ 2 ਲੱਖ ਤੱਕ ਪੁੱਜ ਸਕਦਾ ਹੈ। ਇਸੇ ਤਰ੍ਹਾਂ ਵਰਕ ਪਰਮਿਟ ਅਰਜ਼ੀਆਂ ’ਤੇ ਵੀ ਕੈਂਚੀ ਚੱਲ ਰਹੀ ਹੈ ਅਤੇ

## ਕੈਨੇਡਾ ਦੇ ਹਾਲਾਤ ਨੂੰ ਵੇਖਦਿਆਂ 1.14 ਲੱਖ ਲੋਕ ਪਰਤ ਗਏ ਆਪਣੇ ਜੱਦੀ ਮੁਲਕਾਂ ਨੂੰ

ਪਿਛਲੇ ਸਾਲ ਦੇ ਮੁਕਾਬਲੇ ਕੈਨੇਡਾ ਪੁੱਜਣ ਵਾਲਿਆਂ ਦੀ ਗਿਣਤੀ 1.34 ਲੱਖ ਘਟ ਗਈ। ਸਿਰਫ਼ ਜੁਲਾਈ ਮਹੀਨੇ ਦਾ ਅੰਕੜਾ ਦੇਖਿਆ ਜਾਵੇ ਤਾਂ 2024 ਦੌਰਾਨ ਤਕਰੀਬਨ 30 ਹਜ਼ਾਰ ਨਵੇਂ ਕਿਰਤੀ ਕੈਨੇਡਾ ਪੁੱਜੇ ਸਨ ਪਰ ਇਸ ਸਾਲ ਅੰਕੜਾ 18,500 ਦਰਜ ਕੀਤਾ ਗਿਆ। ਇੰਟਰਨੈਸ਼ਨਲ ਸਟੂਡੈਂਟਸ ਦੇ ਮਾਮਲੇ ਵਿਚ ਵੀ ਜੁਲਾਈ 2024 ਦੌਰਾਨ 17 ਹਜ਼ਾਰ ਤੋਂ ਵੱਧ ਨੌਜਵਾਨ ਕੈਨੇਡਾ ਪੁੱਜੇ ਪਰ ਇਸ ਵਾਰ ਅੰਕੜਾ 7,685 ਰਹਿ ਗਿਆ।

ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਦੇ ਹਾਲਾਤ ਨੂੰ ਵੇਖਦਿਆਂ 1.14 ਲੱਖ ਲੋਕ ਆਪਣੇ ਜੱਦੀ ਮੁਲਕ ਪਰਤ ਗਏ। 1971 ਤੋਂ ਬਾਅਦ ਪਹਿਲੀ ਵਾਰ ਕੈਨੇਡਾ ਛੱਡ ਕੇ ਜਾਣ ਵਾਲਿਆਂ ਦੀ ਗਿਣਤੀ ਮੁਲਕ ਵਿੱਚ ਦਾਖਲ ਹੋਣ ਵਾਲਿਆਂ ਤੋਂ ਵੱਧ ਦਰਜ ਕੀਤੀ ਗਈ। ਇਸ ਰੁਝਾਨ ਸਦਕਾ ਕੈਨੇਡੀਅਨ ਵਸੋਂ ਵਿੱਚ ਵਾਧੇ ਦੀ ਰਫ਼ਤਾਰ ਤਕਰੀਬਨ ਸਿਫ਼ਰ ’ਤੇ ਆ ਚੁੱਕੀ ਹੈ।

# ਅਮਰੀਕਾ ਅਜੇ ਵੀ ਭਾਰਤੀਆਂ ਦੀ ਪਹਿਲੀ ਪਸੰਦ ਕਿਉਂ ?

ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਵਿਵਾਦ ਅਜੇ ਵੀ ਜਾਰੀ ਹੈ। ਇਸ ਦੌਰਾਨ ਟਰੰਪ ਸਰਕਾਰ ਨੇ ਐਚ ਵਨ ਬੀ ਵੀਜ਼ਾ ਨੂੰ ਹੋਰ ਸਖ਼ਤ ਕਰ ਦਿੱਤਾ ਹੈ, ਜਿਸ ਨਾਲ ਨੌਕਰੀਆਂ ਲਈ ਸੰਕਟ ਵਧ ਗਿਆ ਹੈ। ਪਰ ਇਨ੍ਹਾਂ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਵੀ ਅਮਰੀਕਾ ਭਾਰਤੀ ਵਿਦਿਆਰਥੀਆਂ ਲਈ ਪਹਿਲੀ ਪਸੰਦ ਬਣਿਆ ਹੋਇਆ ਹੈ। 10 ਲੱਖ ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀਆਂ ਨਾਲ ਅਮਰੀਕਾ ਅੱਜ ਵੀ ਵਿਦੇਸ਼ੀ ਪੜ੍ਹਾਈ ਲਈ ਸਭ ਤੋਂ ਵੱਡਾ ਆਕਰਸ਼ਣ ਹੈ। ਦੁਨੀਆ ਭਰ ਤੋਂ ਵਿਦਿਆਰਥੀ ਇੱਥੇ ਅਧਿਐਨ, ਨਵੀਨਤਾ ਅਤੇ ਵਿਗਿਆਨਕ ਖੋਜ ਲਈ ਆਉਂਦੇ ਹਨ।

ਅਮਰੀਕਾ ਵਿੱਚ ਹਾਰਵਰਡ ਯੂਨੀਵਰਸਿਟੀ, ਮੈਸਾਚੂਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ, ਸਟੈਨਫੋਰਡ ਯੂਨੀਵਰਸਿਟੀ, ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਬਰਕਲੇ, ਪ੍ਰਿੰਸਟਨ ਅਤੇ ਯੇਲ ਯੂਨੀਵਰਸਿਟੀ ਵਰਗੇ ਦੁਨੀਆ ਦੇ ਸਭ ਤੋਂ ਟੌਪ ਰੈਂਕ ਵਾਲੇ ਸੰਸਥਾਨ ਹਨ। ਇਹ ਯੂਨੀਵਰਸਿਟੀਆਂ ਕਿਊ ਐਸ ਵਰਲਡ ਯੂਨੀਵਰਸਿਟੀ ਰੈਂਕਿੰਗ ਅਤੇ ਟਾਈਮਜ਼ ਹਾਇਰ ਐਜੂਕੇਸ਼ਨ ਵਰਗੀਆਂ ਗਲੋਬਲ ਰੈਂਕਿੰਗਾਂ ਵਿੱਚ ਹਮੇਸ਼ਾ ਟੌਪ ’ਤੇ ਰਹਿੰਦੀਆਂ ਹਨ। ਵਿਦਿਆਰਥੀਆਂ ਨੂੰ ਅਧਿਐਨ ਅਤੇ ਖੋਜ ਲਈ ਸਕਾਲਰਸ਼ਿਪ ਮਿਲਦੇ ਹਨ। ਸਰਕਾਰ ਵੱਲੋਂ ਯੂਨੀਵਰਸਿਟੀਆਂ ਨੂੰ ਖੋਜ ਲਈ ਕਰੋੜਾਂ ਡਾਲਰਾਂ ਦੀ ਗਰਾਂਟ ਮਿਲਦੀ ਹੈ। ਇਹ ਸਭ ਕੁਝ ਭਾਰਤੀ ਵਿਦਿਆਰਥੀਆਂ ਨੂੰ ਖਿੱਚਦਾ ਹੈ।

ਪਰ ਵੀਜ਼ਾ ਨਾਲ ਜੁੜੀਆਂ ਰੁਕਾਵਟਾਂ ਵੀ ਘੱਟ ਨਹੀਂ। ਰਾਸ਼ਟਰੀ ਸੁਰੱਖਿਆ ਅਤੇ ਅਮਰੀਕੀ ਨਾਗਰਿਕਾਂ ਲਈ ਨੌਕਰੀਆਂ ਵਧਾਉਣ ਦੇ ਨਾਂਅ ’ਤੇ ਟਰੰਪ ਪ੍ਰਸ਼ਾਸਨ ਦੀਆਂ ਨਵੀਆਂ ਪਾਲਿਸੀਆਂ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਵੀਜ਼ਾ ਪ੍ਰਕਿਰਿਆ ਨੂੰ ਮੁਸ਼ਕਲ ਬਣਾ ਦਿੱਤਾ ਹੈ। ਇਹਨਾਂ ਤਬਦੀਲੀਆਂ ਨੇ ਵਿਦੇਸ਼ੀ ਵਿਦਿਆਰਥੀਆਂ ਦੇ ਅਮਰੀਕਾ ਵਿੱਚ ਰਹਿਣ ਵਾਲੇ ਸਟੇਟਸ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ। ਪਰ ਫਿਰ ਵੀ ਜ਼ਿਆਦਾਤਰ ਲੋਕਾਂ ਦਾ ਮੰਨਣਾ ਹੈ ਕਿ ਉੱਚ ਸਿੱਖਿਆ ਲਈ ਅਮਰੀਕਾ ਹੀ ਸਭ ਤੋਂ ਵਧੀਆ ਬਦਲ ਹੈ।

## ਐਚ1-ਬੀ ਵੀਜ਼ਾ ਉੱਪਰ ਟਰੰਪ ਨੇ ਕਿਉਂ ਲਗਾਈ ਭਾਰੀ ਫੀਸ, ਨੌਕਰੀਆਂ ਦਾ ਸੰਕਟ ਕਿਉਂ ?



ਸਰਕਾਰੀ ਅੰਕੜਿਆਂ ਮੁਤਾਬਕ, ਵੀਜ਼ਾ ਰੁਕਾਵਟਾਂ ਕਾਰਨ ਅਗਸਤ 2025 ਵਿੱਚ ਅਮਰੀਕਾ ਆਉਣ ਵਾਲੇ ਵਿਦਿਆਰਥੀਆਂ ਵਿੱਚ ਸਭ ਤੋਂ ਵੱਧ 45 ਫੀਸਦੀ ਕਮੀ ਭਾਰਤੀ ਵਿਦਿਆਰਥੀਆਂ ਦੀ ਰਹੀ। ਇਸ ਨਾਲ ਭਾਰਤੀ ਵਿਦਿਆਰਥੀ ਕੈਨੇਡਾ, ਯੂਕੇ ਅਤੇ ਜਰਮਨੀ ਵਰਗੇ ਦੇਸ਼ਾਂ ਵੱਲ ਵੀ ਵੇਖ ਰਹੇ ਹਨ, ਪਰ ਅਮਰੀਕਾ ਦੀ ਚਮਕ ਅਜੇ ਵੀ ਘੱਟ ਨਹੀਂ ਹੋਈ।

ਭਾਰਤੀ ਵਿਦਿਆਰਥੀਆਂ ਦੀ ਰਾਏ ਵਿੱਚ, ਅਮਰੀਕਾ ਦੀ ਸਿੱਖਿਆ ਪ੍ਰਣਾਲੀ ਵਿਸ਼ਵ ਪੱਧਰੀ ਹੈ। ਇੱਥੇ ‘ਸਟੀਮ’ (ਸਾਇੰਸ, ਟੈਕਨਾਲੋਜੀ, ਐਂਜੀਨੀਅਰਿੰਗ, ਮੈਥਸ) ਕੋਰਸਾਂ ਵਿੱਚ ਵਿਸ਼ਵਵਿਆਪੀ ਮੌਕੇ ਹਨ। ਗੂਗਲ, ਮਾਈਕ੍ਰੋਸਾਫਟ, ਅਮੇਜ਼ਨ ਅਤੇ ਟੈਸਲਾ ਵਰਗੀਆਂ ਕੰਪਨੀਆਂ ਨੇ ਭਾਰਤੀ ਟੈਲੰਟ ਨੂੰ ਹਮੇਸ਼ਾ ਅੱਗੇ ਵਧਾਇਆ ਹੈ।

2024-25 ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ 3 ਲੱਖ ਤੋਂ ਵੱਧ ਸੀ, ਜੋ ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚੋਂ ਇੱਕ ਚੌਥਾਈ ਹੈ। ਪਰ 2025 ਵਿੱਚ ਵੀਜ਼ਾ ਅਪਰੂਵਲ ਰੇਟ ਵਿੱਚ 38 ਫੀਸਦੀ ਕਮੀ ਆਈ ਹੈ।

ਐਚ ਵਨ ਬੀ ਵੀਜ਼ਾ ਬਾਰੇ ਟਰੰਪ ਨੇ ਭਾਰੀ ਫੀਸ ਕਿਉਂ ਲਗਾਈ ?

19 ਸਤੰਬਰ 2025 ਨੂੰ ਟਰੰਪ ਨੇ ਇੱਕ ਪ੍ਰਮੁੱਖ ਪ੍ਰਸ਼ਾਸਕੀ ਐਲਾਨ ਕੀਤਾ ਸੀ, ਜਿਸ ਵਿੱਚ ਨਵੇਂ ਐਚ ਵਨ ਬੀ ਵੀਜ਼ਾ ਪਟੀਸ਼ਨਾਂ ਲਈ 100,000 ਡਾਲਰ ਦੀ ਫੀਸ ਲਗਾਈ ਗਈ ਸੀ। ਇਹ ਫੀਸ 21 ਸਤੰਬਰ 2025 ਤੋਂ ਲਾਗੂ ਹੋ ਗਈ ਸੀ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਐਚ ਵਨ ਬੀ ਪ੍ਰੋਗਰਾਮ ਨੂੰ ਅਮਰੀਕੀ ਕਾਮਿਆਂ ਨੂੰ ਨੁਕਸਾਨ ਪਹੁੰਚਾਉਣ ਲਈ ਗਲਤ ਢੰਗ ਨਾਲ ਵਰਤੋਂ ਕੀਤੀ ਜਾ ਰਹੀ ਹੈ। ਉਹਨਾਂ ਨੇ ਕਿਹਾ ਕਿ ਇਹ ਵੀਜ਼ਾ ਉੱਚ ਕੁਸ਼ਲ ਵਿਦੇਸ਼ੀ ਕਾਮਿਆਂ ਲਈ ਹੈ, ਪਰ ਕੁਝ ਕੰਪਨੀਆਂ ਇਸ ਨੂੰ ਸਸਤੇ ਅਤੇ ਘੱਟ ਕੁਸ਼ਲ ਮਜ਼ਦੂਰਾਂ ਨੂੰ ਲਿਆਉਣ ਲਈ ਵਰਤ ਰਹੀਆਂ ਹਨ, ਜਿਸ ਨਾਲ ਅਮਰੀਕੀ ਨੌਕਰੀਆਂ ਖ਼ਤਰੇ ਵਿੱਚ ਪੈ ਜਾਂਦੀਆਂ ਹਨ।

ਵ੍ਹਾਈਟ ਹਾਊਸ ਨੇ ਸਪੱਸ਼ਟ ਕੀਤਾ ਸੀ ਕਿ ਇਹ ਫੀਸ ਸਿਰਫ਼ ਨਵੇਂ ਅਪਲਾਈ ਕਰਨ ਵਾਲਿਆਂ ਲਈ ਹੈ, ਜੋ ਅਮਰੀਕਾ ਦੇ ਬਾਹਰ ਹਨ। ਪੁਰਾਣੇ ਵੀਜ਼ਾ ਹੋਲਡਰਾਂ ਤੇ ਇਸ ਦਾ ਅਸਰ ਨਹੀਂ ਪਵੇਗਾ। ਪਰ ਇਹ ਫੈਸਲਾ ਟੈਕ ਇੰਡਸਟਰੀ ਲਈ ਵੱਡਾ ਝਟਕਾ ਸੀ। ਇੰਡੀਆ ਦੇ ਵਿਦੇਸ਼ ਮੰਤਰਾਲੇ ਨੇ ਵੀ ਇਸ ਬਾਰੇ ਚਿੰਤਾ ਜ਼ਾਹਰ ਕੀਤੀ ਸੀ ਅਤੇ ਕਿਹਾ ਸੀ ਕਿ ਇਹ ਅਮਰੀਕੀ ਇਨੋਵੇਸ਼ਨ ਨੂੰ ਨੁਕਸਾਨ ਪਹੁੰਚਾਏਗਾ।

ਇਸ ਨਾਲ ਅਮਰੀਕੀ ਆਰਥਿਕਤਾ ਨੂੰ ਵੀ ਝਟਕਾ ਲੱਗੇਗਾ। ਰਿਪੋਰਟਾਂ ਮੁਤਾਬਕ, 730,000 ਐਚ ਵਨ ਬੀ ਹੋਲਡਰ ਅਤੇ ਉਹਨਾਂ ਦੇ 550,000 ਨਿਰਭਰ ਵਿਅਕਤੀ ਅਮਰੀਕੀ ਆਰਥਿਕਤਾ ਨੂੰ 1.3 ਮਿਲੀਅਨ ਰੈਜ਼ੀਡੈਂਟਸ ਵਜੋਂ ਸਹਾਰਾ ਦਿੰਦੇ ਹਨ। ਇਹ ਲੋਕ ਟੈਕਸ ਅਦਾ ਕਰਦੇ ਹਨ ਅਤੇ ਵੱਡੀਆਂ ਕੰਪਨੀਆਂ ਨੂੰ ਚਲਾਉਂਦੇਹਨ। ਐਲਨ ਮਸਕ ਨੇ ਵੀ ਕਿਹਾ ਸੀ ਕਿ ਐਚ ਵਨ ਬੀ ਨੇ ਅਮਰੀਕਾ ਨੂੰ ਮਜ਼ਬੂਤ ਬਣਾਇਆ ਹੈ। ਪਰ ਟਰੰਪ ਦੀ ਇਸ ਪਾਲਿਸੀ ਕਾਰਨ ਟੈਲੰਟ ਨੂੰ ਜਰਮਨੀ ਜਾਂ ਕੈਨੇਡਾ ਵੱਲ ਵੱਲ ਜਾਣ ਦਾ ਡਰ ਹੈ। ਪਰ ਇਹ ਸਭ ਹੋਣ ’ਤੇ ਵੀ ਭਾਰਤੀ ਵਿਦਿਆਰਥੀ ਅਮਰੀਕਾ ਨੂੰ ਛੱਡਣ ਨੂੰ ਤਿਆਰ ਨਹੀਂ। ਕਾਰਨ ਹੈ ਉੱਚ ਗੁਣਵੱਤਾ ਵਾਲੀ ਸਿੱਖਿਆ, ਵਿਸ਼ਵ ਪੱਧਰੀ ਰਿਸਰਚ ਅਤੇ ਨੌਕਰੀਆਂ ਦੇ ਮੌਕੇ। ਉਹਨਾਂ ਨੂੰ ਲੱਗਦਾ ਹੈ ਕਿ ਵੀਜ਼ਾ ਮੁਸ਼ਕਲਾਂ ਅਸਥਾਈ ਹਨ, ਪਰ ਅਮਰੀਕੀ ਡਿਗਰੀ ਜੀਵਨ ਬਦਲ ਦਿੰਦੀ ਹੈ।

# ਐੱਚ-1ਬੀ ਵੀਜ਼ਾ ਅਰਜ਼ੀਆਂ ’ਤੇ ਇੱਕ ਲੱਖ ਡਾਲਰ ਫ਼ੀਸ ਥੋਪਣ ਦੇ ਫ਼ੈਸਲੇ ਖ਼ਿਲਾਫ਼ ਮੁਕੱਦਮਾ

ਅਮਰੀਕੀ ਚੈਂਬਰ ਆਫ਼ ਕਾਮਰਸ ਨੇ ਟਰੰਪ ਪ੍ਰਸ਼ਾਸਨ ਵੱਲੋਂ ਸਾਰੀਆਂ ਨਵੀਆਂ ਐੱਚ-1ਬੀ ਵੀਜ਼ਾ ਅਰਜ਼ੀਆਂ ’ਤੇ ਇੱਕ ਲੱਖ ਡਾਲਰ ਫ਼ੀਸ ਥੋਪਣ ਦੇ ਫ਼ੈਸਲੇ ਖ਼ਿਲਾਫ਼ ਮੁਕੱਦਮਾ ਕੀਤਾ ਹੈ। ਚੈਂਬਰ ਨੇ ਇਸ ਨੂੰ ਗੁਮਰਾਹ ਕਰਨ ਵਾਲੀ ਨੀਤੀ ’ਤੇ ਸਪੱਸ਼ਟ ਤੌਰ ’ਤੇ ਗ਼ੈਰ-ਕਾਨੂੰਨੀ ਦੱਸਿਆ ਹੈ ਜੋ ਅਮਰੀਕੀ ਇਨੋਵੇਸ਼ਨ ਅਤੇ ਮੁਕਾਬਲੇਬਾਜ਼ੀ ਨੂੰ ਕਮਜ਼ੋਰ ਕਰ ਸਕਦੀ ਹੈ। ਐੱਚ-1ਬੀ ਵੀਜ਼ਾਧਾਰਕਾਂ ’ਚ ਕਰੀਬ 71 ਫ਼ੀਸਦੀ ਭਾਰਤੀ ਹੁੰਦੇ ਹਨ। ਇਹ ਮੁਕੱਦਮਾ ਪਿਛਲੇ ਦਿਨੀਂ ਕੋਲੰਬੀਆ ਦੀ ਜ਼ਿਲ੍ਹਾ ਅਦਾਲਤ ’ਚ ਦਾਇਰ ਕੀਤਾ ਗਿਆ ਹੈ ਜਿਸ ’ਚ 19 ਸਤੰਬਰ ਨੂੰ ਜਾਰੀ ਰਾਸ਼ਟਰਪਤੀ ਦੇ ਹੁਕਮ ਨੂੰ ਚੁਣੌਤੀ ਦਿੱਤੀ ਗਈ ਹੈ। ਪਟੀਸ਼ਨ ’ਚ ਕਿਹਾ ਗਿਆ ਹੈ ਕਿ ਇਹ ਹੁਕਮ ਕਾਂਗਰਸ ਦੇ ਅਧਿਕਾਰ ਖੇਤਰ ਦੀ ਇਮੀਗਰੇਸ਼ਨ ਅਤੇ ਕੌਮੀਅਤ ਐਕਟ ਤਹਿਤ ਉਲੰਘਣਾ ਹੈ ਜੋ ਐੱਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਰੈਗੂਲੇਟ ਕਰਦੀ ਹੈ। ਗ੍ਰਹਿ ਸੁਰੱਖਿਆ ਵਿਭਾਗ ਅਤੇ ਵਿਦੇਸ਼ ਮੰਤਰਾਲੇ ਤੇ ਉਨ੍ਹਾਂ ਦੇ ਮੰਤਰੀਆਂ ਕ੍ਰਿਸਟੀ ਐੱਲ ਨੋਏਮ ਅਤੇ ਮਾਰਕੋ ਰੂਬੀਓ ਨੂੰ ਵੀ ਧਿਰ ਬਣਾਇਆ ਗਿਆ ਹੈ। ਅਰਜ਼ੀ ’ਚ ਕਿਹਾ ਗਿਆ ਹੈ ਕਿ ਮੌਜੂਦਾ 3600 ਡਾਲਰ ਫ਼ੀਸ ਵਧਾਉਣ ਨਾਲ ਸਟਾਰਟ-ਅੱਪਸ ਅਤੇ ਛੋਟੀਆਂ ਤੇ ਦਰਮਿਆਨੀਆਂ ਸਨਅਤਾਂ ਨੂੰ ਨੁਕਸਾਨ ਹੋਵੇਗਾ। ਅਮਰੀਕਾ ਵੱਲੋਂ ਵੀਜ਼ਾ ਪ੍ਰੋਗਰਾਮ ’ਚ ਸਖ਼ਤੀ ਕੀਤੇ ਜਾਣ ਪਿੱਛੋਂ ਚੀਨ ਨੇ ਕੇ-ਵੀਜ਼ਾ ਦੇ ਨਾਮ ਹੇਠ ਨਵੇਂ ਵਰਕ ਪਰਮਿਟ ਦਾ ਐਲਾਨ ਕੀਤਾ ਹੈ ਜਿਸ ਤਹਿਤ ਦੁਨੀਆ ਭਰ ਦੇ ਮਾਹਿਰ ਮੁਲਕ ’ਚ ਆ ਕੇ ਕੰਮ ਕਰ ਸਕਦੇ ਹਨ।



# ਬੇਅਦਬੀ ਅਤੇ ਗੋਲੀ ਕਾਂਡ: ਦਸ ਸਾਲ ਬੀਤਣ ਤੋਂ ਬਾਅਦ ਵੀ ਇਨਸਾਫ਼ ਦੀ ਉਡੀਕ

## ਪੀੜਤ ਪਰਿਵਾਰਾਂ ਦੀ ਅਣਸੁਣੀ ਵੇਦਨਾ ਕਾਰਨ ਸਿੱਖ ਸੰਗਤ ਵਿੱਚ ਰੋਸ

## ਜਾਂਚ ਦੀਆਂ ਅਧੂਰੀਆਂ ਕੜੀਆਂ: ਸਰਕਾਰਾਂ ਨਿਆਂ ਦੇਣ 'ਚ ਅਸਫ਼ਲ






ਪੰਜਾਬ ਦੇ ਇਤਿਹਾਸ ਵਿੱਚ 2015 ਦਾ ਸਾਲ ਇੱਕ ਅਜਿਹਾ ਸਮਾਂ ਸੀ ਜਦੋਂ ਸਿੱਖ ਧਰਮ ਦੇ ਸਭ ਤੋਂ ਪਵਿੱਤਰ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੇ ਸੂਬੇ ਦੇ ਸਮਾਜਿਕ ਅਤੇ ਸਿਆਸੀ ਮਾਹੌਲ ਨੂੰ ਹਿਲਾ ਕੇ ਰੱਖ ਦਿੱਤਾ। ਇਨ੍ਹਾਂ ਘਟਨਾਵਾਂ ਨੇ ਨਾ ਸਿਰਫ਼ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਸੀ, ਸਗੋਂ ਇਸ ਦੇ ਨਾਲ ਜੁੜੀਆਂ ਹੋਰ ਘਟਨਾਵਾਂ, ਜਿਵੇਂ ਕਿ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਖੇ ਪੁਲਿਸ ਗੋਲੀਬਾਰੀ, ਨੇ ਸੂਬੇ ਦੀ ਸਿਆਸਤ ਨੂੰ ਵੀ ਡੂੰਘਾ ਪ੍ਰਭਾਵਿਤ ਕੀਤਾ। ਦਸ ਸਾਲ ਬੀਤ ਜਾਣ ਦੇ ਬਾਵਜੂਦ, ਇਨਸਾਫ਼ ਦੀ ਉਡੀਕ ਅਜੇ ਵੀ ਜਾਰੀ ਹੈ।

**ਬੇਅਦਬੀ ਦੀਆਂ ਘਟਨਾਵਾਂ ਕਿਵੇਂ ਵਾਪਰੀਆਂ ?**

2015 ਵਿੱਚ ਪੰਜਾਬ ਦੇ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋਣ ਦੀ ਘਟਨਾ ਨੇ ਸੂਬੇ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ। ਇਹ ਘਟਨਾ 1 ਜੂਨ 2015 ਨੂੰ ਵਾਪਰੀ ਸੀ, ਜਿਸ ਦੀ ਸ਼ਿਕਾਇਤ ਗੁਰਦੁਆਰੇ ਦੇ ਗ੍ਰੰਥੀ ਗੋਰਾ ਸਿੰਘ ਨੇ ਪੁਲਿਸ ਨੂੰ ਦਿੱਤੀ। ਇਸ ਦੇ ਅਧਾਰ 'ਤੇ ਬਾਜਾਖ਼ਾਨਾ ਥਾਣੇ ਵਿੱਚ ਐਫ਼.ਆਈ.ਆਰ. ਦਰਜ ਕੀਤੀ ਗਈ। ਇਸ ਤੋਂ ਬਾਅਦ, 24 ਸਤੰਬਰ 2015 ਨੂੰ ਬਰਗਾੜੀ ਦੇ ਗੁਰਦੁਆਰਾ ਸਾਹਿਬ ਦੇ ਨੋਟਿਸ ਬੋਰਡ 'ਤੇ ਅਪਮਾਨਜਨਕ ਪੋਸਟਰ ਲੱਗੇ ਮਿਲੇ। 12 ਅਕਤੂਬਰ 2015 ਨੂੰ ਬਰਗਾੜੀ ਪਿੰਡ ਦੀਆਂ ਗਲੀਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫ਼ਟੇ ਹੋਏ ਪੰਨੇ ਖਿੱਲਰੇ ਮਿਲਣ ਨੇ ਸਿੱਖ ਸੰਗਤ ਦੇ ਗੁੱਸੇ ਨੂੰ ਹੋਰ ਭੜਕਾ ਦਿੱਤਾ।

ਇਨ੍ਹਾਂ ਘਟਨਾਵਾਂ ਦੇ ਵਿਰੋਧ ਵਿੱਚ ਸਿੱਖ ਸੰਗਤ ਨੇ ਸ਼ਾਂਤਮਈ ਪ੍ਰਦਰਸ਼ਨ ਸ਼ੁਰੂ ਕੀਤੇ। ਪਰ 14 ਅਕਤੂਬਰ 2015 ਨੂੰ ਬਹਿਬਲ ਕਲਾਂ ਵਿਖੇ ਪੁਲਿਸ ਦੀ ਕਥਿਤ ਗੋਲੀਬਾਰੀ ਵਿੱਚ ਦੋ ਸਿੱਖ ਨੌਜਵਾਨਾਂ, ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ, ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ ਕੋਟਕਪੂਰਾ ਵਿਖੇ ਪੁਲਿਸ ਨੇ ਪ੍ਰਦਰਸ਼ਨਕਾਰੀਆਂ 'ਤੇ ਲਾਠੀਚਾਰਜ ਅਤੇ ਪਾਣੀ ਦੀਆਂ ਬੁਛਾੜਾਂ ਵਰਤਾਈਆਂ, ਜਿਸ ਵਿੱਚ ਕਈ ਲੋਕ ਜ਼ਖ਼ਮੀ ਹੋਏ।

ਇਹ ਘਟਨਾਵਾਂ ਸਿੱਖ ਧਰਮ ਦੀ ਸੰਵੇਦਨਸ਼ੀਲਤਾ ਨੂੰ ਛੂਹਣ ਵਾਲੀਆਂ ਸਨ, ਕਿਉਂਕਿ ਸਿੱਖ ਧਰਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜੀਵਤ ਗੁਰੂ ਦਾ ਦਰਜਾ ਹਾਸਲ ਹੈ। ਇਸ ਲਈ, ਇਨ੍ਹਾਂ ਬੇਅਦਬੀ ਦੀਆਂ ਘਟਨਾਵਾਂ ਨੇ ਸਿੱਖ ਸੰਗਤ ਵਿੱਚ ਡੂੰਘਾ ਰੋਸ ਪੈਦਾ ਕੀਤਾ।

**ਪੀੜਤ ਪਰਿਵਾਰਾਂ ਦੀ ਵੇਦਨਾ**

ਬਹਿਬਲ ਕਲਾਂ ਗੋਲੀ ਕਾਂਡ ਵਿੱਚ ਮਾਰੇ ਗਏ ਕ੍ਰਿਸ਼ਨ ਭਗਵਾਨ ਸਿੰਘ ਦੇ ਪਿਤਾ ਮਹਿੰਦਰ ਸਿੰਘ ਅੱਜ ਵੀ ਉਸ ਦਿਨ ਨੂੰ ਯਾਦ ਕਰਕੇ ਭਾਵੁਕ ਹੋ ਜਾਂਦੇ ਹਨ। 75 ਸਾਲ ਦੀ ਉਮਰ ਵਿੱਚ ਵੀ ਉਹ ਆਪਣੇ ਪੁੱਤਰ ਦੀ ਮੌਤ ਦੇ ਸਦਮੇ ਨੂੰ ਨਹੀਂ ਭੁੱਲ ਸਕੇ। ਮਹਿੰਦਰ ਸਿੰਘ ਦੱਸਦੇ ਹਨ ਕਿ ਉਹ ਅਤੇ ਉਨ੍ਹਾਂ ਦਾ ਪੁੱਤਰ ਕ੍ਰਿਸ਼ਨ ਭਗਵਾਨ ਸੰਗਤਾਂ ਲਈ ਲੰਗਰ ਲੈ ਕੇ ਧਰਨੇ ਵਾਲੀ ਥਾਂ 'ਤੇ ਗਏ ਸਨ। ਪੁਲਿਸ ਨੇ ਪਹਿਲਾਂ ਲਾਠੀਚਾਰਜ ਕੀਤਾ, ਜਿਸ ਵਿੱਚ ਮਹਿੰਦਰ ਸਿੰਘ ਨੂੰ ਵੀ ਸੱਟਾਂ ਲੱਗੀਆਂ। ਇਸ ਤੋਂ ਬਾਅਦ ਜਦੋਂ ਗੋਲੀਬਾਰੀ ਹੋਈ, ਤਾਂ ਕ੍ਰਿਸ਼ਨ ਭਗਵਾਨ ਸਿੰਘ ਨੂੰ ਗੋਲੀ ਲੱਗੀ ਅਤੇ ਉਹ ਡਿੱਗ ਪਿਆ। ਮਹਿੰਦਰ ਸਿੰਘ ਨੇ ਆਪਣੇ ਪੁੱਤਰ ਨੂੰ ਪਾਣੀ ਪਿਆਉਣ ਦੀ ਕੋਸ਼ਿਸ਼ ਕੀਤੀ, ਪਰ ਹਸਪਤਾਲ ਜਾਂਦੇ ਸਮੇਂ ਰਸਤੇ ਵਿੱਚ ਹੀ ਉਸ ਦੀ ਮੌਤ ਹੋ ਗਈ।

ਕ੍ਰਿਸ਼ਨ ਭਗਵਾਨ ਦਾ ਪੁੱਤਰ ਸੁਖਰਾਜ ਸਿੰਘ ਅੱਜ ਵੀ ਅਦਾਲਤਾਂ ਵਿੱਚ ਆਪਣੇ ਪਿਤਾ ਲਈ ਇਨਸਾਫ਼ ਦੀ ਲੜਾਈ ਲੜ ਰਿਹਾ ਹੈ। ਸੁਖਰਾਜ ਸਿੰਘ ਦਾ ਕਹਿਣਾ ਹੈ ਕਿ ਹਰ ਚੋਣ ਸਮੇਂ ਸਿਆਸੀ ਆਗੂ ਵੱਡੇ-ਵੱਡੇ ਵਾਅਦੇ ਕਰਦੇ ਹਨ, ਪਰ ਇਨਸਾਫ਼ ਦੇਣ ਵਿੱਚ ਕੋਈ ਵੀ ਸਰਕਾਰ ਗੰਭੀਰ ਨਹੀਂ ਰਹੀ। ਉਸ ਦੇ ਅਨੁਸਾਰ, ਬਹਿਬਲ ਕਲਾਂ ਮਾਮਲੇ ਦੀ ਸੁਣਵਾਈ ਨੂੰ ਇੱਕ ਸਾਲ ਤੋਂ ਵੀ ਵੱਧ ਸਮਾਂ ਬੀਤ ਚੁੱਕਾ ਹੈ, ਪਰ ਅਜੇ ਤੱਕ ਕੋਈ ਪ੍ਰਗਤੀ ਨਹੀਂ ਹੋਈ।

**ਜਾਂਚ ਦਾ ਲੰਮਾ ਸਫ਼ਰ: ਨਤੀਜੇ ਜ਼ੀਰੋ**

ਪਿਛਲੇ ਦਸ ਸਾਲਾਂ ਵਿੱਚ ਪੰਜਾਬ ਦੀਆਂ ਵੱਖ-ਵੱਖ ਸਰਕਾਰਾਂ ਨੇ ਬੇਅਦਬੀ ਅਤੇ ਗੋਲੀ ਕਾਂਡ ਦੀ ਜਾਂਚ ਲਈ ਪੰਜ ਵਿਸ਼ੇਸ਼ ਜਾਂਚ ਟੀਮਾਂ ਅਤੇ ਦੋ ਕਮਿਸ਼ਨ ਬਣਾਏ। ਪਰ ਇਨ੍ਹਾਂ ਜਾਂਚਾਂ ਦੇ ਬਾਵਜੂਦ, ਕੋਈ ਵੀ ਕੇਸ ਅਜੇ ਤੱਕ ਨਤੀਜੇ 'ਤੇ ਨਹੀਂ ਪਹੁੰਚ ਸਕਿਆ।

**ਅਕਾਲੀ-ਭਾਜਪਾ ਸਰਕਾਰ** (2015-17):

ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ ਸਦਰ ਸਰਕਾਰ ਨੇ ਪੰਜਾਬ ਪੁਲਿਸ ਦੇ ਏਡੀਜੀਪੀ ਇਕਬਾਲਪ੍ਰੀਤ ਸਿੰਘ ਸਹੋਤਾ ਦੀ ਅਗਵਾਈ ਵਿੱਚ ਇੱਕ ਸਿਟ ਦਾ ਗਠਨ ਕੀਤਾ। ਇਸ ਸਿਟ ਨੇ 21 ਅਕਤੂਬਰ 2015 ਨੂੰ ਪ੍ਰੈਸ ਕਾਨਫ਼ਰੰਸ ਕਰਕੇ ਦਾਅਵਾ ਕੀਤਾ ਸੀ ਕਿ ਬਰਗਾੜੀ ਬੇਅਦਬੀ ਵਿੱਚ 'ਵਿਦੇਸ਼ੀ ਤਾਕਤਾਂ' ਦਾ ਹੱਥ ਸੀ ਅਤੇ ਦੋ ਸਿੱਖ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪਰ ਇਸ ਦਾਅਵੇ ਦੀ ਸਿੱਖ ਜਗਤ ਵੱਲੋਂ ਆਲੋਚਨਾ ਹੋਈ ਅਤੇ ਦੋਵਾਂ ਨੌਜਵਾਨਾਂ ਨੂੰ ਰਿਹਾਅ ਕਰਨਾ ਪਿਆ। ਇਸ ਤੋਂ ਬਾਅਦ ਸਰਕਾਰ ਨੇ ਜਸਟਿਸ (ਰਿਟਾ.) ਜ਼ੋਰਾ ਸਿੰਘ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਬਣਾਇਆ, ਪਰ ਇਸ ਦੇ ਵੀ ਕੋਈ ਠੋਸ ਨਤੀਜੇ ਨਹੀਂ ਨਿਕਲੇ।

**ਕਾਂਗਰਸ ਸਰਕਾਰ** (2017-22):

ਕਾਂਗਰਸ ਸਰਕਾਰ ਨੇ ਵੀ ਸਿਟ ਦਾ ਗਠਨ ਕੀਤਾ। ਬਹਿਬਲ ਕਲਾਂ ਅਤੇ ਕੋਟਕਪੂਰਾ ਮਾਮਲਿਆਂ ਦੀ ਜਾਂਚ ਲਈ ਆਈ.ਪੀ.ਐਸ. ਅਧਿਕਾਰੀ (ਰਿਟਾ.) ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਵਿੱਚ ਸਿਟ ਬਣਾਈ ਗਈ, ਪਰ ਇਸ ਦੀ ਜਾਂਚ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਖਾਰਜ ਕਰ ਦਿੱਤਾ। ਇਸ ਤੋਂ ਬਾਅਦ ਐਸਪੀਐਸ ਪਰਮਾਰ ਦੀ ਅਗਵਾਈ ਵਿੱਚ ਨਵੀਂ ਸਿਟ ਬਣਾਈ ਗਈ। 2018 ਵਿੱਚ ਜਸਟਿਸ (ਰਿਟਾ.) ਰਣਜੀਤ ਸਿੰਘ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਬਣਾਇਆ ਗਿਆ, ਜਿਸ ਨੇ ਆਪਣੀ ਰਿਪੋਰਟ ਵਿੱਚ ਬਾਦਲ ਪਰਿਵਾਰ, ਡੇਰਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਪੁਲਿਸ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਇਆ। ਪਰ ਇਸ ਦੇ ਬਾਵਜੂਦ, ਕੇਸ ਅਦਾਲਤੀ ਪ੍ਰਕਿਰਿਆ ਵਿੱਚ ਉਲਝੇ ਰਹੇ।

**ਆਮ ਆਦਮੀ ਪਾਰਟੀ ਸਰਕਾਰ (2022 ਤੋਂ ਹੁਣ ਤੱਕ):**

ਮੌਜੂਦਾ ਸਰਕਾਰ ਨੇ ਏ.ਡੀ.ਜੀ.ਪੀ. ਸੁਰਿੰਦਰ ਪਾਲ ਸਿੰਘ ਪਰਮਾਰ ਦੀ ਅਗਵਾਈ ਵਿੱਚ ਬਣੀ ਸਿਟ ਦੀ ਰਿਪੋਰਟ ਨੂੰ 2 ਜੁਲਾਈ 2022 ਨੂੰ ਸਿੱਖ ਅਤੇ ਧਾਰਮਿਕ ਆਗੂਆਂ ਨੂੰ ਸੌਂਪਿਆ। ਇਸ ਰਿਪੋਰਟ ਵਿੱਚ ਡੇਰਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਅਤੇ ਉਸ ਦੇ ਪੈਰੋਕਾਰਾਂ ਨੂੰ ਬੇਅਦਬੀ ਦਾ ਦੋਸ਼ੀ ਠਹਿਰਾਇਆ ਗਿਆ। ਪਰ ਇਹ ਜਾਂਚ ਸਿਰਫ਼ ਬੇਅਦਬੀ ਦੇ ਤਿੰਨ ਮਾਮਲਿਆਂ (ਬੁਰਜ ਜਵਾਹਰ ਸਿੰਘ ਵਾਲਾ, ਬਰਗਾੜੀ ਪੋਸਟਰ, ਅਤੇ ਗੁਰੂ ਗ੍ਰੰਥ ਸਾਹਿਬ ਦੇ ਫ਼ਟੇ ਪੰਨਿਆਂ) ਨਾਲ ਸਬੰਧਤ ਸੀ। ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀਬਾਰੀ ਦੀਆਂ ਘਟਨਾਵਾਂ ਦੀ ਜਾਂਚ ਇਸ ਵਿੱਚ ਸ਼ਾਮਲ ਨਹੀਂ ਸੀ।

**ਸਰਕਾਰਾਂ 'ਤੇ ਦੋਸ਼: ਪੰਥਕ ਜਥੇਬੰਦੀਆਂ ਦਾ ਪੱਖ**

14 ਅਕਤੂਬਰ 2025 ਨੂੰ ਕੋਟਕਪੂਰਾ ਦੇ ਬੱਤੀਆਂ ਵਾਲਾ ਚੌਕ ਵਿਖੇ ਪੰਥਕ ਜਥੇਬੰਦੀਆਂ ਨੇ 'ਲਾਹਨਤ ਦਿਹਾੜਾ' ਮਨਾਇਆ, ਜਿਸ ਵਿੱਚ ਸਿੱਖ ਸੰਗਤ ਨੇ ਸਰਕਾਰਾਂ ਦੀ ਇਨਸਾਫ਼ ਨਾ ਦੇਣ ਦੀ ਨੀਤੀ ਦੀ ਸਖ਼ਤ ਆਲੋਚਨਾ ਕੀਤੀ। ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਦਸ ਸਾਲ ਪਹਿਲਾਂ ਵਾਪਰਿਆ ਖ਼ੂਨੀ ਮੰਜਰ ਅੱਜ ਵੀ ਸੰਗਤ ਦੇ ਦਿਲਾਂ ਵਿੱਚ ਜਖ਼ਮ ਦੇ ਰੂਪ ਵਿੱਚ ਮੌਜੂਦ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਸਿੱਖ ਬੁੱਧੀਜੀਵੀਆਂ ਦੀ ਇੱਕ ਕਮੇਟੀ ਬਣਾਈ ਜਾਵੇ, ਜੋ ਇਸ ਕੇਸ ਨੂੰ ਮਜ਼ਬੂਤੀ ਨਾਲ ਅਦਾਲਤਾਂ ਵਿੱਚ ਲੜ ਸਕੇ।

ਭਾਈ ਹਰਜਿੰਦਰ ਸਿੰਘ ਮਾਝੀ ਨੇ ਅਕਾਲੀ-ਭਾਜਪਾ, ਕਾਂਗਰਸ ਅਤੇ ਮੌਜੂਦਾ ਆਪ ਪਾਰਟੀ ਸਰਕਾਰ ਨੂੰ ਇੱਕੋ ਕਟਹਿਰੇ ਵਿੱਚ ਖੜ੍ਹਾ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਸਾਰੀਆਂ ਸਰਕਾਰਾਂ ਨੇ ਇਸ ਮਸਲੇ ਨੂੰ ਸਿਆਸੀ ਫ਼ਾਇਦੇ ਲਈ ਵਰਤਿਆ, ਪਰ ਇਨਸਾਫ਼ ਦੇਣ ਵਿੱਚ ਅਸਫ਼ਲ ਰਹੀਆਂ। ਸੁਖਰਾਜ ਸਿੰਘ ਨਿਆਮੀਵਾਲਾ ਨੇ ਵੀ ਸਰਕਾਰਾਂ ਦੀ ਬੇਰੁਖੀ 'ਤੇ ਸਵਾਲ ਉਠਾਏ ਅਤੇ ਕਿਹਾ ਕਿ ਜਦੋਂ ਤੱਕ ਸੰਗਤ ਖ਼ੁਦ ਕੇਸਾਂ ਦਾ ਪਿੱਛਾ ਨਹੀਂ ਕਰਦੀ, ਇਨਸਾਫ਼ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

**ਸਿੱਖ ਬੁੱਧੀਜੀਵੀਆਂ ਦੀ ਰਾਏ**

ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲ ਆਰ.ਐਸ. ਬੈਂਸ ਦਾ ਕਹਿਣਾ ਹੈ ਕਿ ਇਨਸਾਫ਼ ਨਾ ਮਿਲਣ ਕਾਰਨ ਪੰਜਾਬ ਦੀਆਂ ਦੋ ਸਰਕਾਰਾਂ (ਅਕਾਲੀ-ਭਾਜਪਾ ਅਤੇ ਕਾਂਗਰਸ) ਪਹਿਲਾਂ ਹੀ ਸੱਤਾ ਗੁਆ ਚੁੱਕੀਆਂ ਹਨ, ਅਤੇ ਮੌਜੂਦਾ ਸਰਕਾਰ ਤੋਂ ਵੀ ਲੋਕਾਂ ਨੂੰ ਬਹੁਤੀ ਉਮੀਦ ਨਹੀਂ। ਉਨ੍ਹਾਂ ਦਾ ਕਹਿਣਾ ਹੈ ਕਿ ਜਾਂਚ ਟੀਮਾਂ ਨੇ ਸਬੂਤ ਮਿਲਣ ਦੇ ਦਾਅਵੇ ਤਾਂ ਕੀਤੇ, ਪਰ ਹਰ ਵਾਰ ਕੁਝ ਅਜਿਹੀਆਂ ਕਮੀਆਂ ਛੱਡੀਆਂ ਜਿਨ੍ਹਾਂ ਕਾਰਨ ਕੇਸ ਅਦਾਲਤਾਂ ਵਿੱਚ ਉਲਝ ਕੇ ਰਹਿ ਗਏ।

ਬੈਂਸ ਦੇ ਅਨੁਸਾਰ, ਕੋਟਕਪੂਰਾ ਅਤੇ ਬਹਿਬਲ ਕਲਾਂ ਦੇ ਮਾਮਲੇ ਸਿੱਧੇ-ਸਾਦੇ ਹਨ ਅਤੇ ਸਬੂਤ ਵੀ ਮੌਜੂਦ ਹਨ, ਪਰ ਜਾਂਚ ਟੀਮਾਂ ਦੀਆਂ ਕਮੀਆਂ ਕਾਰਨ ਕੇਸ ਅੱਗੇ ਨਹੀਂ ਵਧ ਰਹੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਅਦਾਲਤਾਂ ਕੋਲ ਆਪਣੀ ਜਾਂਚ ਟੀਮ ਨਹੀਂ ਹੁੰਦੀ, ਅਤੇ ਉਹ ਸਿਰਫ਼ ਪੁਲਿਸ ਵੱਲੋਂ ਪੇਸ਼ ਕੀਤੇ ਸਬੂਤਾਂ ਅਤੇ ਦਲੀਲਾਂ ਦੇ ਆਧਾਰ 'ਤੇ ਹੀ ਫ਼ੈਸਲਾ ਸੁਣਾਉਂਦੀਆਂ ਹਨ।

**ਸਰਕਾਰਾਂ ਦੀ ਬੇਅਦਬੀ ਵਿਰੋਧੀ ਕਾਨੂੰਨ ਦੀ ਕੋਸ਼ਿਸ਼**

ਪਿਛਲੇ ਦਸ ਸਾਲਾਂ ਵਿੱਚ ਪੰਜਾਬ ਦੀਆਂ ਤਿੰਨ ਸਰਕਾਰਾਂ ਨੇ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕੀਤੀ, ਪਰ ਕੋਈ ਵੀ ਕਾਨੂੰਨ ਅਜੇ ਤੱਕ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਸਕਿਆ।

ਅਕਾਲੀ-ਭਾਜਪਾ ਸਰਕਾਰ (2016): ਇਸ ਸਰਕਾਰ ਨੇ 2016 ਵਿੱਚ ਭਾਰਤੀ ਦੰਡ ਸੰਹਿਤਾ (ਪੰਜਾਬ ਸੋਧ) ਬਿੱਲ ਅਤੇ ਅਪਰਾਧਿਕ ਪ੍ਰਕਿਰਿਆ ਸੰਹਿਤਾ (ਪੰਜਾਬ ਸੋਧ) ਬਿੱਲ ਪਾਸ ਕੀਤੇ, ਜਿਨ੍ਹਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਉਮਰ ਕੈਦ ਦੀ ਸਜ਼ਾ ਦੀ ਸਿਫ਼ਾਰਸ਼ ਸੀ। ਪਰ ਇਹ ਬਿੱਲ ਕੇਂਦਰ ਸਰਕਾਰ ਨੇ ਸੋਧ ਲਈ ਵਾਪਸ ਭੇਜ ਦਿੱਤੇ, ਅਤੇ ਅਕਾਲੀ ਸਰਕਾਰ ਦੇ ਸੱਤਾ ਗੁਆਉਣ ਤੋਂ ਬਾਅਦ ਇਹ ਕਾਨੂੰਨ ਅਧੂਰਾ ਰਹਿ ਗਿਆ।

**ਕਾਂਗਰਸ ਸਰਕਾਰ** (2018): ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ 2018 ਵਿੱਚ ਬੇਅਦਬੀ ਵਿਰੁੱਧ ਸਖ਼ਤ ਸਜ਼ਾ ਵਾਲੇ ਦੋ ਬਿੱਲ ਪਾਸ ਕੀਤੇ, ਪਰ ਇਨ੍ਹਾਂ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਨਹੀਂ ਮਿਲੀ।

ਆਮ ਆਦਮੀ ਪਾਰਟੀ ਸਰਕਾਰ (2025): ਮੌਜੂਦਾ ਸਰਕਾਰ ਨੇ ਜੁਲਾਈ 2025 ਵਿੱਚ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ 'ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025' ਪਾਸ ਕੀਤਾ। ਇਸ ਨੂੰ ਵਿਧਾਨ ਸਭਾ ਦੀ ਸਿਲੈਕਟ ਕਮੇਟੀ ਨੂੰ ਸੌਂਪਿਆ ਗਿਆ ਹੈ, ਜਿਸ ਦੀ ਅਗਵਾਈ ਵਿਧਾਇਕ ਇੰਦਰਬੀਰ ਸਿੰਘ ਨਿੱਜਰ ਕਰ ਰਹੇ ਹਨ। ਕਮੇਟੀ ਵੱਖ-ਵੱਖ ਧਰਮਾਂ ਅਤੇ ਕਾਨੂੰਨੀ ਮਾਹਿਰਾਂ ਦੇ ਸੁਝਾਵਾਂ ਦੇ ਆਧਾਰ 'ਤੇ ਰਿਪੋਰਟ ਤਿਆਰ ਕਰ ਰਹੀ ਹੈ, ਜੋ ਬਾਅਦ ਵਿੱਚ ਕੇਂਦਰ ਸਰਕਾਰ ਨੂੰ ਭੇਜੀ ਜਾਵੇਗੀ।

**ਅਕਾਲ ਤਖ਼ਤ ਸਾਹਿਬ ਸਾਹਮਣੇ ਸੁਖਬੀਰ ਸਿੰਘ ਬਾਦਲ ਦਾ 'ਕਬੂਲਨਾਮਾ'**

2015 ਦੀਆਂ ਬੇਅਦਬੀ ਘਟਨਾਵਾਂ ਅਤੇ ਗੋਲੀ ਕਾਂਡ ਸਮੇਂ ਪੰਜਾਬ ਵਿੱਚ ਅਕਾਲੀ-ਭਾਜਪਾ ਸਰਕਾਰ ਸੀ। 2024 ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚਿੱਠੀ ਲਿਖ ਕੇ 2007 ਤੋਂ 2017 ਤੱਕ ਦੀਆਂ ਗਲਤੀਆਂ, ਜਿਨ੍ਹਾਂ ਵਿੱਚ ਬੇਅਦਬੀ, ਬਰਗਾੜੀ ਗੋਲੀ ਕਾਂਡ, ਅਤੇ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫ਼ੀ ਸ਼ਾਮਲ ਸਨ, ਦੀ ਮੁਆਫ਼ੀ ਮੰਗੀ। 2 ਦਸੰਬਰ 2024 ਨੂੰ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਧਾਰਮਿਕ ਸਜ਼ਾ ਪੂਰੀ ਕੀਤੀ। ਪਰ ਇਸ ਦੇ ਬਾਵਜੂਦ, ਅਕਾਲੀ ਦਲ ਸਿਆਸੀ ਤੌਰ 'ਤੇ ਹਾਸ਼ੀਏ 'ਤੇ ਹੈ।

**ਮੌਜੂਦਾ ਸਥਿਤੀ ਅਤੇ ਇਨਸਾਫ਼ ਦੀ ਉਮੀਦ**

ਪੰਜਾਬ ਦੇ ਸਹਾਇਕ ਐਡਵੋਕੇਟ ਜਨਰਲ ਪੀ.ਆਈ.ਪੀ. ਸਿੰਘ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਨੇ ਦੱਸਿਆ ਕਿ ਬੇਅਦਬੀ ਅਤੇ ਗੋਲੀ ਕਾਂਡ ਨਾਲ ਸਬੰਧਿਤ ਕਈ ਕੇਸ ਵੱਖ-ਵੱਖ ਜ਼ਿਲ੍ਹਿਆਂ ਦੀਆਂ ਅਦਾਲਤਾਂ ਵਿੱਚ ਚੱਲ ਰਹੇ ਹਨ। ਕੁਝ ਕੇਸਾਂ ਵਿੱਚ ਚਾਰਜਸ਼ੀਟ ਦਾਖ਼ਲ ਕੀਤੀ ਜਾ ਚੁੱਕੀ ਹੈ, ਪਰ ਕਈ ਮੁਲਜ਼ਮਾਂ ਨੇ ਕੇਸ ਨੂੰ ਫ਼ਰੀਦਕੋਟ ਤੋਂ ਚੰਡੀਗੜ੍ਹ ਤਬਦੀਲ ਕਰਨ ਲਈ ਅਰਜ਼ੀਆਂ ਦਿੱਤੀਆਂ ਹਨ, ਜਿਸ ਦਾ ਸਰਕਾਰ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ।

ਪੰਥਕ ਜਥੇਬੰਦੀਆਂ ਦਾ ਮੰਨਣਾ ਹੈ ਕਿ ਡੇਰਾ ਸੱਚਾ ਸੌਦਾ ਦੇ ਪੈਰੋਕਾਰਾਂ, ਜਿਨ੍ਹਾਂ ਵਿੱਚ ਸੌਦਾ ਸਾਧ ਵੀ ਸ਼ਾਮਲ ਹੈ, ਨੂੰ ਬੇਅਦਬੀ ਦਾ ਮੁੱਖ ਦੋਸ਼ੀ ਮੰਨਿਆ ਜਾਂਦਾ ਹੈ। ਪਰ ਸਰਕਾਰਾਂ ਦੀ ਢਿੱਲੀ ਕਾਰਗੁਜ਼ਾਰੀ ਅਤੇ ਕਾਨੂੰਨੀ ਪ੍ਰਕਿਰਿਆ ਦੀਆਂ ਉਲਝਣਾਂ ਕਾਰਨ ਇਨਸਾਫ਼ ਅਜੇ ਦੂਰ ਦਾ ਸੁਪਨਾ ਬਣਿਆ ਹੋਇਆ ਹੈ।

ਬੇਅਦਬੀ ਅਤੇ ਗੋਲੀ ਕਾਂਡ ਦੀਆਂ ਘਟਨਾਵਾਂ ਨੇ ਪੰਜਾਬ ਦੇ ਸਮਾਜ ਅਤੇ ਸਿਆਸਤ ਨੂੰ ਡੂੰਘਾ ਪ੍ਰਭਾਵਿਤ ਕੀਤਾ ਹੈ। ਸਿੱਖ ਸੰਗਤ ਅਤੇ ਪੀੜਤ ਪਰਿਵਾਰ ਅਜੇ ਵੀ ਇਨਸਾਫ਼ ਦੀ ਉਡੀਕ ਵਿੱਚ ਹਨ। ਸਰਕਾਰਾਂ ਦੀਆਂ ਵਾਰ-ਵਾਰ ਜਾਂਚਾਂ, ਕਮਿਸ਼ਨਾਂ ਅਤੇ ਕਾਨੂੰਨੀ ਕੋਸ਼ਿਸ਼ਾਂ ਦੇ ਬਾਵਜੂਦ, ਕੇਸ ਅਦਾਲਤੀ ਪ੍ਰਕਿਰਿਆਵਾਂ ਵਿੱਚ ਉਲਝੇ ਹੋਏ ਹਨ। ਪੰਥਕ ਜਥੇਬੰਦੀਆਂ ਅਤੇ ਸਿੱਖ ਬੁੱਧੀਜੀਵੀ ਸਰਕਾਰਾਂ 'ਤੇ ਬੇਰੁਖੀ ਦਾ ਦੋਸ਼ ਲਗਾਉਂਦੇ ਹਨ, ਜਦਕਿ ਸਰਕਾਰਾਂ ਕਾਨੂੰਨੀ ਪ੍ਰਕਿਰਿਆ ਦੀ ਦੁਹਾਈ ਦਿੰਦੀਆਂ ਹਨ।

ਇਨਸਾਫ਼ ਕਦੋਂ ਮਿਲੇਗਾ, ਇਹ ਸਵਾਲ ਅਜੇ ਵੀ ਸੰਗਤ ਦੇ ਮਨਾਂ ਵਿੱਚ ਗੂੰਜ ਰਿਹਾ ਹੈ। ਜਦੋਂ ਤੱਕ ਸਬੂਤਾਂ ਦੇ ਆਧਾਰ 'ਤੇ ਸਖ਼ਤ ਕਾਰਵਾਈ ਨਹੀਂ ਕੀਤੀ ਜਾਂਦੀ, ਇਹ ਮਸਲਾ ਪੰਜਾਬ ਦੀ ਸਿਆਸਤ ਅਤੇ ਸਮਾਜ ਵਿੱਚ ਸੰਵੇਦਨਸ਼ੀਲ ਰਹੇਗਾ।



ਕੋਟਕਪੂਰਾ ਵਿਖੇ ਮਨਾਏ ਲਾਹਨਤ ਦਿਹਾੜੇ ਮੌਕੇ ਸਟੇਜ 'ਤੇ ਖੜ੍ਹੇ ਗਿਆਨੀ ਹਰਪ੍ਰੀਤ ਸਿੰਘ, ਭਾਈ ਹਰਜਿੰਦਰ ਸਿੰਘ ਮਾਝੀ, ਭਾਈ ਸੁਖਰਾਜ ਸਿੰਘ ਨਿਆਮੀਵਾਲਾ, ਗਿਆਨੀ ਕੇਵਲ ਸਿੰਘ ਤੇ ਹੋਰ ਸਿੱਖ ਆਗੂ।

# ਬੱਚਿਆਂ ਵਿਰੁੱਧ ਅਪਰਾਧ ਤੇ ਬਾਲ ਤਸਕਰੀ: ਨੌਂ ਫ਼ੀਸਦੀ ਵਾਧੇ ਕਾਰਨ ਭਾਰਤ 'ਚ ਸੰਕਟ ਗੰਭੀਰ

## ਲੜਕੀਆਂ ਹੋ ਰਹੀਆਂ ਅ.ਗਵਾ ਅਤੇ ਹੋ ਰਿਹਾ ਜਿਨਸੀ ਸ਼ੋਸ਼ਣ, ਪੰਜਾਬ ਵਿੱਚ ਵੀ ਸਮੱਸਿਆ ਗੰਭੀਰ

### ਪੰਜਾਬ ਸਰਕਾਰ ਨੇ ਡੀ.ਐੱਨ.ਏ. ਟੈਸਟ ਨਾਲ ਭਿਖਾਰੀਆਂ 'ਤੇ ਸ਼ਿਕੰਜਾ ਕਸਿਆ, ਪਰ ਕਾਨੂੰਨ ਕਿਉਂ ਨਹੀਂ ਬਣਾਇਆ ?





ਭਾਰਤ ਵਿੱਚ ਬੱਚਿਆਂ ਵਿਰੁੱਧ ਅਪਰਾਧ ਹਰ ਸਾਲ ਵਧਦੇ ਜਾ ਰਹੇ ਹਨ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਦੀ ਨਵੀਂ ਰਿਪੋਰਟ ਅਨੁਸਾਰ, 2023 ਵਿੱਚ ਬੱਚਿਆਂ ਵਿਰੁੱਧ ਕੁੱਲ 1,77,335 ਮਾਮਲੇ ਦਰਜ ਹੋਏ, ਜੋ 2022 ਦੇ 1,62,449 ਮਾਮਲਿਆਂ ਨਾਲੋਂ ਲਗਭਗ 9 ਫ਼ੀਸਦੀ ਵੱਧ ਹੈ। ਇਹਨਾਂ ਵਿੱਚੋਂ ਸਭ ਤੋਂ ਵੱਧ ਅਗਵਾ ਅਤੇ ਪਾਕਸੋ (ਪ੍ਰੋਟੈਕਸ਼ਨ ਆਫ਼ ਚਿਲਡ੍ਰਨ ਫਰਾਮ ਸੈਕਸ਼ੂਅਲ ਆਫੈਂਸਿਜ਼) ਐਕਟ ਹੇਠ ਹੋਏ ਅਪਰਾਧ ਹਨ। ਅਗਵਾ ਦੇ ਮਾਮਲੇ ਕੁੱਲ ਅਪਰਾਧਾਂ ਦਾ 45.05 ਫ਼ੀਸਦੀ ਹਿੱਸਾ ਬਣਦੇ ਹਨ, ਜਦਕਿ ਪਾਕਸੋ ਨਾਲ ਜੁੜੇ 67,694 ਮਾਮਲੇ 38.17 ਫ਼ੀਸਦੀ ਹਨ। ਇਹਨਾਂ ਵਿੱਚ ਲੜਕੀਆਂ ਨਾਲ ਹੋਏ ਅਪਰਾਧਾਂ ਦੀ ਗਿਣਤੀ ਵੱਧ ਹੈ। ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਵਰਗੇ ਰਾਜਾਂ ਵਿੱਚ ਇਹਨਾਂ ਅਪਰਾਧਾਂ ਦੀ ਦਰ ਸਭ ਤੋਂ ਵੱਧ ਹੈ, ਪਰ ਪੰਜਾਬ ਵੀ ਇਸ ਡੂੰਘੇ ਸੰਕਟ ਤੋਂ ਬਚ ਨਹੀਂ ਸਕਿਆ। ਉੱਤਰ-ਪੂਰਬੀ ਰਾਜਾਂ ਵਿੱਚ ਇਹਨਾਂ ਮਾਮਲਿਆਂ ਦੀ ਗਿਣਤੀ ਘੱਟ ਹੈ - ਮਣੀਪੁਰ ਵਿੱਚ ਸਿਰਫ਼ 85, ਨਾਗਾਲੈਂਡ ਵਿੱਚ 26 ਅਤੇ ਸਿਕਮ ਵਿੱਚ 139 - ਪਰ ਪੰਜਾਬ ਵਿੱਚ ਬੱਚਿਆਂ ਦੇ ਅਗਵਾ ਅਤੇ ਤਸਕਰੀ ਦੇ ਮਾਮਲੇ ਵਧ ਰਹੇ ਹਨ।

ਇਹਨਾਂ ਅਪਰਾਧਾਂ ਦੇ ਪਿੱਛੇ ਗਰੀਬੀ, ਬੇਰੁਜ਼ਗਾਰੀ, ਪਰਿਵਾਰਕ ਹਿੰਸਾ ਅਤੇ ਸਮਾਜਿਕ ਵਿਤਕਰੇ ਵਰਗੀਆਂ ਮੁੱਖ ਵਜ੍ਹਾ ਹਨ। ਐੱਨ.ਸੀ.ਆਰ.ਬੀ. ਰਿਪੋਰਟ ਅਨੁਸਾਰ, ਅਗਵਾ ਦੇ 82,106 ਮਾਮਲਿਆਂ ਵਿੱਚੋਂ ਜ਼ਿਆਦਾਤਰ ਨਾਬਾਲਿਗ ਲੜਕੀਆਂ ਨੂੰ ਜ਼ਬਰਦਸਤੀ ਵਿਆਹ ਲਈ ਅਗਵਾ ਕੀਤਾ ਗਿਆ, ਜਿਸ ਵਿੱਚ 16,737 ਲੜਕੀਆਂ ਸ਼ਾਮਲ ਹਨ। ਨਾਲ ਹੀ, ਮਨੁੱਖੀ ਤਸਕਰੀ ਅਤੇ ਖਰੀਦ-ਫ਼ਰੋਖ਼ਤ ਦੇ 1,858 ਮਾਮਲੇ ਵੀ ਸਾਹਮਣੇ ਆਏ ਹਨ। ਬੱਚੇ ਲਾਪਤਾ ਹੋਣ ਤੋਂ ਬਾਅਦ ਪਹਿਲੇ 24 ਘੰਟਿਆਂ ਵਿੱਚ ਉਹਨਾਂ ਨੂੰ ਲੱਭਣ ਦੀ ਸੰਭਾਵਨਾ ਸਭ ਤੋਂ ਵੱਧ ਹੁੰਦੀ ਹੈ, ਨਹੀਂ ਤਾਂ ਉਹਨਾਂ ਨੂੰ ਜ਼ਬਰਦਸਤੀ ਭਿਖਾਰੀ ਬਣਾਇਆ ਜਾਂਦਾ ਹੈ, ਅਪਰਾਧੀ ਗਿਰੋਹਾਂ ਵਿੱਚ ਸ਼ਾਮਲ ਕੀਤਾ ਜਾਂ ਵੇਸ਼ਿਆਵ੍ਰਿਤੀ ਵਰਗੀਆਂ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਧੱਕਿਆ ਜਾਂਦਾ ਹੈ।

**ਪਾਕਸੋ ਐਕਟ ਹੇਠ ਵਧਦੇ ਮਾਮਲੇ:ਲੜਕੀਆਂ ਦਾ ਸੰਕਟ ਵਧ ਰਿਹਾ ਹੈ**

ਪਾਕਸੋ ਐਕਟ ਹੇਠ 2022 ਵਿੱਚ 63,414 ਮਾਮਲੇ ਸਨ, ਜੋ 2023 ਵਿੱਚ ਵਧ ਕੇ 67,694 ਹੋ ਗਏ। ਇਹਨਾਂ ਵਿੱਚ 98 ਫ਼ੀਸਦੀ ਭੁਗਤਭੋਗੀ ਲੜਕੀਆਂ ਹਨ। 39,076 ਮਾਮਲਿਆਂ ਵਿੱਚ ਭੁਗਤਭੋਗੀ ਦੋਸ਼ੀਆਂ ਨੂੰ ਪਹਿਲਾਂ ਤੋਂ ਜਾਣਦੇ ਸਨ - 3,224 ਵਿੱਚ ਪਰਿਵਾਰਕ ਮੈਂਬਰ, 15,000 ਵਿੱਚ ਰਿਸ਼ਤੇਦਾਰ ਜਾਂ ਗਵਾਂਢੀ, ਅਤੇ 21,000 ਵਿੱਚ ਦੋਸਤ ਜਾਂ ਆਨਲਾਈਨ ਸੰਪਰਕ। ਸਿਰਫ਼ 1,358 ਮਾਮਲੇ ਅਗਿਆਤ ਦੋਸ਼ੀ ਨਾਲ ਜੁੜੇ ਹਨ। ਇਹ ਰੁਝਾਨ ਦਰਸਾਉਂਦਾ ਹੈ ਕਿ ਬੱਚਿਆਂ ਨੂੰ ਸੁਰੱਖਿਆ ਦੇ ਨਾਂਅ 'ਤੇ ਘਰ ਵਿੱਚ ਹੀ ਖ਼ਤਰਾ ਹੈ। ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਨੇ 2022 ਵਿੱਚ ਕਿਹਾ ਸੀ ਕਿ ਪਰਿਵਾਰਕ ਮੈਂਬਰ ਵੱਲੋਂ ਅਪਰਾਧ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ ਅਤੇ ਮਾਪਿਆਂ ਨੂੰ ਬੱਚਿਆਂ ਨੂੰ 'ਚੰਗਾ ਅਤੇ ਬੁਰਾ ਛੂਹਣ' ਸਮਝਾਉਣਾ ਚਾਹੀਦਾ ਹੈ।

**ਲੜਕੀਆਂ ਦੀ ਸਥਿਤੀ ਵਧੇਰੇ ਸੰਵੇਦਨਸ਼ੀਲ ਕਿਉਂ ਹੈ ?**

ਮਾਹਿਰਾਂ ਅਨੁਸਾਰ, ਗਰੀਬੀ, ਬੇਰੁਜ਼ਗਾਰੀ ਅਤੇ ਘਰੇਲੂ ਹਿੰਸਾ ਕਾਰਣ ਪਰਿਵਾਰ ਅਸੁਰੱਖਿਤ ਹੋ ਜਾਂਦੇ ਹਨ। (ਬਾਕੀ ਸਫ਼ਾ 27 'ਤੇ)

# ਭਾਰਤੀ ਵਿਸ਼ੇਸ਼ ਫ਼ੌਜਾਂ ਵਿੱਚ ਟੇਵਰ ਗੰਨ ਪਹਿਲੀ ਪਸੰਦ



## ਇਜ਼ਰਾਇਲ ਤੋਂ ਤਿਆਰ ਟੇਵਰ ਰਾਈਫਲ ਭਾਰਤੀ ਫ਼ੌਜ ਲਈ ਮਹੱਤਵਪੂਰਣ ਕਿਵੇਂ ਬਣੀ ?

ਭਾਰਤੀ ਵਿਸ਼ੇਸ਼ ਫ਼ੌਜਾਂ, ਜਿਵੇਂ ਕਿ ਮਾਰਕੋਸ (ਸਮੁੰਦਰੀ ਕਮਾਂਡੋ), ਗਰੁੜ ਵਿਸ਼ੇਸ਼ ਫ਼ੌਜਾਂ ਅਤੇ ਪੈਰਾ ਮਿਲਟਰੀ ਫ਼ੌਜਾਂ, ਆਪਣੀ ਅਸਾਧਾਰਨ ਕੁਸ਼ਲਤਾ, ਸਖ਼ਤ ਸਿਖਲਾਈ ਅਤੇ ਰਾਸ਼ਟਰੀ ਸੁਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਲਈ ਜਾਣੀਆਂ ਜਾਂਦੀਆਂ ਹਨ। ਇਹ ਇਕਾਈਆਂ ਸਭ ਤੋਂ ਵਧੀਆ ਹਥਿਆਰਾਂ ਅਤੇ ਰਣਨੀਤਕ ਸੰਦਾਂ ਨਾਲ ਲੈਸ ਹਨ, ਜੋ ਉਨ੍ਹਾਂ ਨੂੰ ਉੱਚ ਜੋਖਮ ਵਾਲੇ ਮਿਸ਼ਨਾਂ ਨੂੰ ਸਟੀਕਤਾ ਨਾਲ ਪੂਰਾ ਕਰਨ ਦੇ ਸਮਰੱਥ ਬਣਾਉਂਦੀਆਂ ਹਨ। ਇਨ੍ਹਾਂ ਹਥਿਆਰਾਂ ਵਿੱਚ, ਆਈ ਡਬਲਯੂ ਆਈ ਟੇਵਰ ਰਾਈਫਲ ਆਪਣੇ ਵਿਲੱਖਣ ਡਿਜ਼ਾਈਨ, ਬਹੁ-ਕਾਰਜੀ ਯੋਗਤਾ ਅਤੇ ਭਰੋਸੇਯੋਗਤਾ ਕਾਰਨ ਇੱਕ ਪਸੰਦੀਦਾ ਬਦਲ ਵਜੋਂ ਸਾਹਮਣੇ ਆਈ ਹੈ।

**ਟੇਵਰ ਰਾਈਫਲ ਦਾ ਵਿਕਾਸ ਅਤੇ ਭਾਰਤ ਨਾਲ ਸਬੰਧ**

ਟੇਵਰ ਰਾਈਫਲ ਨੂੰ ਇਜ਼ਰਾਇਲ ਵਿੱਚ ਇਜ਼ਰਾਇਲ ਵੈਪਨ ਇੰਡਸਟਰੀਜ਼ ਨੇ ਵਿਕਸਿਤ ਕੀਤਾ। ਇਹ ਇੱਕ ਆਧੁਨਿਕ ਬੁੱਲਪੁਪ ਡਿਜ਼ਾਈਨ ਵਾਲੀ ਰਾਈਫਲ ਹੈ, ਜਿਸ ਨੂੰ ਪਹਿਲੀ ਵਾਰ 1990 ਦੇ ਦਹਾਕੇ ਵਿੱਚ ਇਜ਼ਰਾਇਲ ਰੱਖਿਆ ਫ਼ੌਜਾਂ ਲਈ ਤਿਆਰ ਕੀਤਾ ਗਿਆ ਸੀ। ਭਾਰਤ ਅਤੇ ਇਜ਼ਰਾਇਲ ਦੀ ਰਣਨੀਤਕ ਸਾਂਝੇਦਾਰੀ ਦੇ ਚੱਲਦਿਆਂ, ਟੇਵਰ ਰਾਈਫਲ ਨੂੰ 2000 ਦੇ ਦਹਾਕੇ ਵਿੱਚ ਭਾਰਤੀ ਵਿਸ਼ੇਸ਼ ਫ਼ੌਜਾਂ ਵਿੱਚ ਪੇਸ਼ ਕੀਤਾ ਗਿਆ। ਸਭ ਤੋਂ ਪਹਿਲਾਂ, ਸਪੈਸ਼ਲ ਫਰੰਟੀਅਰ ਫੋਰਸ ਅਤੇ ਪੈਰਾ ਵਿਸ਼ੇਸ਼ ਫ਼ੌਜਾਂ ਨੇ ਇਸ ਨੂੰ ਅਪਣਾਇਆ। ਸ਼ੁਰੂਆਤੀ ਦੌਰ ਵਿੱਚ ਕੁਝ ਤਕਨੀਕੀ ਸਮੱਸਿਆਵਾਂ ਸਾਹਮਣੇ ਆਈਆਂ, ਪਰ ਇਜ਼ਰਾਇਲ ਵੈਪਨ ਇੰਡਸਟਰੀਜ਼ ਅਤੇ ਭਾਰਤੀ ਫ਼ੌਜ ਦੇ ਸਹਿਯੋਗ ਨਾਲ ਇਹਨਾਂ ਨੂੰ ਸੁਧਾਰਿਆ ਗਿਆ, ਜਿਸ ਨੇ ਟੇਵਰ ਨੂੰ ਇੱਕ ਭਰੋਸੇਯੋਗ ਅਤੇ ਪਸੰਦੀਦਾ ਹਥਿਆਰ ਬਣਾ ਦਿੱਤਾ। ਭਾਰਤੀ ਵਿਸ਼ੇਸ਼ ਫ਼ੌਜਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ, ਟੇਵਰ ਦੇ ਵੱਖ-ਵੱਖ ਰੂਪਾਂ ਨੂੰ ਅਨੁਕੂਲ ਬਣਾਇਆ ਗਿਆ। ਮਿਸਾਲ ਵਜੋਂ, ਟੇਵਰ ਟੀਏਆਰ-21 ਅਤੇ ਐਕਸ95 (ਮਾਈਕਰੋ-ਟੇਵਰ) ਵਰਗੇ ਮਾਡਲ ਵਿਸ਼ੇਸ਼ ਫ਼ੌਜਾਂ ਦੀਆਂ ਵਿਭਿੰਨ ਲੋੜਾਂ ਜਿਵੇਂ ਕਿ ਨੇੜਲੇ ਮੁਕਾਬਲੇ ਅਤੇ ਲੰਬੀ ਰੇਂਜ ਦੀ ਲੜਾਈ ਲਈ ਵਰਤੇ ਜਾਂਦੇ ਹਨ। ਇਜ਼ਰਾਇਲ ਅਤੇ ਭਾਰਤ ਦੀ ਸਾਂਝੇਦਾਰੀ ਨੇ ਨਾ ਸਿਰਫ ਟੇਵਰ ਨੂੰ ਭਾਰਤ ਵਿੱਚ ਪ੍ਰਸਿੱਧ ਕੀਤਾ, ਸਗੋਂ ਇਸ ਦੀ ਤਕਨੀਕ ਨੂੰ ਸਥਾਨਕ ਸਥਿਤੀਆਂ ਅਨੁਸਾਰ ਅਨੁਕੂਲਿਤ ਕਰਨ ਵਿੱਚ ਵੀ ਮਦਦ ਕੀਤੀ।

### ਏ.ਕੇ.-47 ਨਾਲ ਟੇਵਰ ਦੀ ਕੀ ਹੈ ਵਿਲੱਖਣਤਾ



**ਟੇਵਰ ਦਾ ਡਿਜ਼ਾਈਨ ਅਤੇ ਵਿਸ਼ੇਸ਼ਤਾਵਾਂ**

ਟੇਵਰ ਰਾਈਫਲ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦਾ ਬੁੱਲਪੁਪ ਡਿਜ਼ਾਈਨ ਹੈ। ਇਸ ਡਿਜ਼ਾਈਨ ਵਿੱਚ ਮੈਗਜ਼ੀਨ ਅਤੇ ਬੋਲਟ ਕੈਰੀਅਰ ਨੂੰ ਪਿਸਤੌਲ ਦੀ ਮੁੱਠ ਦੇ ਪਿੱਛੇ ਰੱਖਿਆ ਜਾਂਦਾ ਹੈ, ਜਿਸ ਨਾਲ ਰਾਈਫਲ ਦੀ ਲੰਬਾਈ ਘਟ ਜਾਂਦੀ ਹੈ ਪਰ ਨਾਲ ਦੀ ਨਾਲ ਨਲੀ (ਬੈਰਲ) ਦੀ ਲੰਬਾਈ ਬਰਕਰਾਰ ਰਹਿੰਦੀ ਹੈ। ਇਹ ਵਿਸ਼ੇਸ਼ਤਾ ਟੇਵਰ ਨੂੰ ਨੇੜਲੇ ਮੁਕਾਬਲੇ ਲਈ ਬਹੁਤ ਅਨੁਕੂਲ ਬਣਾਉਂਦੀ ਹੈ, ਕਿਉਂਕਿ ਇਹ ਸੰਘਣੀ ਜਗ੍ਹਾਵਾਂ ਵਿੱਚ ਵੀ ਆਸਾਨੀ ਨਾਲ ਵਰਤੀ ਜਾ ਸਕਦੀ ਹੈ।

**ਰੇਂਜ ਅਤੇ ਸਟੀਕਤਾ:** ਟੇਵਰ ਰਾਈਫਲ ਮੁੱਖ ਤੌਰ 'ਤੇ 5.56+45 ਐਮ.ਐਮ. ਨਾਟੋ ਗੋਲੀਆਂ ਦੀ ਵਰਤੋਂ ਕਰਦੀ ਹੈ, ਜੋ ਇਸ ਨੂੰ 300 ਤੋਂ 500 ਮੀਟਰ ਦੀ ਪ੍ਰਭਾਵੀ ਰੇਂਜ ਦਿੰਦੀਆਂ ਹਨ। ਨਾਟੋ ਗੋਲੀਆਂ ਉਹ ਗੋਲੀਆਂ (ਬੁਲੇਟਸ) ਹਨ, ਜੋ ਨੌਰਥ ਅਟਲਾਂਟਿਕ ਟਰੀਟੀ ਆਰਗੇਨਾਈਜ਼ੇਸ਼ਨ (ਨਾਟੋ) ਦੇ ਮੈਂਬਰ ਦੇਸ਼ਾਂ ਦੀਆਂ ਫ਼ੌਜਾਂ ਦੁਆਰਾ ਵਰਤੀਆਂ ਜਾਂਦੀਆਂ ਹਨ। ਇਹ ਗੋਲੀਆਂ ਨਾਟੋ ਦੇ ਮਿਲਟਰੀ ਮਿਆਰਾਂ ਅਨੁਸਾਰ ਤਿਆਰ ਕੀਤੀਆਂ ਜਾਂਦੀਆਂ ਹਨ, ਤਾਂ ਜੋ ਵੱਖ-ਵੱਖ ਦੇਸ਼ਾਂ ਦੀਆਂ ਫੌਜਾਂ ਵਿੱਚ ਇਕਸਾਰਤਾ ਅਤੇ ਅਨੁਕੂਲਤਾ ਬਣੀ ਰਹੇ। ਨਾਟੋ ਗੋਲੀਆਂ ਦੀ ਵਰਤੋਂ ਹਥਿਆਰਾਂ, ਜਿਵੇਂ ਕਿ ਰਾਈਫਲਾਂ ਅਤੇ ਮਸ਼ੀਨ ਗੰਨਾਂ, ਵਿੱਚ ਕੀਤੀ ਜਾਂਦੀ ਹੈ, ਅਤੇ ਇਹ ਆਧੁਨਿਕ ਯੁੱਧ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਡਿਜ਼ਾਈਨ ਕੀਤੀਆਂ ਜਾਂਦੀਆਂ ਹਨ।

ਵਿਸ਼ੇਸ਼ ਸਥਿਤੀਆਂ ਵਿੱਚ, ਜਦੋਂ ਰਾਤ ਦੇ ਦ੍ਰਿਸ਼ਟੀਕੋਣ (ਨਾਈਟ ਵਿਜ਼ਨ) ਅਤੇ ਆਪਟਿਕਸ ਦੀ ਵਰਤੋਂ ਕੀਤੀ ਜਾਂਦੀ ਹੈ, ਇਸ ਦੀ ਸਟੀਕਤਾ ਹੋਰ ਵਧ ਜਾਂਦੀ ਹੈ। ਇਸ ਦਾ ਸੰਤੁਲਿਤ ਡਿਜ਼ਾਈਨ ਅਤੇ ਗੁਰੂਤਾਕਰਸ਼ਣ ਕੇਂਦਰ ਪਿਸਤੌਲ ਦੀ ਮੁੱਠ ਦੇ ਨੇੜੇ ਹੋਣ ਕਾਰਨ, ਇਸ ਨੂੰ ਇੱਕ ਹੱਥ ਨਾਲ ਵੀ ਸੰਭਾਲਿਆ ਜਾ ਸਕਦਾ ਹੈ, ਜੋ ਉੱਚ ਦਬਾਅ ਵਾਲੀਆਂ ਸਥਿਤੀਆਂ ਵਿੱਚ ਬਹੁਤ ਲਾਭਕਾਰੀ ਹੁੰਦਾ ਹੈ।

**ਗੋਲੀਆਂ ਦੀ ਗਤੀ:** ਟੇਵਰ ਰਾਈਫਲ ਦੀ ਫਾਇਰਿੰਗ ਗਤੀ ਲਗਭਗ 700 ਤੋਂ 900 ਗੋਲੀਆਂ ਪ੍ਰਤੀ ਮਿੰਟ ਹੈ, ਜੋ ਇਸ ਨੂੰ ਤੇਜ਼ ਅਤੇ ਪ੍ਰਭਾਵੀ ਬਣਾਉਂਦੀ ਹੈ। ਇਸ ਦੀ ਲੌਂਗ-ਸਟ੍ਰੋਕ ਗੈਸ ਪਿਸਟਨ ਪ੍ਰਣਾਲੀ ਇਸ ਨੂੰ ਬਹੁਤ ਭਰੋਸੇਯੋਗ ਬਣਾਉਂਦੀ ਹੈ, ਕਿਉਂਕਿ ਇਹ ਪ੍ਰਣਾਲੀ ਐਮ1 ਅਤੇ ਏਕੇ-47 ਵਰਗੀਆਂ ਰਾਈਫਲਾਂ ਵਿੱਚ ਵੀ ਵਰਤੀ ਜਾਂਦੀ ਹੈ।

**ਭਰੋਸੇਯੋਗਤਾ:** ਟੇਵਰ ਦੀ ਭਰੋਸੇਯੋਗਤਾ ਦਾ ਸਬੂਤ ਇਜ਼ਰਾਇਲ ਰੱਖਿਆ ਫ਼ੌਜਾਂ ਦੇ ਟੈਸਟਾਂ ਵਿੱਚ ਮਿਲਦਾ ਹੈ, ਜਿੱਥੇ ਇਸ ਨੇ ਐਮ4 ਅਤੇ ਐਮ16 ਰਾਈਫਲਾਂ ਨੂੰ ਪਛਾੜ ਦਿੱਤਾ। ਇਹ ਰਾਈਫਲ ਧੂੜ, ਮਿੱਟੀ ਅਤੇ ਗਿੱਲੇ ਮੌਸਮ ਵਿੱਚ ਵੀ ਬਿਨਾਂ ਕਿਸੇ ਅੜਚਣ ਦੇ ਕੰਮ ਕਰਦੀ ਹੈ, ਜੋ ਇਸ ਨੂੰ ਭਾਰਤ ਦੇ ਵਿਭਿੰਨ ਭੂਗੋਲਿਕ ਖੇਤਰਾਂ ਜਿਵੇਂ ਕਿ ਰੇਗਿਸਤਾਨ, ਪਹਾੜ ਅਤੇ ਸਮੁੰਦਰੀ ਖੇਤਰਾਂ ਵਿੱਚ ਵਰਤਣ ਲਈ ਅਨੁਕੂਲ ਬਣਾਉਂਦੀ ਹੈ।

### ਏ.ਕੇ.-47 ਨਾਲ ਟੇਵਰ ਦੀ ਤੁਲਨਾ

ਏ.ਕੇ.-47, ਸੋਵੀਅਤ ਸੰਘ ਦੁਆਰਾ ਵਿਕਸਿਤ ਇੱਕ ਪੁਰਾਣੀ ਪਰ ਬਹੁਤ ਮਸ਼ਹੂਰ ਰਾਈਫਲ ਹੈ। ਇਹ 7.62+39 ਐਮਐਮ ਗੋਲੀਆਂ ਦੀ ਵਰਤੋਂ ਕਰਦੀ ਹੈ ਅਤੇ ਆਪਣੀ ਸਰਲਤਾ ਅਤੇ ਮਜ਼ਬੂਤੀ ਲਈ ਜਾਣੀ ਜਾਂਦੀ ਹੈ। ਪਰ ਟੇਵਰ ਅਤੇ ਏਕੇ-47 ਵਿੱਚ ਕਈ ਮੁੱਖ ਵੱਖਰੇਵੇਂ ਹਨ:

**ਡਿਜ਼ਾਈਨ:** ਏਕੇ-47 ਇੱਕ ਰਵਾਇਤੀ ਰਾਈਫਲ ਡਿਜ਼ਾਈਨ ਵਾਲੀ ਹੈ, ਜਿਸ ਵਿੱਚ ਮੈਗਜ਼ੀਨ ਅਤੇ ਬੋਲਟ ਕੈਰੀਅਰ ਨਲੀ ਦੇ ਸਾਹਮਣੇ ਹੁੰਦੇ ਹਨ। ਇਸ ਕਾਰਨ ਇਸ ਦੀ ਲੰਬਾਈ ਜ਼ਿਆਦਾ ਹੁੰਦੀ ਹੈ, ਜੋ ਨੇੜਲੇ ਮੁਕਾਬਲੇ ਵਿੱਚ ਅਸੁਵਿਧਾਜਨਕ ਹੋ ਸਕਦੀ ਹੈ।

ਟੇਵਰ ਦਾ ਬੁੱਲਪੁਪ ਡਿਜ਼ਾਈਨ ਇਸ ਨੂੰ ਸੰਘਣਾ ਅਤੇ ਹਲਕਾ ਬਣਾਉਂਦਾ ਹੈ, ਜੋ ਸੰਘਣੀਆਂ ਜਗ੍ਹਾਵਾਂ ਵਿੱਚ ਵਰਤਣ ਲਈ ਵਧੀਆ ਹੈ।

**ਰੇਂਜ ਅਤੇ ਸਟੀਕਤਾ:** ਏਕੇ-47 ਦੀ ਪ੍ਰਭਾਵੀ ਰੇਂਜ 300 ਮੀਟਰ ਦੇ ਆਸਪਾਸ ਹੈ। ਇਸ ਦੀ 7.62ਐਮਐਮ ਗੋਲੀਆਂ ਵਧੇਰੇ ਨੁਕਸਾਨ ਪਹੁੰਚਾਉਂਦੀਆਂ ਹਨ, ਪਰ ਸਟੀਕਤਾ ਵਿੱਚ ਕਮੀ ਹੁੰਦੀ ਹੈ।

ਟੇਵਰ ਦੀ 5.56 ਐਮਐਮ ਗੋਲੀਆਂ 500 ਮੀਟਰ ਤੱਕ ਪ੍ਰਭਾਵੀ ਰੇਂਜ ਦਿੰਦੀਆਂ ਹਨ ਅਤੇ ਵਧੇਰੇ ਸਟੀਕਤਾ ਪ੍ਰਦਾਨ ਕਰਦੀਆਂ ਹਨ।

**ਭਰੋਸੇਯੋਗਤਾ:** ਏਕੇ-47 ਆਪਣੀ ਸਰਲਤਾ ਅਤੇ ਮਜ਼ਬੂਤੀ ਲਈ ਮਸ਼ਹੂਰ ਹੈ। ਇਹ ਕਿਸੇ ਵੀ ਮੌਸਮ ਜਾਂ ਸਥਿਤੀ ਵਿੱਚ ਬਿਨਾਂ ਅੜਚਣ ਦੇ ਕੰਮ ਕਰ ਸਕਦੀ ਹੈ।

ਟੇਵਰ ਵੀ ਲੌਂਗ-ਸਟ੍ਰੋਕ ਗੈਸ ਪਿਸਟਨ ਪ੍ਰਣਾਲੀ ਦੀ ਵਰਤੋਂ ਕਰਦੀ ਹੈ, ਜੋ ਇਸ ਨੂੰ ਏਕੇ-47 ਦੀ ਤਰ੍ਹਾਂ ਭਰੋਸੇਯੋਗ ਬਣਾਉਂਦੀ ਹੈ, ਪਰ ਇਸ ਦਾ ਆਧੁਨਿਕ ਡਿਜ਼ਾਈਨ ਅਤੇ ਹਲਕਾ ਵਜ਼ਨ ਇਸ ਨੂੰ ਜ਼ਿਆਦਾ ਅਨੁਕੂਲ ਬਣਾਉਂਦਾ ਹੈ।

ਜੇਕਰ ਗੱਲ ਸਰਲਤਾ ਅਤੇ ਵਧੇਰੇ ਨੁਕਸਾਨ ਪਹੁੰਚਾਉਣ ਵਾਲੀ ਸ਼ਕਤੀ ਦੀ ਹੋਵੇ, ਤਾਂ ਏਕੇ-47 ਅਜੇ ਵੀ ਮਜ਼ਬੂਤ ਬਦਲ ਹੈ। ਪਰ ਜੇਕਰ ਸਟੀਕਤਾ, ਸੰਘਣਾਪਣ ਅਤੇ ਆਧੁਨਿਕ ਰਣਨੀਤਕ ਮਿਸ਼ਨਾਂ ਦੀ ਗੱਲ ਹੋਵੇ, ਤਾਂ ਟੇਵਰ ਸਪੱਸ਼ਟ ਤੌਰ 'ਤੇ ਬਿਹਤਰ ਹੈ। ਭਾਰਤੀ ਵਿਸ਼ੇਸ਼ ਫ਼ੌਜਾਂ ਨੇ ਟੇਵਰ ਨੂੰ ਇਸ ਦੀ ਸਟੀਕਤਾ ਅਤੇ ਅਨੁਕੂਲਤਾ ਕਾਰਨ ਪਸੰਦ ਕੀਤਾ ਹੈ। ਟੇਵਰ ਦੀ ਪ੍ਰਸਿੱਧੀ ਸਿਰਫ ਭਾਰਤ ਤੱਕ ਸੀਮਿਤ ਨਹੀਂ। ਇਜ਼ਰਾਇਲ, ਜਾਰਜੀਆ, ਥਾਈਲੈਂਡ ਅਤੇ ਕੋਲੰਬੀਆ ਵਰਗੇ ਦੇਸ਼ਾਂ ਦੀਆਂ ਫ਼ੌਜਾਂ ਵੀ ਇਸ ਨੂੰ ਵਰਤਦੀਆਂ ਹਨ। ਸੈਨਿਕ ਮਾਹਿਰ ਰਸਲ ਸੀ. ਟਿਲਸਟਰਾ ਨੇ ਆਪਣੀ ਕਿਤਾਬ 'ਦਿ ਬੈਟਲ ਰਾਈਫਲ: ਡਿਵੈੱਲਪਮੈਂਟ ਐਂਡ ਯੂਜ਼ ਸਿੰਸ ਵਰਲਡ ਵਾਰ 99' ਵਿੱਚ ਲਿਖਿਆ ਹੈ ਕਿ ਟੇਵਰ ਨੇ ਇਜ਼ਰਾਇਲੀ ਫ਼ੌਜ ਦੇ ਮੁਲਾਂਕਣ ਵਿੱਚ ਐਮ4 ਅਤੇ ਐਮ16 ਨੂੰ ਪਛਾੜਿਆ ਸੀ, ਜੋ ਇਸ ਦੀ ਸ਼ਕਤੀ ਅਤੇ ਭਰੋਸੇਯੋਗਤਾ ਦਾ ਸਬੂਤ ਹੈ।

**ਦਰਪਣ ਝੂਠ ਨਹੀਂ ਬੋਲਦਾ**

# ਰਾਹੁਲ ਗਾਂਧੀ ਦੀ ਅਗਵਾਈ ਵਿੱਚ ਕਾਂਗਰਸ ਦੀ ਨਵੀਂ ਉਮੀਦ

## ਕੀ ਰਾਹੁਲ ਗਾਂਧੀ ਦੀ ਸਿਆਸਤ ਮੋਦੀ ਲਈ ਬਣ ਸਕੇਗੀ ਚੈਲਿੰਜ

## ਦਲਿਤ ਰਾਜਨੀਤੀ ਵਿੱਚ ਪਛੜੀ ਕਾਂਗਰਸ: ਰਾਹੁਲ ਦੇ ਬਿਨਾਂ ਨਹੀਂ ਚੱਲਦੀ ਕਾਂਗਰਸ ਦੀ ਸਿਆਸਤ

ਭਾਰਤੀ ਰਾਜਨੀਤੀ ਵਿੱਚ ਕਾਂਗਰਸ ਪਾਰਟੀ ਨੂੰ ਲੰਮੇ ਸਮੇਂ ਤੋਂ ਇੱਕ ਅਜਿਹੀ ਪਾਰਟੀ ਵਜੋਂ ਵੇਖਿਆ ਜਾਂਦਾ ਰਿਹਾ ਹੈ ਜੋ ਲੋਕਤੰਤਰ ਦੀ ਰਾਖੀ ਕਰਨ ਵਾਲੀ ਅਤੇ ਸਮਾਜਿਕ ਨਿਆਂ ਦੀ ਲੜਾਈ ਲੜਨ ਵਾਲੀ ਹੈ। ਅੱਜ ਵੀ ਇਹ ਪਾਰਟੀ ਰਾਹੁਲ ਗਾਂਧੀ ਦੀ ਅਗਵਾਈ ਹੇਠ ਨਵੀਂ ਊਰਜਾ ਨਾਲ ਉੱਭਰ ਰਹੀ ਹੈ। ਰਾਹੁਲ ਗਾਂਧੀ ਨਾ ਸਿਰਫ਼ ਵਿਰੋਧੀ ਦਲ ਦੇ ਆਗੂ ਵਜੋਂ ਲੋਕ ਸਭਾ ਵਿੱਚ ਸਰਕਾਰ ਨੂੰ ਚੁਣੌਤੀ ਦੇ ਰਹੇ ਹਨ, ਸਗੋਂ ਪਾਰਟੀ ਨੂੰ ਦਿਹਾਤੀ ਪੱਧਰ ਤੱਕ ਮਜ਼ਬੂਤ ਕਰਨ ਵਾਲੀ ਰਣਨੀਤੀ ਵੀ ਬਣਾ ਰਹੇ ਹਨ। 2025 ਵਿੱਚ ਬਿਹਾਰ ਵਿਧਾਨ ਸਭਾ ਚੋਣਾਂ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਕਾਂਗਰਸ ਨੇ ਰਾਹੁਲ ਦੀ ਅਗਵਾਈ ਨੂੰ ਆਪਣੀ ਤਾਕਤ ਵਜੋਂ ਪੇਸ਼ ਕੀਤਾ ਹੈ, ਜੋ ਪਾਰਟੀ ਨੂੰ ਫਿਰ ਤੋਂ ਸੱਤਾ ਵਿਰੋਧੀ ਭੂਮਿਕਾ ਵਿੱਚ ਲਿਆਉਣ ਵਾਲੀ ਹੈ।

ਰਾਹੁਲ ਗਾਂਧੀ ਨੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੂੰ 99 ਸੀਟਾਂ ਦਿਵਾਉਣ ਵਾਲੀ ਭੂਮਿਕਾ ਨਿਭਾਈ, ਜੋ ਪਾਰਟੀ ਨੂੰ ਵਿਰੋਧੀ ਦਲ ਦੇ ਆਗੂ ਦੀ ਕੁਰਸੀ ਦਿਵਾਉਣ ਵਾਲੀ ਸੀ। ਇਸ ਤੋਂ ਬਾਅਦ ਉਹਨਾਂ ਨੇ ਪਾਰਟੀ ਵਿੱਚ ਸੰਗਠਨਾਤਮਕ ਸੁਧਾਰਾਂ ਨੂੰ ਤੇਜ਼ ਕੀਤਾ ਹੈ। ਅਪ੍ਰੈਲ 2025 ਵਿੱਚ ਅਹਿਮਦਾਬਾਦ ਵਿੱਚ ਹੋਈ ਏ.ਆਈ.ਸੀ.ਸੀ. ਬੈਠਕ ਵਿੱਚ ਰਾਹੁਲ ਨੇ ਜ਼ਿਲ੍ਹਾ ਪ੍ਰਧਾਨਾਂ ਨੂੰ ਵਧੇਰੇ ਅਧਿਕਾਰ ਦੇਣ ਦਾ ਐਲਾਨ ਕੀਤਾ, ਤਾਂ ਜੋ ਪਾਰਟੀ ਮਜਬੂਤ ਹੋ ਸਕੇ। ਇਸ ਨਾਲ ਕਾਂਗਰਸ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਵਧੇਰੇ ਮਜ਼ਬੂਤੀ ਮਿਲੇਗੀ, ਖਾਸ ਕਰਕੇ ਬਿਹਾਰ, ਪੰਜਾਬ ਅਤੇ ਹਰਿਆਣਾ ਵਰਗੇ ਰਾਜਾਂ ਵਿੱਚ ਜਿੱਥੇ ਪਾਰਟੀ ਵਿਰੋਧੀ ਭੂਮਿਕਾ ਨਿਭਾ ਰਹੀ ਹੈ। ਰਾਹੁਲ ਦੀ ਇਹ ਵਿਜ਼ਨ ਪਾਰਟੀ ਨੂੰ ਨਵੀਂ ਪੀੜ੍ਹੀ ਨਾਲ ਜੋੜਨ ਵਾਲੀ ਹੈ, ਜਿੱਥੇ ਨੌਜਵਾਨਾਂ ਨੂੰ ਜ਼ਿਆਦਾ ਮੌਕੇ ਦਿੱਤੇ ਜਾ ਰਹੇ ਹਨ।

2025 ਦੀਆਂ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਰਾਹੁਲ ਗਾਂਧੀ ਨੇ 'ਵੋਟਰ ਅਧਿਕਾਰ ਯਾਤਰਾ' ਨਾਮਕ ਇੱਕ ਅਹਿਮ ਪਹਿਲਕਦਮੀ ਸ਼ੁਰੂ ਕੀਤੀ, ਜੋ ਪਾਰਟੀ ਨੂੰ ਲੋਕਾਂ ਨਾਲ ਜੋੜਨ ਵਾਲੀ ਸਾਬਤ ਹੋਈ। ਇਹ ਯਾਤਰਾ 16 ਦਿਨਾਂ ਦੀ ਸੀ, ਜਿਸ ਵਿੱਚ ਰਾਹੁਲ ਨੇ ਬਿਹਾਰ ਦੇ 23 ਜ਼ਿਲ੍ਹਿਆਂ ਦਾ ਦੌਰਾ ਕੀਤਾ ਅਤੇ ਰਾਜਦ, ਲੈਫਟ ਅਤੇ ਵਿਕਾਸਸ਼ੀਲ ਇਨਸਾਨ ਪਾਰਟੀ ਵਰਗੇ ਗਠਜੋੜ ਭਾਈਵਾਲਾਂ ਨੂੰ ਇਕੱਠਾ ਕੀਤਾ। ਰਾਹੁਲ ਗਾਂਧੀ ਨੇ ਵੋਟਰ ਸੂਚੀ ਵਿੱਚ ਵੋਟਰਾਂ ਦੇ ਨਾਂ ਕੱਟਣ ਦੇ ਮੁੱਦੇ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ, ਜਿਸ ਨਾਲ ਲੋਕਾਂ ਵਿੱਚ ਚੋਣ ਕਮਿਸ਼ਨ ਵਿਰੁੱਧ ਰੋਸ ਫੈਲਿਆ। ਚੋਣ ਕਮਿਸ਼ਨ ਨੇ 30 ਸਤੰਬਰ 2025 ਨੂੰ ਅੰਤਿਮ ਵੋਟਰ ਸੂਚੀ ਜਾਰੀ ਕੀਤੀ, ਜਿਸ ਵਿੱਚ 7.42 ਕਰੋੜ ਵੋਟਰ ਸ਼ਾਮਲ ਸਨ। ਪਰ ਰਾਹੁਲ ਨੇ ਇਸ ਨੂੰ 'ਵੋਟ ਚੋਰੀ' ਦਾ ਨਾਂ ਦਿੱਤਾ, ਕਿਉਂਕਿ ਡਰਾਫਟ ਸੂਚੀ ਵਿੱਚ 65 ਲੱਖ ਨਾਂ ਕੱਟੇ ਗਏ ਸਨ ਅਤੇ ਅੰਤਿਮ ਸੂਚੀ ਵਿੱਚ 3.66 ਲੱਖ ਹੋਰ ਨਾਂ ਹਟਾਏ ਗਏ ਸਨ। ਇੱਕ ਪ੍ਰੈਸ ਕਾਨਫਰੰਸ ਵਿੱਚ ਉਹਨਾਂ ਨੇ ਇਸ ਨੂੰ 'ਹਾਈਡ੍ਰੋਜਨ ਬੰਬ' ਵਰਗਾ ਖਤਰਨਾਕ ਮਾਮਲਾ ਕਰਾਰ ਦਿੱਤਾ, ਜੋ ਭਾਜਪਾ ਅਤੇ ਚੋਣ ਕਮਿਸ਼ਨ ਦੀ ਮਿਲੀਭੁਗਤ ਨੂੰ ਸਾਹਮਣੇ ਲਿਆਉਂਦਾ ਹੈ।



ਇਸ ਯਾਤਰਾ ਨੇ ਕਾਂਗਰਸ ਨੂੰ ਬਿਹਾਰ ਵਿੱਚ ਗਠਜੋੜ ਨਾਲ ਜੋੜਿਆ ਅਤੇ ਵੋਟਰਾਂ ਨੂੰ ਜਾਗਰੂਕ ਕੀਤਾ। ਰਾਹੁਲ ਨੇ ਬਿਹਾਰ ਨੂੰ ਬੇਰੁਜ਼ਗਾਰੀ ਅਤੇ ਪ੍ਰਵਾਸ ਵਰਗੇ ਮੁੱਦਿਆਂ ਤੇ ਵੀ ਧਿਆਨ ਕੇਂਦਰਿਤ ਕੀਤਾ, ਜੋ ਚੋਣਾਂ ਦੇ ਮੁੱਖ ਏਜੰਡੇ ਬਣੇ। ਹਰਿਆਣਾ ਵਿੱਚ ਅਕਤੂਬਰ 2025 ਵਿੱਚ ਹੋਈ ਆਈ.ਪੀ.ਐੱਸ. ਅਧਿਕਾਰੀ ਵਾਈ ਪੂਰਨ ਕੁਮਾਰ ਦੀ ਆਤਮ ਹੱਤਿਆ ਨੇ ਦਲਿਤ ਸਮਾਜ ਵਿੱਚ ਭਾਰੀ ਰੋਸ ਪੈਦਾ ਕੀਤਾ। ਪੂਰਨ ਕੁਮਾਰ ਨੇ ਆਪਣੇ ਆਤਮਹੱਤਿਆ ਨੋਟ ਵਿੱਚ ਜਾਤੀਵਾਦੀ ਭੇਦਭਾਵ ਅਤੇ ਅਧਿਕਾਰੀਆਂ ਵੱਲੋਂ ਬੇਅਦਬ ਕਰਨ ਦੇ ਇਲਜ਼ਾਮ ਲਾਏ, ਜਿਸ ਨਾਲ ਰਾਜ ਵਿੱਚ ਵਿਵਾਦ ਡੂੰਘਾ ਹੋ ਗਿਆ। ਉਹਨਾਂ ਦੀ ਪਤਨੀ ਆਈਐੱਸ ਅਧਿਕਾਰੀ ਅਮਨੀਤ ਕੁਮਾਰ ਨੇ ਪੋਸਟਮਾਰਟਮ ਰੋਕ ਦਿੱਤਾ ਅਤੇ ਡੀਜੀਪੀ ਅਤੇ ਰੋਹਤਕ ਦੇ ਪੁਰਾਣੇ ਐੱਸਪੀ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਵਾਲਮੀਕੀ ਸਮਾਜ ਨੇ ਚੰਡੀਗੜ੍ਹ ਵਿੱਚ ਮਹਾਪੰਚਾਇਤ ਕੀਤੀ ਅਤੇ ਆਮ ਆਦਮੀ ਪਾਰਟੀ ਨੇ ਪੰਜਾਬ ਭਰ ਵਿੱਚ ਕੈਂਡਲ ਮਾਰਚ ਕੀਤੇ। ਪਰ ਇਸ ਦੌਰਾਨ ਕਾਂਗਰਸ ਨੇ ਰਾਹੁਲ ਗਾਂਧੀ ਦੇ ਵਾਪਸ ਆਉਣ ਤੱਕ ਚੁੱਪੀ ਅਪਣਾਈ ਰੱਖੀ। ਰਾਹੁਲ ਨੇ 13 ਅਕਤੂਬਰ ਨੂੰ ਚੰਡੀਗੜ੍ਹ ਪਹੁੰਚ ਕੇ ਵਿਵਾਦ ਨੂੰ ਉਠਾਇਆ ਅਤੇ ਪਾਰਟੀ ਨੂੰ ਐਕਸ਼ਨ ਵਿੱਚ ਲਿਆਂਦਾ। ਉਹਨਾਂ ਨੇ ਇਸ ਨੂੰ ਜਾਤੀਵਾਦ ਵਿਰੁੱਧ ਲੜਾਈ ਵਜੋਂ ਪੇਸ਼ ਕੀਤਾ ਅਤੇ ਦਲਿਤ ਅਧਿਕਾਰਾਂ ਲਈ ਆਵਾਜ਼ ਉਠਾਈ।

ਹਰਿਆਣਾ ਵਿੱਚ ਕਾਂਗਰਸ ਮੁੱਖ ਵਿਰੋਧੀ ਪਾਰਟੀ ਹੈ ਅਤੇ ਉੱਥੇ 20 ਫ਼ੀਸਦੀ ਦਲਿਤ ਆਬਾਦੀ ਹੈ। ਪੰਜਾਬ ਵਿੱਚ ਵੀ 30 ਫ਼ੀਸਦੀ ਤੋਂ ਵੱਧ ਦਲਿਤ ਹਨ ਅਤੇ ਕਾਂਗਰਸ ਉੱਥੇ ਵੀ ਵਿਰੋਧੀ ਭੂਮਿਕਾ ਨਿਭਾ ਰਹੀ ਹੈ। ਰਾਹੁਲ ਨੇ ਕੁਝ ਮਹੀਨਿਆਂ ਵਿੱਚ ਦਲਿਤ ਰਾਜਨੀਤੀ ਨੂੰ ਮਜ਼ਬੂਤ ਕਰਨ ਲਈ ਕਈ ਪ੍ਰੋਗਰਾਮ ਚਲਾਏ ਹਨ, ਜਿਵੇਂ ਕਿ ਜਾਤੀ ਗਿਣਤੀ ਦੀ ਮੰਗ ਅਤੇ ਸੰਵਿਧਾਨਕ ਅਧਿਕਾਰਾਂ ਦੀ ਰਾਖੀ। ਇਸ ਮਾਮਲੇ ਵਿੱਚ ਉਹਨਾਂ ਨੇ ਭਾਜਪਾ ਨੂੰ ਦਲਿਤ ਵਿਰੋਧੀ ਪੇਸ਼ ਕੀਤਾ ਅਤੇ ਪਾਰਟੀ ਨੂੰ ਸਮਾਜਿਕ ਨਿਆਂ ਦੇ ਏਜੰਡੇ ਨਾਲ ਜੋੜਿਆ। ਇਹ ਘਟਨਾ ਨੇ ਕਾਂਗਰਸ ਨੂੰ ਦਲਿਤ ਵੋਟ ਬੈਂਕ ਨੂੰ ਮਜ਼ਬੂਤ ਕਰਨ ਦਾ ਮੌਕਾ ਦਿੱਤਾ, ਜੋ ਆਉਣ ਵਾਲੀਆਂ ਚੋਣਾਂ ਵਿੱਚ ਫਾਇਦੇਮੰਦ ਹੋਵੇਗੀ। ਰਾਹੁਲ ਦੀ ਇਹ ਰਣਨੀਤੀ ਪਾਰਟੀ ਨੂੰ ਸਮਾਜਿਕ ਇਨਕਲਾਬੀ ਬਣਾਉਂਦੀ ਹੈ, ਜੋ ਭਾਜਪਾ ਦੀ ਨੀਤੀਆਂ ਨੂੰ ਚੁਣੌਤੀ ਦਿੰਦੀ ਹੈ। 2026 ਵਿੱਚ ਪੰਜਾਬ, ਪੱਛਮੀ ਬੰਗਾਲ ਅਤੇ ਅਸਾਮ ਵਰਗੇ ਰਾਜਾਂ ਵਿੱਚ ਚੋਣਾਂ ਹੋਣ ਵਾਲੀਆਂ ਹਨ, ਜਿੱਥੇ ਰਾਹੁਲ ਗਾਂਧੀ ਨੇ ਕਾਂਗਰਸ ਨੂੰ ਨਵੀਂ ਰਣਨੀਤੀ ਨਾਲ ਤਿਆਰ ਕੀਤਾ ਹੈ। ਪੰਜਾਬ ਵਿੱਚ ਕਾਂਗਰਸ ਨੇ ਭਾਜਪਾ ਅਤੇ ਆਪ ਨੂੰ ਚੁਣੌਤੀ ਦੇਣ ਲਈ ਦਿਹਾਤ ਅਤੇ ਨੌਜਵਾਨ ਵੋਟਰਾਂ ਤੇ ਧਿਆਨ ਕੇਂਦਰਿਤ ਕੀਤਾ ਹੈ। ਰਾਹੁਲ ਨੇ ਕੇਰਲ ਤੋਂ ਬਾਅਦ ਪੰਜਾਬ ਦਾ ਦੌਰਾ ਕੀਤਾ ਅਤੇ ਉੱਥੇ ਦਲਿਤ ਅਤੇ ਕਿਸਾਨ ਮੁੱਦਿਆਂ ਨੂੰ ਉਠਾਇਆ। ਪੱਛਮੀ ਬੰਗਾਲ ਵਿੱਚ ਤ੍ਰਿਨਮੂਲ ਕਾਂਗਰਸ ਨਾਲ ਗਠਜੋੜ ਦੀ ਸੰਭਾਵਨਾ ਨੂੰ ਰਾਹੁਲ ਨੇ ਮਜ਼ਬੂਤ ਕੀਤਾ ਹੈ, ਜਿੱਥੇ ਚੋਣਾਂ ਅਪ੍ਰੈਲ-ਮਈ 2026 ਵਿੱਚ ਹੋਣਗੀਆਂ। ਉਹਨਾਂ ਨੇ ਬੰਗਾਲ ਵਿੱਚ ਆਪਣਾ ਅੰਤਿਮ ਦੌਰਾ ਕੁਝ ਮਹੀਨੇ ਪਹਿਲਾਂ ਕੀਤਾ ਅਤੇ ਉੱਥੇ ਵੀ ਵੋਟਰ ਅਧਿਕਾਰਾਂ ਤੇ ਜ਼ੋਰ ਦਿੱਤਾ। ਅਸਾਮ ਵਿੱਚ ਭਾਜਪਾ ਦੀ ਸੱਤਾ ਨੂੰ ਚੁਣੌਤੀ ਦੇਣ ਲਈ ਰਾਹੁਲ ਨੇ ਗਠਜੋੜ ਨਾਲ ਚੋਣਾਂ ਲੜਨ ਦੀ ਯੋਜਨਾ ਬਣਾਈ ਹੈ, ਜਿੱਥੇ ਮਾਰਚ-ਅਪ੍ਰੈਲ 2026 ਵਿੱਚ ਵੋਟਿੰਗ ਹੋਵੇਗੀ।

ਇਸ ਨਾਲ ਕਾਂਗਰਸ ਨੂੰ ਨਵੀਂ ਊਰਜਾ ਮਿਲੀ ਹੈ ਅਤੇ ਉਹ ਆਉਣ ਵਾਲੀਆਂ ਚੋਣਾਂ ਵਿੱਚ ਵਾਪਸੀ ਕਰਨ ਲਈ ਤਿਆਰ ਹੈ।

ਅੰਤ ਵਿੱਚ, ਰਾਹੁਲ ਗਾਂਧੀ ਨੂੰ ਮੋਦੀ ਅਤੇ ਭਾਜਪਾ ਲਈ ਰਾਜਨੀਤਕ ਚੈਲੰਜ ਵਜੋਂ ਵੇਖਿਆ ਜਾ ਸਕਦਾ ਹੈ, ਕਿਉਂਕਿ ਉਹਨਾਂ ਨੇ ਕਾਂਗਰਸ ਨੂੰ ਲੋਕਤੰਤਰ ਅਤੇ ਨਿਆਂ ਦੀ ਲੜਾਈ ਵਿੱਚ ਤਬਦੀਲ ਕੀਤਾ ਹੈ। ਰਾਹੁਲ ਦੀ ਅਗਵਾਈ ਨਾਲ ਪਾਰਟੀ ਮਜਬੂਤ ਹੋ ਰਹੀ ਹੈ।

# ਬਾਬਾ ਸਾਹਿਬ ਅੰਬੇਡਕਰ ਦਾ ਮਹਾਤਮਾ ਗਾਂਧੀ ਨਾਲ ਟਕਰਾਅ ਕਿਉਂ ਸੀ ?

## ਬਾਬਾ ਸਾਹਿਬ ਨੇ ਅਛੂਤਾਂ ਲਈ ਵੱਖਰੇ ਚੋਣ ਅਧਿਕਾਰ ਦੀ ਮੰਗ ਕਿਉਂ ਕੀਤੀ ? ਕੀ ਹੈ ਇਤਿਹਾਸਕ ਸੰਘਰਸ਼ ਦੀ ਸਾਖੀ

ਭਾਰਤੀ ਇਤਿਹਾਸ ਵਿੱਚ ਕਈ ਅਜਿਹੇ ਪਲ ਆਏ ਜਦੋਂ ਦੋ ਮਹਾਨ ਸਖਸ਼ੀਅਤਾਂ ਦੇ ਵਿਚਾਰਧਾਰਕ ਤੌਰ ਉੱਪਰ ਟਕਰਾਅ ਹੋਏ ਸਨ। ਪਰ ਜਦੋਂ ਡਾ. ਭੀਮਰਾਓ ਅੰਬੇਡਕਰ ਨੇ ਮਹਾਤਮਾ ਗਾਂਧੀ ਨੂੰ 'ਭਾਰਤ ਵਿੱਚ ਅਛੂਤਾਂ ਦਾ ਸਭ ਤੋਂ ਵੱਡਾ ਦੁਸ਼ਮਣ' ਤੇ ਸ਼ੈਤਾਨ ਕਿਹਾ, ਤਾਂ ਇਹ ਸਿਰਫ਼ ਇੱਕ ਨਿੱਜੀ ਟਿੱਪਣੀ ਨਹੀਂ ਸੀ। ਇਹ ਇੱਕ ਇਤਿਹਾਸਕ ਹਕੀਕਤ, ਇੱਕ ਚਿਤਾਵਨੀ ਅਤੇ ਦਲਿਤਾਂ ਲਈ ਡੂੰਘੀ ਪੀੜ ਦਾ ਨਤੀਜਾ ਸੀ। ਇਸ ਬਿਆਨ ਦਾ ਵਜਨ ਬਹੁਤ ਜ਼ਿਆਦਾ ਸੀ, ਅਤੇ ਇਸ ਨੂੰ ਸਮਝਣ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਬਾਬਾ ਸਾਹਿਬ ਅੰਬੇਡਕਰ ਨੇ ਅਜਿਹਾ ਕਿਉਂ ਕਿਹਾ ? ਕੀ ਉਹ ਗਾਂਧੀ ਦੇ ਵਿਰੋਧੀ ਸਨ, ਜਾਂ ਇਸ ਦੇ ਪਿੱਛੇ ਕੋਈ ਇਤਿਹਾਸਕ, ਸਮਾਜਿਕ ਅਤੇ ਕਾਨੂੰਨੀ ਅਧਾਰ ਸੀ ?

1930 ਦੇ ਦਹਾਕੇ ਵਿੱਚ, ਜਦੋਂ ਲੰਡਨ ਵਿੱਚ ਰਾਊਂਡ ਟੇਬਲ ਕਾਨਫਰੰਸ ਹੋ ਰਹੀ ਸੀ, ਡਾ. ਅੰਬੇਡਕਰ ਨੇ ਇੱਕ ਵੱਡੀ ਜਿੱਤ ਹਾਸਲ ਕੀਤੀ। ਉਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਅਛੂਤ, ਜਿਨ੍ਹਾਂ ਨੂੰ ਅੱਜ ਅਨੁਸੂਚਿਤ ਜਾਤੀਆਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਹਿੰਦੂ ਸਮਾਜ ਦਾ ਹਿੱਸਾ ਨਹੀਂ ਸਨ। ਵਰਣ ਵਿਵਸਥਾ ਵਿੱਚ ਉਹ ਨਾ ਬ੍ਰਾਹਮਣ ਸਨ, ਨਾ ਖੱਤਰੀ, ਨਾ ਵੈਸ਼, ਅਤੇ ਨਾ ਹੀ ਸ਼ੂਦਰ। ਉਹ 'ਅਵਰਣ' ਸਨ, ਯਾਨੀ ਵਰਣ ਵਿਵਸਥਾ ਤੋਂ ਬਾਹਰ। ਇਸ ਅਧਾਰ 'ਤੇ ਬਾਬਾ ਸਾਹਿਬ ਅੰਬੇਡਕਰ ਨੇ ਅਛੂਤਾਂ ਲਈ ਵੱਖਰਾ ਚੋਣ ਅਧਿਕਾਰ ਦੀ ਮੰਗ ਕੀਤੀ। ਵੱਖਰਾ ਚੋਣ ਅਧਿਕਾਰ ਦਾ ਮਤਲਬ ਸੀ ਕਿ ਅਛੂਤ ਆਪਣੇ ਵਿਸ਼ੇਸ਼ ਨੁਮਾਇੰਦੇ ਚੁਣਨ ਦਾ ਅਧਿਕਾਰ ਪ੍ਰਾਪਤ ਕਰਨ।

ਬ੍ਰਿਟਿਸ਼ ਸਰਕਾਰ ਨੇ ਅੰਬੇਡਕਰ ਦੀ ਮੰਗ ਮੰਨ ਲਈ ਅਤੇ ਅਛੂਤਾਂ ਨੂੰ ਵੱਖਰਾ ਚੋਣ ਅਧਿਕਾਰ ਦੇਣ ਦਾ ਫ਼ੈਸਲਾ ਕੀਤਾ। ਪਰ ਜਿਵੇਂ ਹੀ ਇਹ ਅਧਿਕਾਰ ਅਛੂਤਾਂ ਨੂੰ ਮਿਲਣ ਵਾਲਾ ਸੀ, ਮਹਾਤਮਾ ਗਾਂਧੀ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਉਨ੍ਹਾਂ ਨੇ ਇਸ ਨੂੰ ਹਿੰਦੂ ਧਰਮ ਲਈ 'ਜ਼ਹਿਰ ਦਾ ਟੀਕਾ' ਕਿਹਾ ਅਤੇ ਇਸ ਦੇ ਵਿਰੁੱਧ ਅਨਸ਼ਨ ਸ਼ੁਰੂ ਕਰ ਦਿੱਤਾ। ਗਾਂਧੀ ਦਾ ਇਹ ਅਨਸ਼ਨ ਸਿਰਫ਼ ਨੈਤਿਕ ਦਬਾਅ ਨਹੀਂ ਸੀ, ਸਗੋਂ ਇਹ ਇੱਕ ਭਾਵਨਾਤਮਕ ਬਲੈਕਮੇਲ ਦਾ ਰੂਪ ਬਣ ਗਿਆ।

**ਪੂਨਾ ਸਮਝੌਤਾ: ਬਾਬਾ ਸਾਹਿਬ ਨੇ ਮਜਬੂਰੀ ਵਿੱਚ ਲਿਆ ਫ਼ੈਸਲਾ**

ਗਾਂਧੀ ਦੇ ਅਨਸ਼ਨ ਨੇ ਪੂਰੇ ਦੇਸ਼ ਵਿੱਚ ਤਣਾਅ ਪੈਦਾ ਕਰ ਦਿੱਤਾ। ਡਾ. ਅੰਬੇਡਕਰ 'ਤੇ ਹਰ ਪਾਸਿਓਂ ਦਬਾਅ ਪਾਇਆ ਗਿਆ 'ਰਾਜਨੀਤਿਕ, ਸਮਾਜਿਕ ਅਤੇ ਇੱਥੋਂ ਤੱਕ ਕਿ ਹਿੰਸਾ ਦੀਆਂ ਧਮਕੀਆਂ ਵੀ।' ਉਨ੍ਹਾਂ ਨੂੰ ਕਿਹਾ ਗਿਆ ਕਿ ਜੇਕਰ ਗਾਂਧੀ ਦੀ ਮੌਤ ਹੋ



ਗਈ, ਤਾਂ ਪੂਰੇ ਭਾਰਤ ਵਿੱਚ ਅਨੁਸੂਚਿਤ ਜਾਤੀਆਂ ਦੇ ਖ਼ਿਲਾਫ਼ ਨਸਲਕੁਸ਼ੀ ਹੋ ਸਕਦੀ ਹੈ। ਅਖੀਰ ਵਿੱਚ, ਅੰਬੇਡਕਰ ਨੇ ਮਜਬੂਰੀ ਵਿੱਚ ਪੂਨਾ ਸਮਝੌਤੇ 'ਤੇ ਦਸਤਖਤ ਕੀਤੇ। ਉਨ੍ਹਾਂ ਨੇ ਦਲਿਤਾਂ ਦੀ ਰੱਖਿਆ ਖਾਤਰ ਆਪਣਾ ਕਾਨੂੰਨੀ ਅਧਿਕਾਰ ਛੱਡ ਦਿੱਤਾ।

**ਧਰਮ ਜਾਂ ਜੀਵਨ ਸ਼ੈਲੀ: ਪਛਾਣ ਦੀ ਰਾਜਨੀਤੀ**

ਗਾਂਧੀ ਨੇ 'ਹਿੰਦੂ ਧਰਮ' ਨੂੰ ਇੱਕ ਧਰਮ ਦੀ ਤਰ੍ਹਾਂ ਪੇਸ਼ ਕੀਤਾ ਅਤੇ ਅਛੂਤਾਂ ਨੂੰ ਇਸ ਵਿੱਚ ਸ਼ਾਮਲ ਕਰਕੇ ਕਿਹਾ ਕਿ ਵੱਖਰਾ ਚੋਣ ਅਧਿਕਾਰ ਹਿੰਦੂ ਧਰਮ ਨੂੰ ਤੋੜ ਦੇਵੇਗਾ। ਪਰ ਡਾਕਟਰ ਅੰਬੇਡਕਰ ਦੇ ਅਨੁਸਾਰ, ਇਹ ਇੱਕ ਝੂਠੀ ਪਛਾਣ ਥੋਪਣ ਦੀ ਸਾਜ਼ਿਸ਼ ਸੀ। ਜੇਕਰ ਅਛੂਤਾਂ ਨੂੰ ਵੱਖਰੀ ਪਛਾਣ ਮਿਲ ਜਾਂਦੀ, ਤਾਂ ਅੱਜ ਕੋਈ ਵੀ ਅਨੁਸੂਚਿਤ ਜਾਤੀ ਦਾ ਵਿਅਕਤੀ ਹਿੰਦੂ ਨਾ ਕਹਾਉਂਦਾ ਉਸ ਦੀ ਧਾਰਮਿਕ ਅਜ਼ਾਦੀ ਅਤੇ ਰਾਜਨੀਤਿਕ ਪਛਾਣ ਦੋਵੇਂ ਮਜ਼ਬੂਤ ਹੁੰਦੀਆਂ। ਡਾਕਟਰ ਅੰਬੇਡਕਰ ਦਾ ਮੰਨਣਾ ਸੀ ਕਿ ਵੱਖਰੇ ਚੋਣ ਅਧਿਕਾਰ ਰਾਹੀਂ ਅਛੂਤਾਂ ਨੂੰ ਰਾਜਨੀਤਿਕ ਸ਼ਕਤੀ ਮਿਲੇਗੀ, ਜਿਸ ਨਾਲ ਉਹ ਆਪਣੇ ਅਧਿਕਾਰਾਂ ਲਈ ਲੜ ਸਕਣਗੇ।

ਡਾ. ਅੰਬੇਡਕਰ ਦੀ ਸਭ ਤੋਂ ਵੱਡੀ ਚਿੰਤਾ ਸੀ ਕਿ ਅਛੂਤ ਸਮੇਂ ਦੇ ਨਾਲ ਆਪਣੇ ਆਪ ਨੂੰ ਹਿੰਦੂ ਮੰਨਣ ਨਾ ਲੱਗ ਜਾਣ, ਉਹ ਪਛਾਣ ਜੋ ਕਦੇ ਉਨ੍ਹਾਂ ਦੀ ਸੀ ਹੀ ਨਹੀਂ। ਬਾਬਾ ਸਾਹਿਬ ਅਨੁਸਾਰ ਉਨ੍ਹਾਂ ਨੂੰ ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ 'ਹਿੰਦੂ' ਬਣਾ ਦਿੱਤਾ ਗਿਆ।

**ਗਾਂਧੀ ਨੇ ਅਛੂਤਾਂ ਨੂੰ ਹਿੰਦੂ ਕਿਉਂ ਕਿਹਾ ? ਇਸ ਪਿੱਛੇ ਕੀ ਰਾਜਨੀਤੀ ਸੀ ?**

ਗਾਂਧੀ ਦੀ ਰਾਜਨੀਤੀ ਦਾ ਮੁੱਖ ਮਕਸਦ ਸੀ ਭਾਰਤੀ ਰਾਸ਼ਟਰਵਾਦ ਨੂੰ ਮਜ਼ਬੂਤ ਕਰਨਾ। ਉਹ ਚਾਹੁੰਦੇ ਸਨ ਕਿ ਸਾਰੇ ਭਾਰਤੀ ਇੱਕ ਸਾਂਝੀ ਪਛਾਣ 'ਹਿੰਦੂ ਪਛਾਣ' ਦੇ ਅਧੀਨ ਇਕੱਠੇ ਹੋਣ। ਅਛੂਤਾਂ ਨੂੰ ਵੱਖਰਾ ਚੋਣ ਅਧਿਕਾਰ ਦੇਣ ਦਾ ਮਤਲਬ ਸੀ ਉਨ੍ਹਾਂ ਨੂੰ ਇੱਕ ਵੱਖਰੀ ਸਮਾਜਿਕ ਅਤੇ ਰਾਜਨੀਤਿਕ ਪਛਾਣ ਦੇਣਾ, ਜੋ ਗਾਂਧੀ ਦੀ 'ਹਿੰਦੂ ਏਕਤਾ' ਦੀ ਸੰਕਲਪਨਾ ਨੂੰ ਤੋੜ ਸਕਦੀ ਸੀ। ਗਾਂਧੀ ਨੇ ਅਛੂਤਾਂ ਨੂੰ 'ਹਰਿਜਨ' (ਈਸ਼ਵਰ ਦੇ ਲੋਕ) ਕਹਿ ਕੇ ਹਿੰਦੂ ਸਮਾਜ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਕੀਤੀ, ਪਰ ਅੰਬੇਡਕਰ ਨੇ ਇਸ ਸ਼ਬਦ ਨੂੰ ਵੀ ਠੁਕਰਾ ਦਿੱਤਾ, ਕਿਉਂਕਿ ਇਹ ਅਛੂਤਾਂ ਦੀ ਅਸਲ ਸਮੱਸਿਆ ਨੂੰ ਛੁਪਾਉਣ ਦੀ ਕੋਸ਼ਿਸ਼ ਸੀ।

**ਅੰਬੇਡਕਰ ਨੇ ਗਾਂਧੀ ਨੂੰ ਦਲਿਤਾਂ ਦਾ ਸਭ ਤੋਂ ਵੱਡਾ ਦੁਸ਼ਮਣ ਕਿਉਂ ਕਿਹਾ ?**

ਅੰਬੇਡਕਰ ਦਾ ਇਹ ਬਿਆਨ ਸਿਰਫ਼ ਨਿੱਜੀ ਮਤਭੇਦ ਨਹੀਂ ਸੀ। ਇਹ ਇੱਕ ਡੂੰਘੇ ਸਮਾਜਿਕ ਧੋਖੇ ਵੱਲ ਇਸ਼ਾਰਾ ਸੀ। ਗਾਂਧੀ ਦੇ ਅਨਸ਼ਨ ਅਤੇ ਪੂਨਾ ਸਮਝੌਤੇ ਨੇ ਅਛੂਤਾਂ ਦੀ ਵੱਖਰੀ ਪਛਾਣ ਅਤੇ ਰਾਜਨੀਤਿਕ ਸ਼ਕਤੀ ਨੂੰ ਖਤਮ ਕਰ ਦਿੱਤਾ। ਗਾਂਧੀ ਦੀ 'ਹਿੰਦੂ ਸਮਾਜ' ਦੇ ਸਿਧਾਂਤ ਨੇ ਅਛੂਤਾਂ ਨੂੰ ਉਸੇ ਵਰਣ ਵਿਵਸਥਾ ਦਾ ਹਿੱਸਾ ਬਣਾ ਦਿੱਤਾ, ਜਿਸ ਨੇ ਸਦੀਆਂ ਤੋਂ ਦਲਿਤਾਂ ਨੂੰ ਦਬਾਇਆ ਸੀ। ਅੰਬੇਡਕਰ ਦਾ ਮੰਨਣਾ ਸੀ ਕਿ ਗਾਂਧੀ ਦੀਆਂ ਨੀਤੀਆਂ ਨੇ ਅਛੂਤਾਂ ਦੇ ਸੰਘਰਸ਼ ਨੂੰ ਕਮਜ਼ੋਰ ਕੀਤਾ ਅਤੇ ਉਨ੍ਹਾਂ ਨੂੰ ਇੱਕ ਝੂਠੀ ਪਛਾਣ ਵਿੱਚ ਬੰਨ੍ਹ ਦਿੱਤਾ।

(ਬਾਕੀ ਸਫ਼ਾ 26 'ਤੇ)

## ਇੱਕ ਸੱਚ ਇਹ ਵੀ .....

# ਦੀਵਾਲੀ ਮੌਕੇ ਵੱਧ ਜਾਂਦਾ ਹੈ ਜਾਦੂ- ਟੂਣੇ ਦਾ ਰੁਝਾਨ

### ਚੌਕਾਂ ਅਤੇ ਚੁਰਸਤਿਆਂ ਵਿੱਚ ਕੁਝ ਲੋਕ ਕਰ ਦਿੰਦੇ ਨੇ ਜਾਦੂ- ਟੂਣਾ

### ਵਿਗਿਆਨਕ ਯੁੱਗ ਵਿੱਚ ਫੈਲਾਏ ਜਾ ਰਹੇ ਅੰਧਵਿਸ਼ਵਾਸ ਅਤੇ ਠੱਗੀਆਂ

**ਜਗਮੋਹਨ ਸਿੰਘ 'ਲੱਕੀ'**



ਇੱਕ ਪਾਸੇ ਆਧੁਨਿਕ ਯੁੱਗ ਵਿੱਚ ਵਿਗਿਆਨੀਆਂ ਵੱਲੋਂ ਚੰਦ ਉੱਪਰ ਮਨੁੱਖੀ ਬਸਤੀਆਂ ਵਸਾਉਣ ਬਾਰੇ ਦਾਅਵੇ ਕੀਤੇ ਜਾ ਰਹੇ ਹਨ, ਪਰ ਦੂਜੇ ਪਾਸੇ ਸਾਡਾ ਸਮਾਜ ਅਜੇ ਵੀ ਅੰਧਵਿਸ਼ਵਾਸ, ਡਰ ਅਤੇ ਠੱਗੀਆਂ ਦੇ ਵਿੱਚ ਫਸਿਆ ਹੋਇਆ ਹੈ। ਜਿਸ ਸੋਸ਼ਲ ਮੀਡੀਆ ਦੀ ਖੋਜ ਮਨੁੱਖ ਦੀ ਭਲਾਈ ਲਈ ਕੀਤੀ ਗਈ ਸੀ, ਉਸੇ ਸੋਸ਼ਲ ਮੀਡੀਆ ਦੀ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਗਲਤ ਵਰਤੋ ਵੀ ਕੀਤੀ ਜਾ ਰਹੀ ਹੈ, ਜਿਸ ਕਾਰਨ ਵਿਗਿਆਨੀਆਂ ਵੱਲੋਂ ਕੀਤੀਆਂ ਗਈਆਂ ਵਰਦਾਨੀ ਖੋਜਾਂ ਇੱਕ ਅਭਿਸ਼ਾਪ ਬਣਕੇ ਰਹਿ ਗਈਆਂ ਹਨ।

ਦੀਵਾਲੀ ਮੌਕੇ ਅਨੇਕਾਂ ਲੋਕ ਸਾਂਝੀਆਂ ਥਾਵਾਂ, ਆਪਣੇ ਦੁਸ਼ਮਣਾਂ, ਹੋਰਨਾਂ ਲੋਕਾਂ ਦੇ ਘਰਾਂ ਵਿੱਚ ਅਤੇ ਚੌਂਕਾਂ, ਚੁਰਸਤਿਆਂ ਵਿੱਚ ਤਾਂ ਜਾਦੂ ਟੂਣੇ ਕਰਦੇ ਹੀ ਹਨ, ਪਰ ਕੁਝ ਲੋਕ ਵਿਗਿਆਨੀਆਂ ਵੱਲੋਂ ਖੋਜ਼ ਕੀਤੀਆਂ ਆਧੁਨਿਕ ਸਹੂਲਤਾਂ ਵਾਲੀਆਂ ਵਸਤੂਆਂ 'ਤੇ ਵੀ ਜਾਦੂ ਟੂਣਾ ਕਰਨ ਦਾ ਯਤਨ ਕਰਦੇ ਹਨ। ਕਈ ਲੋਕ ਮੋਬਾਇਲ ਫੋਨ ਰਾਹੀਂ ਹੀ ਇੱਕ ਦੂਜੇ ਉਪਰ ਜਾਦੂ ਟੂਣਾ ਕਰਨ ਦਾ ਯਤਨ ਕਰਦੇ ਹਨ। ਇਸੇ ਕਰਕੇ ਕੁਝ ਲੋਕ ਕੁਝ ਧਾਰਮਿਕ ਤਸਵੀਰਾਂ ਸੋਸ਼ਲ ਮੀਡੀਆ 'ਤੇ ਪਾ ਦਿੰਦੇ ਹਨ ਅਤੇ ਉਹਨਾਂ ਨੂੰ ਤਸਵੀਰਾਂ ਨੂੰ ਅੱਗੇ ਭੇਜਣ ਲਈ ਚਿਤਾਵਨੀ ਵੀ ਲਿੱਖ ਦਿੰਦੇ ਹਨ। ਇਹ ਅਸਲ ਵਿੱਚ ਜਾਦੂ ਟੂਣਾ ਕਰਨ ਅਤੇ ਅੰਧ ਵਿਸ਼ਵਾਸ ਫੈਲਾਉਣ ਦਾ ਆਧੁਨਿਕ ਤਰੀਕਾ ਹੈ, ਜਿਸ ਦੀ ਜਿੰਨੀ ਨਿੰਦਾ ਕੀਤੀ ਜਾਵੇ, ਘੱਟ ਹੈ।

ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਕਿਸੇ ਸ਼ਰਾਰਤੀ ਅਨਸਰ ਜਾਂ ਸਿਰਫਿਰੇ ਵਿਅਕਤੀ ਵੱਲੋਂ ਕਿਸੇ ਦੇਵੀ ਦੇਵਤੇ ਦੀ ਤਸਵੀਰ ਜਾਂ ਹੋਰ ਧਾਰਮਿਕ ਤਸਵੀਰਾਂ ਸੋਸ਼ਲ ਮੀਡੀਆ 'ਤੇ ਪਾ ਦਿੱਤੀਆਂ ਜਾਂਦੀਆਂ ਹਨ ਅਤੇ ਉਹਨਾਂ ਤਸਵੀਰਾਂ ਨਾਲ ਦੋ ਤਿੰਨ ਲਾਈਨਾਂ ਵੀ ਲਿਖੀਆਂ ਹੁੰਦੀਆਂ ਹਨ, ਜਿਨ੍ਹਾਂ ਵਿੱਚ ਕਿਹਾ ਗਿਆ ਹੁੰਦਾ ਹੈ ਕਿ ਤੁਰੰਤ ਹੀ ਇਹ ਤਸਵੀਰਾਂ 15 ਲੋਕਾਂ ਨੂੰ ਭੇਜੋ ਤਾਂ ਤੁਹਾਨੂੰ ਬਹੁਤ ਲਾਭ ਹੁੰਦਾ ਹੈ। ਇਸ ਦੇ ਨਾਲ ਹੀ ਇਹਨਾਂ ਤਸਵੀਰਾਂ ਦੇ ਨਾਲ ਚਿਤਾਵਨੀ ਵੀ ਲਿਖੀ ਹੁੰਦੀ ਹੈ ਕਿ ਜੇ ਇਹ ਤਸਵੀਰਾਂ ਤੁਸੀਂ ਅੱਗੇ 15 ਲੋਕਾਂ ਨੂੰ ਸ਼ੇਅਰ ਨਹੀਂ ਕੀਤੀਆਂ ਤਾਂ ਤੁਹਾਡਾ ਬਹੁਤ ਵੱਡਾ ਨੁਕਸਾਨ ਹੋ ਜਾਵੇਗਾ ਜਾਂ ਮਾਂ ਮਰ ਜਾਵੇਗੀ ਜਾਂ ਅਜਿਹਾ ਹੀ ਕੁਝ ਹੋਰ ਡਰਾਵਾ ਦਿੱਤਾ ਗਿਆ ਹੁੰਦਾ ਹੈ। ਅਕਸਰ ਅਜਿਹੀਆਂ ਤਸਵੀਰਾਂ ਅਤੇ ਤਸਵੀਰਾਂ ਨਾਲ ਲਿਖੀ ਹੋਈ ਚਿਤਾਵਨੀ ਦੇਖ ਕੇ ਆਮ ਲੋਕ ਡਰ ਜਾਂਦੇ ਹਨ ਅਤੇ ਇਸੇ ਡਰ ਤਹਿਤ ਉਹ ਇਹ ਤਸਵੀਰਾਂ ਅੱਗੇ



ਹੋਰਨਾਂ ਲੋਕਾਂ ਨੂੰ ਸ਼ੇਅਰ ਕਰ ਦਿੰਦੇ ਹਨ। ਜਿਸ ਕਾਰਨ ਇਹ ਤਸਵੀਰਾਂ ਦੇਸ਼ ਵਿਦੇਸ਼ ਵਿੱਚ ਘੁੰਮਣ ਲੱਗਦੀਆਂ ਹਨ। ਜਿਸ ਕਾਰਨ ਆਧੁਨਿਕ ਅਤੇ ਤਰਕਸ਼ੀਲ ਕਹੇ ਜਾਂਦੇ ਇਸ ਯੁੱਗ ਵਿੱਚ ਵੀ ਅੰਧਵਿਸ਼ਵਾਸ ਅਤੇ ਠੱਗੀਆਂ ਫੈਲ ਜਾਂਦੇ ਹਨ।



ਇਹ ਸਿਰਫ਼ ਕਿਸੇ ਇੱਕ ਪਿੰਡ ਜਾਂ ਸ਼ਹਿਰ ਤੱਕ ਸੀਮਿਤ ਨਹੀਂ ਹੈ, ਸਗੋਂ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਹੀ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਅਕਸਰ ਸ਼ਰਾਰਤੀ ਅਨਸਰ ਅਤੇ ਸਿਰਫਿਰੇ ਲੋਕ ਅਜਿਹੀਆਂ ਧਾਰਮਿਕ ਤਸਵੀਰਾਂ ਨੂੰ ਸੋਸ਼ਲ ਮੀਡੀਆ ਤੇ ਪਾਉਂਦੇ ਰਹਿੰਦੇ ਹਨ ਅਤੇ ਨਾਲ ਹੀ ਚਿਤਾਵਨੀ ਲਿਖ ਕੇ ਆਮ ਲੋਕਾਂ ਨੂੰ ਡਰਾਉਂਦੇ ਹਨ ਤੇ ਆਮ ਭੋਲੇ ਭਾਲੇ ਲੋਕਾਂ ਨੂੰ ਇਹ ਤਸਵੀਰਾਂ ਅੱਗੇ ਸ਼ੇਅਰ ਕਰਨ ਲਈ ਮਜਬੂਰ ਕਰਦੇ ਹਨ। ਅਜਿਹੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਕਿਸੇ ਗਰੁੱਪ ਵਿੱਚ ਆਉਣ ਤੋਂ ਬਾਅਦ ਆਮ ਵਿਅਕਤੀ ਨੂੰ ਪਤਾ ਨਹੀਂ ਚੱਲਦਾ ਕਿ ਉਹ ਕੀ ਕਰਨ। ਕੁਝ ਲੋਕ ਤਾਂ ਅਜਿਹੀਆਂ ਤਸਵੀਰਾਂ ਆਉਣ ਤੇ ਤੁਰੰਤ ਇਹਨਾਂ ਤਸਵੀਰਾਂ ਨੂੰ ਡਿਲੀਟ ਕਰ ਦਿੰਦੇ ਹਨ ਜਦੋਂ ਕਿ ਅਨੇਕਾਂ ਲੋਕ ਅਜਿਹੀਆਂ ਤਸਵੀਰਾਂ ਆਉਣ ਅਤੇ ਨਾਲ ਹੀ ਨੁਕਸਾਨ ਹੋਣ ਦੀ ਚਿਤਾਵਨੀ ਲਿਖੀ ਹੋਣ ਕਰਕੇ ਡਰ ਜਾਂਦੇ ਹਨ ਅਤੇ ਉਹਨਾਂ ਨੂੰ ਸਮਝ ਨਹੀਂ ਲੱਗਦੀ ਕਿ ਉਹ ਕੀ ਕਰਨ। ਅਕਸਰ ਆਮ ਲੋਕ ਡਰਦੇ ਹੋਏ ਅਜਿਹੀਆਂ ਤਸਵੀਰਾਂ ਸ਼ੇਅਰ ਕਰ ਦਿੰਦੇ ਹਨ ਜਿਸ ਕਾਰਨ ਸ਼ਰਾਰਤੀ ਅਨਸਰ ਅਤੇ ਸਿਰਫਿਰੇ ਲੋਕ ਆਪਣੀ ਚਾਲ ਵਿੱਚ ਕਾਮਯਾਬ ਹੋ ਜਾਂਦੇ ਹਨ।

ਅਜਿਹੀਆਂ ਕਾਰਵਾਈਆਂ ਕਰਨ ਵਾਲਿਆਂ ਦਾ ਕੋਈ ਦੀਨ, ਇਮਾਨ ਅਤੇ ਧਰਮ ਨਹੀਂ ਹੁੰਦਾ ਸਗੋਂ ਅਜਿਹੇ ਲੋਕਾਂ ਦਾ ਮਕਸਦ ਸਿਰਫ਼ ਆਮ ਲੋਕਾਂ ਵਿੱਚ ਡਰ ਅਤੇ ਸਨਸਨੀ ਫੈਲਾਉਣਾ ਹੀ ਹੁੰਦਾ ਹੈ। ਹਰ ਇਲਾਕੇ ਵਿੱਚ ਅਜਿਹੇ ਸਿਰਫਿਰੇ ਲੋਕ ਅਕਸਰ ਮਿਲ ਜਾਂਦੇ ਹਨ, ਜਿਨ੍ਹਾਂ ਨੂੰ ਹੋਰ ਕੋਈ ਕੰਮ ਨਾ ਹੋਣ ਕਰਕੇ ਉਹ ਅਜਿਹੇ ਗਲਤ ਕੰਮ ਕਰਦੇ ਰਹਿੰਦੇ ਹਨ, ਜਿਸ ਕਾਰਨ ਆਮ ਲੋਕਾਂ ਵਿੱਚ ਕਈ ਤਰਾਂ ਦੀਆਂ ਅਫ਼ਵਾਹਾਂ ਵੀ ਫੈਲ ਜਾਂਦੀਆਂ ਹਨ। ਕਾਨੂੰਨ ਲਾਗੂ ਕਰਨ ਵਾਲਿਆਂ ਦੀ ਢਿੱਲ ਮੱਠ ਕਾਰਨ ਸ਼ਰਾਰਤੀ ਅਨਸਰ ਅਜਿਹੀਆਂ ਕਾਰਵਾਈਆਂ ਕਰਨ ਵਿੱਚ ਕਾਮਯਾਬ ਹੋ ਜਾਂਦੇ ਹਨ ਅਤੇ ਉਹਨਾਂ ਨੂੰ ਕੋਈ ਸਜ਼ਾ ਨਾ ਮਿਲਣ ਕਾਰਨ ਉਹਨਾਂ ਦੇ ਹੌਂਸਲੇ ਵੱਧ ਜਾਂਦੇ ਹਨ ਅਤੇ ਉਹ ਸਿਰਫ਼ ਆਪਣੇ ਸਸਤੇ ਮਨੋਰੰਜਨ ਲਈ ਅਜਿਹੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਅਕਸਰ ਪਾਉਂਦੇ ਰਹਿੰਦੇ ਹਨ ਤੇ ਆਮ ਲੋਕਾਂ ਨੂੰ ਪਰੇਸ਼ਾਨ ਕਰਨ ਦਾ ਯਤਨ ਕਰਦੇ ਰਹਿੰਦੇ ਹਨ।

ਅਜਿਹੀਆਂ ਤਸਵੀਰਾਂ ਮਿਲਣ 'ਤੇ ਆਮ ਲੋਕਾਂ ਨੂੰ ਘਬਰਾਉਣਾ ਨਹੀਂ ਚਾਹੀਦਾ ਅਤੇ ਇਹਨਾਂ ਤਸਵੀਰਾਂ ਨੂੰ ਵਾਪਸ ਉਸ ਨੰਬਰ ਜਾਂ ਗਰੁੱਪ ਵਿੱਚ ਹੀ ਭੇਜ ਦੇਣਾ ਚਾਹੀਦਾ ਹੈ, ਜਿਸ ਨੰਬਰ ਜਾਂ ਗਰੁੱਪ ਵਿਚੋਂ ਇਹ ਤਸਵੀਰਾਂ ਆਈਆਂ ਹੋਣ ਅਤੇ ਇਹਨਾਂ ਤਸਵੀਰਾਂ ਨੂੰ ਡਿਲੀਟ ਕਰ ਦੇਣਾ ਚਾਹੀਦਾ ਹੈ। ਸ਼ਰਾਰਤੀ ਅਨਸਰ ਕਈ ਵਾਰ ਮਨੋਰੋਗੀ ਹੁੰਦੇ ਹਨ ਤੇ ਉਹਨਾਂ ਨੂੰ ਦੂਸਰੇ ਲੋਕਾਂ ਨੂੰ ਪਰੇਸ਼ਾਨ ਕਰਕੇ ਖੁਸ਼ੀ ਮਿਲਦੀ ਹੈ। ਇਸ ਕਰਕੇ ਅਜਿਹੀਆਂ ਤਸਵੀਰਾਂ ਵੇਖ ਕੇ ਡਰਨਾ ਨਹੀਂ ਚਾਹੀਦਾ ਅਤੇ ਆਪਣੀ ਸੋਚ ਤਰਕਸ਼ੀਲ ਰੱਖਣੀ ਚਾਹੀਦੀ ਹੈ ਤੇ ਕਿਸੇ ਵਹਿਮ ਭਰਮ ਵਿੱਚ ਨਹੀਂ ਪੈਦਾ ਚਾਹੀਦਾ। ਜੇ ਕੋਈ ਸ਼ਰਾਰਤੀ ਅਨਸਰ ਅਜਿਹੀਆਂ ਤਸਵੀਰਾਂ ਵਾਰ ਵਾਰ ਭੇਜੇ ਤਾਂ ਉਸ ਦੀ ਪੁਲਿਸ ਕੋਲ ਸ਼ਿਕਾਇਤ ਦਰਜ਼ ਕਰਵਾਉਣੀ ਚਾਹੀਦੀ ਹੈ ਜਾਂ ਅਜਿਹੀਆਂ ਤਸਵੀਰਾਂ ਭੇਜਣ ਵਾਲੇ ਦੀ ਹੋਰਨਾਂ ਲੋਕਾਂ ਸਾਹਮਣੇ ਲਾਹ ਪਾਹ ਕਰਨੀ ਚਾਹੀਦੀ ਹੈ ਤਾਂ ਕਿ ਉਹ ਸ਼ਰਾਰਤੀ ਅਨਸਰ ਅਜਿਹੀਆਂ ਤਸਵੀਰਾਂ ਅੱਗੇ ਤੋਂ ਤੁਹਾਨੂੰ ਨਾ ਭੇਜੇ। ਸ਼ਰਾਰਤੀ ਅਨਸਰਾਂ ਵਿਰੁੱਧ ਕਾਰਵਾਈ ਲਈ ਸਮਾਜ ਨੂੰ ਇੱਕ ਮੁੱਠ ਹੋ ਕੇ ਸਾਂਝੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਕਿ ਇਸ ਗਲਤ ਰੁਝਾਨ ਨੂੰ ਰੋਕਿਆ ਜਾ ਸਕੇ। ਦੀਵਾਲੀ ਰੌਸ਼ਨੀਆਂ ਦਾ ਤਿਉਹਾਰ ਹੈ। ਇਸ ਤਿਉਹਾਰ ਮੌਕੇ ਸਾਨੂੰ ਅੰਧਵਿਸ਼ਵਾਸ ਦੇ ਹਨੇਰੇ ਵਿਚੋਂ ਨਿਕਲ ਕੇ ਆਪਣੇ ਮਨ ਤੇ ਦਿਮਾਗ ਵਿੱਚ ਗਿਆਨ ਦਾ ਦੀਵਾ ਜਗਾਉਣਾ ਚਾਹੀਦਾ ਹੈ ਤਾਂ ਕਿ ਗਿਆਨ ਦਾ ਚਾਨਣ ਹਰ ਪਾਸੇ ਫੈਲ ਸਕੇ।

ਭਾਰਤ ਵਿੱਚ ਜਾਦੂ-ਟੂਣੇ ਦੀਆਂ ਘਟਨਾਵਾਂ ਭਾਵੇਂ ਸਾਰਾ ਸਾਲ ਵਾਪਰਦੀਆਂ ਰਹਿੰਦੀਆਂ ਹਨ ਪਰ ਦਿਵਾਲੀ ਮੌਕੇ ਜਾਦੂ ਟੂਣੇ ਕਰਨ ਦਾ ਰੁਝਾਨ ਬਹੁਤ ਵੱਧ ਜਾਂਦਾ ਹੈ। ਦੀਵਾਲੀ ਦੇ ਤਿਉਹਾਰ ਦੇ ਨੇੜੇ ਤੇੜੇ ਦੇ ਦਿਨਾਂ ਦੌਰਾਨ ਅਤੇ ਦਿਵਾਲੀ ਵਾਲੇ ਦਿਨ ਵੀ ਵੱਖ- ਵੱਖ ਚੌਂਕਾਂ, ਚੁਰਾਹਿਆਂ ਅਤੇ ਹੋਰ ਚੁਰਸਤਿਆਂ 'ਤੇ ਕੁੱਝ ਅੰਧ ਵਿਸ਼ਵਾਸੀ ਲੋਕ ਜਾਦੂ ਟੂਣਾ ਕਰ ਦਿੰਦੇ ਹਨ। ਕੋਈ ਚੌਂਕ ਵਿੱਚ ਨਾਰੀਅਲ ਰੱਖ ਦਿੰਦਾ ਹੈ, ਕੋਈ ਘੜੇ ਵਿੱਚ ਮਠਿਆਈ ਪਾ ਕੇ ਰੱਖ ਦਿੰਦਾ ਹੈ। ਕੋਈ ਹੋਰ ਕਿਸਮ ਦਾ ਜਾਦੂ ਟੂਣਾ ਕਰ ਦਿੰਦਾ ਹੈ। ਭਾਵੇਂ ਕਿ ਵਿਗਿਆਨੀ ਅਤੇ ਤਰਕਸ਼ੀਲ ਕਹਿੰਦੇ ਹਨ ਕਿ ਜਾਦੂ ਟੂਣੇ ਵਿੱਚ ਕੋਈ ਸ਼ਕਤੀ ਨਹੀਂ ਹੁੰਦੀ ਫਿਰ ਵੀ ਵੱਡੀ ਗਿਣਤੀ ਲੋਕ ਅੰਧ ਵਿਸ਼ਵਾਸ ਦਾ ਸ਼ਿਕਾਰ ਹੋ ਜਾਂਦੇ ਹਨ।











# ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਸ਼ਹੀਦੀ ਸਮਾਗਮ ਕਰਵਾਉਣ ਲਈ ਕੀਤੇ ਜਾਣਗੇ ਵਿਸ਼ੇਸ਼ ਪ੍ਰਬੰਧ

## ਸਮਾਗਮਾਂ ਮੌਕੇ ਪੰਜ ਲੱਖ ਸ਼ਰਧਾਲੂਆਂ ਦੇ ਨਾਂਦੇੜ ਪਹੁੰਚਣ ਦੀ ਉਮੀਦ




ਨਾਂਦੇੜ/ਏ.ਟੀ.ਨਿਊਜ਼: ਨਾਂਦੇੜ ਸਥਿਤ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਅਗਲੇ ਮਹੀਨੇ ਗੁਰੂ ਤੇਗ ਬਹਾਦਰ ਸਾਹਿਬ ਦਾ 350ਵਾਂ ਸ਼ਹੀਦੀ ਦਿਹਾੜਾ ਮਨਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ। ਨਾਂਦੇੜ ਪ੍ਰਸ਼ਾਸਨ ਨੂੰ ਵੱਡੀ ਗਿਣਤੀ ਸ਼ਰਧਾਲੂਆਂ ਦੇ ਪਹੁੰਚਣ ਦੀ ਉਮੀਦ ਹੈ।ਜ਼ਿਲ੍ਹਾ ਕੁਲੈਕਟਰ ਰਾਹੁਲ ਕਾਰਡਿਲੇ ਨੇ ਸਾਰੇ ਵਿਭਾਗਾਂ ਨੂੰ ਨਿਰਦੇਸ਼ ਦਿੱਤਾ ਕਿ ਤੈਅ ਸਮੇਂ ਅੰਦਰ ਅਤੇ ਆਪਸੀ ਤਾਲਮੇਲ ਨਾਲ ਆਪੋ-ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕੀਤੀਆਂ ਜਾਣ ਤਾਂ ਕਿ ਸਮਾਗਮ ਨੂੰ ਸਫਲ ਬਣਾਇਆ ਜਾ ਸਕੇ। ਸਮਾਗਮ ਦੀਆਂ ਤਿਆਰੀਆਂ ’ਤੇ ਚਰਚਾ ਲਈ ਜ਼ਿਲ੍ਹਾ ਕੁਲੈਕਟਰ ਦਫ਼ਤਰ ’ਚ ਨਜ਼ਰਸਾਨੀ ਮੀਟਿੰਗ ਕੀਤੀ ਗਈ। ਅਧਿਕਾਰੀਆਂ ਨੂੰ ਨਾਂਦੇੜ ’ਚ ਕਰਵਾਏ ਜਾਣ ਵਾਲੇ ਸਮਾਗਮ ’ਚ ਲਗਪਗ ਪੰਜ ਲੱਖ ਸ਼ਰਧਾਲੂਆਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ ਅਤੇ ਇਸ ਲਈ ਰਿਹਾਇਸ਼, ਖਾਣੇ ਤੇ ਪਾਰਕਿੰਗ ਪ੍ਰਬੰਧਾਂ ’ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਜਾਰੀ ਬਿਆਨ ’ਚ ਕਿਹਾ ਕਿ ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਦਾ 350ਵਾਂ ਸ਼ਹੀਦੀ ਦਿਹਾੜਾ ਮਨਾਉਣ ਲਈ ਜ਼ਿਲ੍ਹੇ ਭਰ ਦੇ ਸਕੂਲਾਂ ਕਾਲਜਾਂ, ਮੈਰਿਜ ਪੈਲੇਸਾਂ ਤੇ ਗਰਾਊਂਡਾਂ ਦਾ ਸਰਵੇਖਣ ਕੀਤਾ ਜਾ ਰਿਹਾ ਹੈ। ਇਸ ’ਚ ਕਿਹਾ ਗਿਆ ਕਿ ਛਤਰਪਤੀ ਸੰਭਾਜੀਨਗਰ, ਨਾਂਦੇੜ, ਪਰਭਨੀ, ਜਾਲਨਾ, ਲਾਤੂਰ, ਧਾਰਾਸ਼ਿਵ, ਹਿੰਗੋਲੀ, ਬੀੜ, ਨੰਦੂਰਬਾਰ, ਧੂਲੇ ਤੇ ਜਲਗਾਓਂ ਸਣੇ ਮਹਾਰਾਸ਼ਟਰ ਦੀਆਂ ਵੱਖ-ਵੱਖ ਥਾਵਾਂ ਤੋਂ ਲੋਕਾਂ ਦੇ ਇਸ ਸਮਾਗਮ ’ਚ ਸ਼ਾਮਿਲ ਹੋਣ ਦੀ ਉਮੀਦ ਹੈ। ਬਿਆਨ ਮੁਤਾਬਿਕ ਕੁਲੈਕਟਰ ਨੇ ਰੇਲਗੱਡੀਆਂ, ਬੱਸਾਂ ਤੇ ਨਿੱਜੀ ਵਾਹਨਾਂ ਰਾਹੀਂ ਆਉਣ ਵਾਲੇ ਸ਼ਰਧਾਲੂਆਂ ਲਈ ਆਵਾਜਾਈ ਯੋਜਨਾਵਾਂ ਦੀ ਸਮੀਖਿਆ ਕੀਤੀ। ਲੋਕ ਨਿਰਮਾਣ ਵਿਭਾਗ ਨੂੰ ਸੜਕਾਂ ਤੇ ਨਾਲੀਆਂ ਦੀ ਮੁਰੰਮਤ ਦੇ ਕੰਮਾਂ ’ਚ ਤੇਜ਼ੀ ਲਿਆਉਣ, ਹੈਲੀਪੈਡ, ਪੰਡਾਲ, ਮੈਦਾਨ ਤਿਆਰ ਕਰਨ ਤੇ ਆਰਜ਼ੀ ਸਫ਼ਾਈ ਸਹੂਲਤਾਂ ਉਪਲਬਧ ਕਰਵਾਉਣ ਨੂੰ ਤਰਜੀਹ ਦੇਣ ਦੇ ਨਿਰਦੇਸ਼ ਦਿੱਤੇ।

# ਸੇਵਾਮੁਕਤ ਅਧਿਕਾਰੀ ਗੁਰਦੇਵ ਸਿੰਘ ਸਿੱਖ ਐਜੂਕੇਸ਼ਨਲ ਸੁਸਾਇਟੀ ਦੇ ਮੁੜ ਪ੍ਰਧਾਨ ਨਿਯੁਕਤ

## ਜਸਮੇਰ ਸਿੰਘ ਬਾਲਾ ਸਕੱਤਰ, ਬਰਿੰਦਰਾ ਕੌਰ ਉਪ ਪ੍ਰਧਾਨ ਤੇ ਐਡਵੋਕੇਟ ਕਰਨਦੀਪ ਸਿੰਘ ਚੀਮਾ ਸੰਯੁਕਤ ਸਕੱਤਰ ਬਣੇ




ਚੰਡੀਗੜ੍ਹ : ਸੇਵਾ ਮੁਕਤ ਆਈ.ਏ.ਐਸ. ਅਧਿਕਾਰੀ ਗੁਰਦੇਵ ਸਿੰਘ ਨੂੰ ਅੱਜ ਚੰਡੀਗੜ੍ਹ ਦੀ ਸਿੱਖ ਐਜੂਕੇਸ਼ਨਲ ਸੁਸਾਇਟੀ ਦਾ ਅਗਲੇ ਪੰਜ ਸਾਲਾਂ ਲਈ ਸਰਬਸੰਮਤੀ ਨਾਲ ਮੁੜ ਪ੍ਰਧਾਨ ਚੁਣ ਲਿਆ ਗਿਆ ਹੈ। ਉਹ 2004 ਤੋਂ ਲਗਾਤਾਰ ਇਸ ਸੁਸਾਇਟੀ ਦੇ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਆ ਰਹੇ ਹਨ। ਇਹ ਸੰਸਥਾ ਚੰਡੀਗੜ੍ਹ ਤੇ ਪੰਜਾਬ ਵਿਚ ਅੱਠ ਵਿਦਿਅਕ ਸੰਸਥਾਵਾਂ ਰਾਹੀਂ ਸਿੱਖਿਆ ਦੇ ਨਾਲ ਨਾਲ ਧਾਰਮਿਕ, ਸਭਿਆਚਾਰਕ, ਸਾਹਿਤਕ ਅਤੇ ਖੇਡਾਂ ਦੇ ਖੇਤਰ ਵਿਚ ਯੋਗਦਾਨ ਪਾ ਰਹੀ ਹੈ। ਗੁਰਦੇਵ ਸਿੰਘ ਨੇ ਜਨਰਲ ਹਾਊਸ ਵਲੋਂ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸੇਵਾਮੁਕਤ ਕਰਨਲ ਜਸਮੇਰ ਸਿੰਘ ਬਾਲਾ ਨੂੰ ਸੁਸਾਇਟੀ ਦਾ ਮੁੜ ਸਕੱਤਰ ਨਾਮਜ਼ਦ ਕੀਤਾ ਜਿਹੜੇ ਪਿਛਲੇ ਤਿੰਨ ਦਹਾਕਿਆਂ ਤੋਂ ਇਸ ਸੁਸਾਇਟੀ ਦੇ ਵੱਖ ਵੱਖ ਅਹੁਦਿਆਂ ਉਤੇ ਸੇਵਾ ਨਿਭਾਉਂਦੇ ਆ ਰਹੇ ਹਨ। ਡਾ ਬਰਿੰਦਰਾ ਕੌਰ ਨੂੰ ਉਪ ਪ੍ਰਧਾਨ ਅਤੇ ਐਡਵੋਕੇਟ ਕਰਨਦੀਪ ਸਿੰਘ ਚੀਮਾ ਨੂੰ ਮੁੜ ਤੋਂ ਸੰਯੁਕਤ ਸਕੱਤਰ ਨਾਮਜ਼ਦ ਕੀਤਾ ਗਿਆ ਹੈ। ਇਸ ਮੌਕੇ ਸੁਸਾਇਟੀ ਦੇ ਸੀਨੀਅਰ ਮੈਂਬਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ, ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਧਰਮਜੀਤ ਸਿੰਘ, ਅਰਥਸ਼ਾਸਤਰੀ ਡਾ. ਐਸ.ਐਸ. ਜੌਹਲ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਕਰਨਲ (ਸੇਵਾਮੁਕਤ) ਐਸ.ਐਸ. ਮਾਨ, ਡਾ. ਜੀ.ਐਸ. ਢਿੱਲੋਂ, ਡਾ. ਉਜਾਗਰ ਸਿੰਘ ਧਾਲੀਵਾਲ ਅਤੇ ਡਾ. ਜਸਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਐਜੂਕੇਸ਼ਨਲ ਸੁਸਾਇਟੀ ਦੇ ਵਿਦਿਅਕ ਅਦਾਰੇ ਨਵੀਆਂ ਉਚਾਈਆਂ ਪ੍ਰਾਪਤ ਕਰ ਰਹੇ ਹਨ।

# ਜਥੇਦਾਰ ਗੜਗੱਜ ਵੱਲੋਂ ਪੰਥ ਦੀ ਚੜ੍ਹਦੀਕਲਾ ਤੇ ਪੰਥਕ ਇਕਜੁੱਟਤਾ ਲਈ ਅਰਦਾਸ



ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਦਿੱਲੀ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਤਮਸਤਕ ਹੋਏ।ਉਨ੍ਹਾਂ ਪੰਥ ਦੀ ਚੜ੍ਹਦੀਕਲਾ ਤੇ ਪੰਥਕ ਇਕਜੁੱਟਤਾ ਲਈ ਅਰਦਾਸ ਕੀਤੀ। ਇਸ ਮੌਕੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਦੇ ਗ੍ਰੰਥੀ ਗਿਆਨੀ ਅੰਗਰੇਜ਼ ਸਿੰਘ ਨੇ ਜਥੇਦਾਰ ਗੜਗੱਜ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਜਥੇਦਾਰ ਗੜਗੱਜ ਤਿੰਨ ਦਿਨ ਲਈ ਦਿੱਲੀ ਦੀ ਪ੍ਰਚਾਰ ਫੇਰੀ ’ਤੇ ਸਨ, ਜਿਸ ਦੌਰਾਨ ਉਹ ਸਥਾਨਕ ਸੰਗਤ ਵੱਲੋਂ ਕਰਵਾਏ ਗਏ ਵੱਖ-ਵੱਖ ਗੁਰਮਤਿ ਸਮਾਗਮਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ‘ਗੁਰੂ ਤੇਗ ਬਹਾਦਰ: ਧਰਮ ਦੀ ਚਾਦਰ’ ਇਕ ਰੋਜ਼ਾ ਸੈਮੀਨਾਰ ’ਚ ਸ਼ਮੂਲੀਅਤ ਕੀਤੀ। ਉਨ੍ਹਾਂ ਦਿੱਲੀ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਿਖੇ ਸਵੇਰੇ ਗੁਰਬਾਣੀ ਦੀ ਕਥਾ ਵਿਚਾਰ ਕੀਤੀ ਤੇ ਸੰਗਤ ਨੂੰ ਗੁਰਮਤਿ ਰਹਿਣੀ ਅਨੁਸਾਰ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕੀਤਾ।

# ਪੰਜਾਬ ਸਰਕਾਰ ਨੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੂਰਾ ਮਹੀਨਾ ਚੱਲਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਉਲੀਕੀ

## ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਆਰੰਭ ਹੋਣਗੇ ਸ਼ਹੀਦੀ ਸਮਾਗਮ

ਨਵੀਂ ਦਿੱਲੀ/ਏ.ਟੀ.ਨਿਊਜ਼: ਨੌਂਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲੜੀਵਾਰ ਸਮਾਗਮਾਂ ਦੀ ਸ਼ੁਰੂਆਤ ਪੰਜਾਬ ਸਰਕਾਰ ਵੱਲੋਂ 25 ਅਕਤੂਬਰ ਨੂੰ ਕੌਮੀ ਰਾਜਧਾਨੀ ਵਿੱਚ ਸਥਿਤ ਇਤਿਹਾਸਕ ਗੁਰਦੁਆਰਾ ਸੀਸ ਗੰਜ ਸਾਹਿਬ ’ਚ ਅਰਦਾਸ ਕਰ ਕੇ ਕੀਤੀ ਜਾਵੇਗੀ। ਪਿਛਲੇ ਦਿਨੀਂ ਇੱਥੇ ਪੰਜਾਬ ਭਵਨ ਵਿੱਚ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲੋਗੋ ਵੀ ਜਾਰੀ ਕੀਤਾ ਗਿਆ।

ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਅਤੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੂਰਾ ਮਹੀਨਾ ਚੱਲਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਉਲੀਕੀ ਗਈ ਹੈ। ਇਨ੍ਹਾਂ ਸਮਾਗਮਾਂ ਦੀ ਸ਼ੁਰੂਆਤ 25 ਅਕਤੂਬਰ ਨੂੰ ਦਿੱਲੀ ਵਿੱਚ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਹੋਵੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸਾਰੇ ਕੈਬਨਿਟ ਮੰਤਰੀ ਅਤੇ ਹੋਰ ਉੱਘੀਆਂ ਸ਼ਖ਼ਸੀਅਤਾਂ ਗੁਰਦੁਆਰਾ ਸੀਸ ਗੰਜ ਸਾਹਿਬ ਵਿੱਚ ਨਤਮਸਤਕ ਹੋਣਗੀਆਂ। 25 ਅਕਤੂਬਰ ਦੀ ਸ਼ਾਮ ਨੂੰ ਗੁਰਦੁਆਰਾ ਰਕਾਬ ਗੰਜ ਸਾਹਿਬ ਵਿੱਚ ਕੀਰਤਨ ਦਰਬਾਰ ਕਰਵਾਇਆ ਜਾਵੇਗਾ। ਇਸ ਤੋਂ ਬਾਅਦ ਪਹਿਲੀ ਤੋਂ 18 ਨਵੰਬਰ ਤੱਕ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਲਾਈਟ ਐਂਡ ਸਾਊਂਡ ਸ਼ੋਅ ਕਰਵਾਏ ਜਾਣਗੇ, ਜਿਸ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਮਹਾਨ ਜੀਵਨ ਅਤੇ ਫਲਸਫੇ ਨੂੰ ਦਰਸਾਇਆ ਜਾਵੇਗਾ। ਗੁਰੂ ਸਾਹਿਬ ਦੇ ਚਰਨ ਛੋਹ ਪ੍ਰਾਪਤ ਨਗਰਾਂ ਤੇ ਸ਼ਹਿਰਾਂ ਵਿੱਚ ਕੀਰਤਨ ਕਰਵਾਏ ਜਾਣਗੇ। 18 ਨਵੰਬਰ ਨੂੰ ਸ੍ਰੀਨਗਰ (ਜੰਮੂ-ਕਸ਼ਮੀਰ) ਵਿੱਚ ਕੀਰਤਨ ਦਰਬਾਰ ਕਰਵਾਇਆ ਜਾਵੇਗਾ। ਅਗਲੇ ਦਿਨ ਨਗਰ ਕੀਰਤਨ ਸਜਾਇਆ ਜਾਵੇਗਾ, ਉਹ 20 ਨਵੰਬਰ ਨੂੰ ਪਠਾਨਕੋਟ ਵਿੱਚ ਅਤੇ 21 ਨਵੰਬਰ ਨੂੰ ਹੁਸ਼ਿਆਰਪੁਰ ਵਿੱਚ ਵਿਸ਼ਰਾਮ ਕਰੇਗਾ ਅਤੇ 22 ਨਵੰਬਰ ਨੂੰ ਨਗਰ ਕੀਰਤਨ ਸ੍ਰੀ ਆਨੰਦਪੁਰ ਸਾਹਿਬ ਸੰਪੂਰਨ ਹੋਵੇਗਾ। ਇਸੇ ਦੌਰਾਨ 20 ਨਵੰਬਰ ਨੂੰ ਤਖ਼ਤ ਦਮਦਮਾ ਸਾਹਿਬ (ਤਲਵੰਡੀ ਸਾਬੋ), ਫ਼ਰੀਦਕੋਟ ਅਤੇ ਗੁਰਦਾਸਪੁਰ ਤੋਂ ਤਿੰਨ ਨਗਰ ਕੀਰਤਨ ਸਜਾਏ ਜਾਣਗੇ ਅਤੇ ਇਹ ਸਾਰੇ ਨਗਰ ਕੀਰਤਨ 22 ਨਵੰਬਰ ਨੂੰ ਸ੍ਰੀ ਆਨੰਦਪੁਰ ਸਾਹਿਬ ਵਿੱਚ ਸੰਪੂਰਨ ਹੋਣਗੇ।




**ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸ੍ਰੀ ਆਨੰਦਪੁਰ ਸਾਹਿਬ ਵਿੱਚ 24 ਨਵੰਬਰ ਨੂੰ**

ਸੂਬਾ ਸਰਕਾਰ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿੱਚ 23 ਤੋਂ 25 ਨਵੰਬਰ ਤੱਕ ਵਿਆਪਕ ਪੱਧਰ ’ਤੇ ਸਮਾਗਮ ਕਰਵਾਏ ਜਾਣਗੇ। ਸ਼ਰਧਾਲੂਆਂ ਦੇ ਠਹਿਰਨ ਲਈ ਟੈਂਟ ਸਿਟੀ ਬਣਾਈ ਜਾਵੇਗੀ, ਜਿਸ ਦਾ ਨਾਮ ‘ਚੱਕ ਨਾਨਕੀ’ ਹੋਵੇਗਾ ਅਤੇ 15 ਹਜ਼ਾਰ ਸੰਗਤ ਦੇ ਠਹਿਰਨ ਦੀ ਸਮਰੱਥਾ ਹੋਵੇਗੀ। ਸਰਬ ਧਰਮ ਸੰਮੇਲਨ ਵੀ ਕਰਵਾਇਆ ਜਾਵੇਗਾ। ਪ੍ਰਦਰਸ਼ਨੀ ਤੇ ਡਰੋਨ ਸ਼ੋਅ ਵੀ ਕਰਵਾਇਆ ਜਾਵੇਗਾ। 24 ਨਵੰਬਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸ੍ਰੀ ਆਨੰਦਪੁਰ ਸਾਹਿਬ ਵਿੱਚ ਕਰਵਾਇਆ ਜਾਵੇਗਾ। 25 ਅਕਤੂਬਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਸ਼ੁਰੂ ਹੋਏ ਲੜੀਵਾਰ ਸਮਾਗਮਾਂ ਦੀ ਸੰਪੂਰਨਤਾ 25 ਨਵੰਬਰ ਨੂੰ ਸ੍ਰੀ ਆਨੰਦਪੁਰ ਸਾਹਿਬ ਵਿੱਚ ਹੋਵੇਗੀ। ਇਸ ਦੌਰਾਨ ਦਿੱਲੀ ਦੇ ਤਿਲਕ ਨਗਰ ਹਲਕੇ ਤੋਂ ਵਿਧਾਇਕ ਜਰਨੈਲ ਸਿੰਘ ਅਤੇ ਸਕੱਤਰ ਸੈਰ ਸਪਾਟਾ ਤੇ ਸੱਭਿਆਚਾਰ ਮਾਮਲੇ ਅਭਿਨਵ ਤ੍ਰਿਖਾ ਹਾਜ਼ਰ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਦਿਨੋਂ ਦਿਨ ਵੱਧ ਰਹੀ ਹੈ ਸੋਨੇ ਦੀ ਚਮਕ

ਸੋਨੇ ਨੂੰ ਪੂਰੇ ਵਿਸ਼ਵ ਵਿੱਚ ਇੱਕ ਸੁਰੱਖਿਅਤ ਨਿਵੇਸ਼ ਮੰਨਿਆ ਜਾਂਦਾ ਹੈ। ਕਿਸੇ ਵੀ ਦੇਸ਼ ਦੀ ਮੁਦਰਾ ਕਿਸੇ ਵੀ ਸਮੇਂ ਡਿੱਗ ਸਕਦੀ ਹੈ ਪਰ ਸੋਨਾ ਕਦੇ ਨਹੀਂ ਡਿੱਗਦਾ। ਪਿਛਲੇ ਕਈ ਸਾਲਾਂ ਤੋਂ ਇਸ ਦਾ ਭਾਅ ਹਮੇਸ਼ਾ ਵਧਦਾ ਆ ਰਿਹਾ ਹੈ। ਸੋਨੇ ਦੀਆਂ ਕੀਮਤਾਂ ਵੱਲ ਜੇ ਧਿਆਨ ਦਿੱਤਾ ਜਾਵੇ ਤਾਂ ਇਸ ਸਮੇਂ ਸੋਨੇ ਦੀ ਕੀਮਤ 1,31,000 ਨੂੰ ਵੀ ਪਾਰ ਕਰ ਗਈ ਹੈ, ਜਿਸ ਵਿੱਚ ਹਰ ਦਿਨ ਹੋਰ ਵਾਧਾ ਹੋ ਰਿਹਾ ਹੈ। 1964 ਵਿੱਚ 10 ਗ੍ਰਾਮ ਸੋਨੇ ਦੀ ਕੀਮਤ ਸਿਰਫ਼ 64 ਰੁਪਏ ਹੁੰਦੀ ਸੀ,ਜਦੋਂ ਕਿ 1970 ਵਿੱਚ ਸੋਨੇ ਦੀ ਕੀਮਤ 185, 1980 ਵਿੱਚ ਲਗਭਗ 1400, 1990 ਵਿੱਚ 3200, 2000 ਵਿੱਚ 4500, 2010 ਵਿੱਚ 18,500, 2015 ਵਿੱਚ 27,000, 2020 ਵਿੱਚ 49,000 ਭਾਰਤੀ ਰੁਪਏ ਦੇ ਨੇੜੇ ਤੇੜੇ ਸੀ। ਸਾਲ 2024 ਵਿੱਚ 10 ਗ੍ਰਾਮ ਸੋਨੇ ਦੀ ਕੀਮਤ 65,000 ਰੁਪਏ ਸੀ। ਹੁਣ ਅੱਜ ਦੇ ਸਮੇਂ ਵਿੱਚ 10 ਗ੍ਰਾਮ ਸੋਨੇ ਦੀ ਕੀਮਤ ਇੱਕ ਲੱਖ ਰੁਪਏ ਤੋਂ ਵੀ ਪਾਰ ਹੋ ਚੁੱਕੀ ਹੈ। ਜਿਸ ਤੋਂ ਪਤਾ ਚਲਦਾ ਹੈ ਕਿ ਸੋਨਾ ਭਾਰਤ ਵਿੱਚ ਬਹੁਤ ਮਹਿੰਗਾ ਹੋ ਚੁੱਕਿਆ ਹੈ। ਇਸ ਦਾ ਕਾਰਨ ਇਹ ਹੈ ਕਿ ਭਾਰਤ ਵਿੱਚ ਬਾਜ਼ਾਰ ਵਿੱਚ ਅਸਥਿਰਤਾ ਆਈ ਹੈ ਅਤੇ ਸਾਲ 2025 ਦਾ ਹਰ ਦਿਨ ਅਸਥਿਰ ਹੈ। ਜਿਸ ਤਰੀਕੇ ਨਾਲ ਸੋਨੇ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਉਸ ਨਾਲ ਸੋਨਾ ਖਰੀਦਣਾ ਆਮ ਲੋਕਾਂ ਲਈ ਮੁਸ਼ਕਿਲ ਹੋ ਰਿਹਾ ਹੈ।

ਜੇ ਹੁਣ ਵਿਸ਼ਵ ਅਰਥਵਿਵਸਥਾ ਦੀ ਗੱਲ ਕੀਤੀ ਜਾਵੇ ਤਾਂ ਇਹ ਅਜੇ ਵੀ ਮਹਾਂਮਾਰੀ ਤੋਂ ਬਾਅਦ ਦੀ ਮੰਦੀ ਨਾਲ ਜੂਝ ਰਹੀ ਹੈ, ਜਿਸ ਦੀ ਵਿਸ਼ੇਸ਼ਤਾ ਮਹਾਂਦੀਪਾਂ ਵਿੱਚ ਅਸਾਵਾਂ ਵਿਕਾਸ, ਅਸਥਿਰ ਖਪਤਕਾਰ ਮੰਗ ਅਤੇ ਵਧਦੀ ਭੂ-ਰਾਜਨੀਤਿਕ ਅਸੁਰੱਖਿਆ ਹੈ। ਊਰਜਾ ਵਪਾਰੀ, ਜੋ ਪਹਿਲਾਂ ਹੀ ਮੰਗ ਅਤੇ ਸਪਲਾਈ ਵਿਚਕਾਰ ਸੰਤੁਲਨ ਬਾਰੇ ਚਿੰਤਤ ਹਨ, ਹੁਣ ਵਿਸ਼ਵ ਵਪਾਰ ਦੇ ਕਮਜ਼ੋਰ ਹੋਣ ਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਹਨ। ਜੇਕਰ ਅਮਰੀਕਾ ਅਤੇ ਚੀਨ ਆਪਣੀ 'ਟੈਰਿਫ਼ ਜੰਗ' ਦੁਬਾਰਾ ਸ਼ੁਰੂ ਕਰਦੇ ਹਨ, ਤਾਂ ਕੱਚੇ ਤੇਲ ਦੀ ਖਪਤ ਦੀ ਰੀੜ੍ਹ ਦੀ ਹੱਡੀ, ਉਦਯੋਗਿਕ ਗਤੀਵਿਧੀਆਂ ਹੋਰ ਹੌਲੀ ਹੋ ਜਾਣਗੀਆਂ। ਤੇਲ ਦੀਆਂ ਡਿੱਗਦੀਆਂ ਕੀਮਤਾਂ, ਵਧਦਾ ਸੋਨਾ, ਇੱਕ ਅਸਥਿਰ ਡਾਲਰ ਅਤੇ ਵਪਾਰਕ ਦੁਸ਼ਮਣੀ ਇੱਕ ਘਾਤਕ ਸੁਮੇਲ ਅਨਿਸ਼ਚਿਤਤਾ ਦਾ ਇੱਕ ਜ਼ਹਿਰੀਲਾ ਮਿਸ਼ਰਣ ਪੈਦਾ ਕਰ ਰਹੇ ਹਨ ਜਿਸ ਨਾਲ ਨੀਤੀ ਨਿਰਮਾਤਾਵਾਂ ਕੋਲ ਕੁਝ ਆਸਾਨ ਵਿਕਲਪ ਨਹੀਂ ਹਨ। ਕੁਝ ਨੀਤੀ ਮਾਹਿਰ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਅਤੇ ਸੋਨੇ ਦੀਆਂ ਕੀਮਤਾਂ ਵਿੱਚ ਉਛਾਲ ਲਈ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀਆਂ ਨੀਤੀਆਂ ਨੂੰ ਜ਼ਿੰਮੇਵਾਰ ਸਮਝਦੇ ਹਨ, ਜਦੋਂ ਕਿ ਵੱਡੀ ਗਿਣਤੀ ਨੀਤੀ ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਅਤੇ ਚੀਨ ਵਿਚਾਲੇ ਸ਼ੁਰੂ ਹੋਈ ਨਵੀਂ 'ਵਪਾਰਕ ਜੰਗ' ਕਾਰਨ ਸੋਨੇ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆ ਰਿਹਾ ਹੈ। ਵੱਡੀ ਗਿਣਤੀ ਮੁਲਕਾਂ ਦੇ ਮੁਖੀ ਇਹ ਸੋਚ ਰਹੇ ਹਨ ਕਿ ਅਮਰੀਕਾ ਅਤੇ ਚੀਨ ਦੇ ਵਪਾਰਕ ਹਿੱਤਾਂ ਵਿੱਚ ਟਕਰਾਓ ਦੌਰਾਨ ਉਹਨਾਂ ਦੇ ਦੇਸ਼ ਦੀ ਮੁਦਰਾ ਨੂੰ ਨੁਕਸਾਨ ਪਹੁੰਚ ਸਕਦਾ ਹੈ, ਇਸ ਲਈ ਅਜਿਹੇ ਦੇਸ਼ਾਂ 'ਚ ਵੀ ਸੋਨੇ ਦੀ ਮੰਗ ਵੱਧ ਰਹੀ ਹੈ, ਜਿਸ ਕਾਰਨ ਸੋਨੇ ਦੀਆਂ ਅੰਤਰਰਾਸ਼ਟਰੀ ਕੀਮਤਾਂ ਵਿੱਚ ਦਿਨੋਂ ਦਿਨ ਵਾਧਾ ਹੋ ਰਿਹਾ ਹੈ।

ਭਾਰਤ ਵਿੱਚ ਸੋਨਾ ਆਮ ਲੋਕਾਂ ਦੀ ਪਹਿਲੀ ਪਸੰਦ ਹੈ। ਭਾਰਤ ਵਿੱਚ ਤਿਉਹਾਰ, ਵਿਆਹ ਸ਼ਾਦੀਆਂ ਅਤੇ ਸਮਾਗਮ ਸੋਨੇ ਦੀਆਂ ਵਸਤੂਆਂ ਅਤੇ ਸੋਨੇ ਦੇ ਗਹਿਣਿਆਂ ਤੋਂ ਬਿਨਾਂ ਅਧੂਰੇ ਸਮਝੇ ਜਾਂਦੇ ਹਨ। ਰਵਾਇਤੀ ਤਿਉਹਾਰਾਂ ਅਤੇ ਵਿਆਹ ਸ਼ਾਦੀਆਂ ਮੌਕੇ ਸੋਨੇ ਨੂੰ ਪਾਉਣਾ ਭਾਰਤ ਵਿੱਚ ਚੰਗਾ ਸ਼ਗਨ ਸਮਝਿਆ ਜਾਂਦਾ ਹੈ। ਵੱਡੀ ਗਿਣਤੀ ਲੋਕ ਵਿਆਹਾਂ ਦੇ ਸੀਜ਼ਨ ਦੌਰਾਨ ਭਾਰੀ ਮਾਤਰਾ ਵਿੱਚ ਸੋਨੇ ਦੇ ਗਹਿਣਿਆਂ ਦੀ ਖ਼ਰੀਦਦਾਰੀ ਕਰਦੇ ਹਨ। ਅਮੀਰ ਲੋਕਾਂ ਲਈ ਸੋਨਾ ਖਰੀਦਣਾ ਕੋਈ ਮੁਸ਼ਕਿਲ ਨਹੀਂ ਹੁੰਦਾ ਪਰ ਸੋਨੇ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੋਣ ਕਾਰਨ ਮੱਧਵਰਗੀ ਲੋਕਾਂ ਲਈ ਸੋਨਾ ਖਰੀਦਣਾ ਬਹੁਤ ਮੁਸ਼ਕਿਲ ਹੋ ਰਿਹਾ ਹੈ ਪਰ ਵੱਡੀ ਗਿਣਤੀ ਲੋਕ ਅਜੇ ਵੀ ਸੋਨੇ ਦੀ ਖਰੀਦ ਵੇਚ ਕਰ ਰਹੇ ਹਨ। ਕਈ ਲੋਕ ਪੁਰਾਣਾ ਸੋਨਾ ਜਾਂ ਸੋਨੇ ਦੇ ਪੁਰਾਣੇ ਗਹਿਣੇ ਵੇਚ ਕੇ ਸੋਨੇ ਦੇ ਨਵੇਂ ਗਹਿਣੇ ਖਰੀਦ ਰਹੇ ਹਨ। ਸੋਨੇ ਦੀਆਂ ਕੀਮਤਾਂ ਅਸਮਾਨ ਛੂਹਣ ਕਾਰਨ ਵੱਡੀ ਗਿਣਤੀ ਲੋਕ ਅਜਿਹੇ ਵੀ ਹਨ, ਜੋ ਕਿ ਇਸ ਸਮੇਂ ਤਿਉਹਾਰਾਂ ਦੇ ਦਿਨ ਹੋਣ ਦੇ ਬਾਵਜੂਦ ਸੋਨਾ ਖਰੀਦਣ ਤੋਂ ਗੁਰੇਜ਼ ਕਰ ਰਹੇ ਹਨ, ਜਿਸ ਕਾਰਨ ਸੋਨੇ ਦੇ ਕਾਰੋਬਾਰੀਆਂ ਨੂੰ ਸੋਨੇ ਦੀ ਗਹਿਣਿਆਂ ਦੀ ਵਿਕਰੀ ਘੱਟ ਹੋਣ ਦਾ ਖ਼ਦਸ਼ਾ ਹੋ ਰਿਹਾ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਲੋਕ ਸੋਨੇ ਚਾਂਦੀ ਦੇ ਗਹਿਣੇ ਕਿਸ਼ਤਾਂ 'ਤੇ ਵੀ ਖਰੀਦ ਰਹੇ ਹਨ।

ਪੀਲੀ ਧਾਤੂ ਸੋਨਾ ਬਹੁਤ ਮਹਿੰਗਾ ਹੋਣ ਦੇ ਬਾਵਜੂਦ ਵਿਸ਼ਵ ਭਰ ਦੇ ਲੋਕਾਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਵੱਖ ਵੱਖ ਮੁਲਕਾਂ ਦੀਆਂ ਮਹਿਲਾਵਾਂ ਨੂੰ ਸੋਨੇ ਨਾਲ ਬਹੁਤ ਪਿਆਰ ਹੁੰਦਾ ਹੈ। ਇਸੇ ਕਾਰਨ ਇਹ ਮਹਿਲਾਵਾਂ ਹਰ ਸਮੇਂ ਸੋਨੇ ਤੋਂ ਬਣੇ ਵੱਖ- ਵੱਖ ਕਿਸਮਾਂ ਦੇ ਗਹਿਣੇ ਪਾਈ ਰੱਖਦੀਆਂ ਹਨ। ਵੱਡੀ ਗਿਣਤੀ ਮਰਦ ਵੀ ਸੋਨੇ ਦੀਆਂ ਚੈਨੀਆਂ, ਕੜੇ ਅਤੇ ਛਾਪਾਂ ਪਾਉਣ ਵਿੱਚ ਆਪਣੀ ਸ਼ਾਨ ਸਮਝਦੇ ਹਨ। ਸੋਨੇ ਨੂੰ ਅਮੀਰੀ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਵੱਡੀ ਗਿਣਤੀ ਲੋਕ ਸੋਨਾ ਇਸ ਲਈ ਖ਼ਰੀਦਦੇ ਹਨ ਤਾਂ ਕਿ ਲੋੜ ਵੇਲੇ ਇਸ ਨੂੰ ਵੇਚ ਕੇ ਆਪਣੀਆਂ ਜ਼ਰੂਰੀ ਲੋੜਾਂ ਦੀ ਪੂਰਤੀ ਕੀਤੀ ਜਾ ਸਕੇ।

ਜਿਸ ਤਰੀਕੇ ਨਾਲ ਪੂਰੇ ਵਿਸ਼ਵ ਵਿੱਚ ਸੋਨੇ ਦੇ ਭਾਅ ਦਿਨੋਂ ਦਿਨ ਵੱਧ ਰਹੇ ਹਨ, ਉਸ ਤੋਂ ਲੱਗਦਾ ਹੈ ਕਿ ਕੁਝ ਸਮੇਂ ਬਾਅਦ ਸੋਨਾ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਸਕਦਾ ਹੈ। ਮਹਿੰਗਾ ਹੋਣ ਦੇ ਬਾਵਜੂਦ ਤਿਉਹਾਰਾਂ ਦੇ ਦਿਨਾਂ ਦੌਰਾਨ ਸੋਨੇ ਤੋਂ ਬਣੇ ਗਹਿਣਿਆਂ ਦੀ ਵੱਡੀ ਪੱਧਰ 'ਤੇ ਖਰੀਦ ਕਰ ਰਹੇ ਹਨ। ਕੁਝ ਨੀਤੀ ਮਾਹਿਰ ਕਹਿੰਦੇ ਹਨ ਕਿ ਜੇ ਅਮਰੀਕਾ ਅਤੇ ਚੀਨ ਵਿਚਾਲੇ 'ਟਰੇਡ ਵਾਰ' ਤੇਜ਼ ਹੋ ਗਈ ਤਾਂ ਸੋਨੇ ਦੀਆਂ ਕੀਮਤਾਂ ਵਿੱਚ ਹੋਰ ਵੱਡਾ ਉਛਾਲ ਆ ਸਕਦਾ ਹੈ।

# ਮੌਜੂਦਾ ਸਮੇਂ ਦੀ ਵੱਡੀ ਲੋੜ ਹੈ ਪੰਥਕ ਏਕਤਾ



**ਪ੍ਰੋ. ਰਣਜੀਤ ਸਿੰਘ ਧਨੋਆ**

ਤਿੱਬਤ ਤੋਂ ਲੈ ਕੇ ਦੱਰ੍ਹਾ ਖੈਬਰ ਤੱਕ, ਕਸ਼ਮੀਰ ਤੋਂ ਲੈ ਕੇ ਦਰਿਆ ਸਿੰਧ ਤੱਕ ਫੈਲੇ ਅਤੇ ਇਨਸਾਫ਼ ਅਤੇ ਸਾਂਝੀਵਾਲਤਾ ਲਈ ਜਾਣੇ ਜਾਂਦੇ ਖ਼ਾਲਸਾ ਰਾਜ ਦੀ ਕਾਰਜਸ਼ੈਲੀ 'ਤੇ ਆਧਾਰਿਤ ਹੋਣ ਦਾ ਦਾਅਵਾ ਕਰਦਿਆਂ ਰਵਾਇਤੀ ਅਕਾਲੀ ਦਲ ਤੋਂ ਵੱਖ ਹੋਏ 'ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ' ਵੱਲੋਂ ਇੱਕ ਧਾਰਮਿਕ ਸੰਸਥਾ 'ਪੰਥਕ ਕੌਂਸਲ' ਤਿਆਰ ਕੀਤੀ ਜਾ ਰਹੀ ਹੈ। ਸੂਤਰਾਂ ਦੀ ਮੰਨੀਏ ਤਾਂ ਪੰਥਕ ਕੌਂਸਲ ਪੰਜਾਬ ਦੀ ਸਿਆਸਤ ਨੂੰ ਇੱਕ ਵੱਖਰੀ ਸੇਧ ਦੇਣ ਵਾਲੀ ਸੰਸਥਾ ਹੋ ਸਕਦੀ ਹੈ।

ਪੰਥਕ ਕੌਂਸਲ ਦੀ ਭੂਮਿਕਾ ਹਾਥੀ ਦੇ ਸਿਰ 'ਤੇ ਲੱਗੇ 'ਕੁੰਡੇ' ਵਾਲੀ ਹੋਵੇ ਤਾਂ ਹੀ ਇਹ ਭਵਿੱਖ ਵਿੱਚ ਖੁੱਸੀ ਹੋਈ ਪੰਥਿਕ ਜ਼ਮੀਨ ਹਾਸਲ ਕਰਨ ਦੇ ਯੋਗ ਹੋ ਸਕਦੀ ਹੈ।

ਇਸ ਦੇ ਨਾਲ ਹੀ ਪੁਨਰ ਸੁਰਜੀਤੀ ਅਕਾਲੀ ਦਲ ਨੇ ਆਪਣੀ ਵਰਕਿੰਗ ਕਮੇਟੀ ਦਾ ਐਲਾਨ ਵੀ ਕਰ ਦਿੱਤਾ ਹੈ ਜਿਸ ਵਿੱਚ ਪਾਰਟੀ ਪ੍ਰਧਾਨ ਵੱਲੋਂ ਨਾਮਜ਼ਦ ਕੀਤੇ ਮਹਿਜ਼ ਦਸ ਮੈਂਬਰਾਂ ਤੋਂ ਇਲਾਵਾ ਬਾਕੀ ਸਭ ਚੁਣ ਕੇ ਆਏ ਹੋਏ ਲੋਕ ਹਨ। ਰਵਾਇਤੀ ਪਾਰਟੀਆਂ ਵੱਲੋਂ ਜਿਵੇਂ ਵਿਵਸਥਾਗਤ ਢਾਂਚੇ ਦੀਆਂ ਅਹਿਮ ਜ਼ਿੰਮੇਵਾਰੀਆਂ ਸਮੇਤ ਕਿਸੇ ਵਾਰਡ ਦੀ ਪ੍ਰਧਾਨਗੀ ਤੋਂ ਲੈ ਕੇ ਸੰਸਦੀ ਖੇਤਰ ਦੀ ਟਿਕਟ ਤੱਕ ਦੇ ਫ਼ੈਸਲੇ ਕਿਸੇ ਇਕ ਆਗੂ ਜਾਂ ਪਰਿਵਾਰ ਵੱਲੋਂ ਲਏ ਜਾਂਦੇ ਹਨ, ਇਸ ਦੇ ਐਨ ਉਲਟ ਪੰਥਕ ਕੌਂਸਲ ਦੀ ਨਿਗਰਾਨੀ ਹੇਠ ਨਵਾਂ ਦਲ ਅਜਿਹੇ ਨੀਤੀਗਤ ਫ਼ੈਸਲੇ ਪਾਰਲੀਮਾਨੀ ਬੋਰਡ ਦੁਆਰਾ ਸਾਂਝੀ ਰਾਇ ਨਾਲ ਲਏ ਜਾਣ ਦਾ ਦਾਅਵਾ ਕਰਦਾ ਹੈ।

ਜੇ ਪ੍ਰਭਾਵ ਦੀ ਗੱਲ ਕਰਨੀ ਹੋਵੇ ਤਾਂ ਇਸ ਫ਼ੈਸਲੇ ਦਾ ਫ਼ਾਇਦਾ ਇਹ ਹੋਵੇਗਾ ਕਿ ਪਾਰਟੀ ਵਿੱਚ ਫੁੱਟ ਜਾਂ ਬਗ਼ਾਵਤ ਨੂੰ ਕਾਫ਼ੀ ਹੱਦ ਤੱਕ ਕੰਟਰੋਲ ਕਰ ਲਿਆ ਜਾਵੇਗਾ। ਕਿਉਂਕਿ ਕਿਸੇ ਵੀ ਖੇਤਰ ਦੀ ਜ਼ਿੰਮੇਵਾਰੀ ਲਈ ਆਪਣੇ ਤੋਂ ਵੱਧ ਮੈਰਿਟ ਵਾਲੇ ਨੂੰ ਚੁਣੇ ਜਾਣ 'ਤੇ ਕਿਸੇ ਨੂੰ ਹਰਖ ਸੋਗ ਨਹੀਂ ਹੁੰਦਾ। ਪਰ ਟੁੱਟਦਾ ਤਾਂ ਬੰਦਾ ਉਦੋਂ ਹੈ ਜਦੋਂ ਉਸ ਤੋਂ ਤਿੰਨ-ਚਾਰ ਕਦਮ ਹੇਠਾਂ ਖੜ੍ਹੇ ਕਿਸੇ ਵਿਅਕਤੀ ਵਿਸ਼ੇਸ਼ ਨੂੰ ਚੁੱਕ ਕੇ ਸਾਡੇ ਸਿਰ 'ਤੇ ਬਿਠਾ ਦਿੱਤਾ ਜਾਂਦਾ ਹੈ। ਫਿਰ ਧਰਾਤਲ ਪੱਧਰ 'ਤੇ ਵਿਚਰਨ ਵਾਲੇ ਵਰਕਰ ਪਾਰਟੀ ਛੱਡਣ ਜਾਂ ਚੋਣ ਵਿੱਚ ਵਿਰੋਧੀ ਉਮੀਦਵਾਰ ਨੂੰ ਹਮਾਇਤ ਦੇਣ ਵਿੱਚੋਂ ਕੋਈ ਇੱਕ ਵਿਕਲਪ ਚੁਣਦੇ ਹਨ ਜੋ ਮੂਲ ਰੂਪ ਵਿੱਚ ਪਾਰਟੀ ਨੂੰ ਕਮਜ਼ੋਰ ਕਰਨ ਵਾਲੀ ਕਵਾਇਦ ਹੁੰਦੀ ਹੈ। ਇਸੇ ਦ੍ਰਿਸ਼ਟੀਕੋਣ ਨੂੰ ਮੁੱਖ ਰੱਖਦਿਆਂ ਪੰਥਕ ਕੌਂਸਲ ਅਜਿਹੇ ਸਾਰੇ ਫ਼ੈਸਲਿਆਂ ਦੇ ਮਾਪਦੰਡ ਪਾਰਦਰਸ਼ਤਾ ਨਾਲ ਬਣਾਏ ਜਾਣ ਅਤੇ ਉਨ੍ਹਾਂ ਨੂੰ ਅਮਲੀ ਰੂਪ ਵਿਚ ਲਾਗੂ ਕੀਤੇ ਜਾਣ ਨੂੰ ਯਕੀਨੀ ਬਣਾਉਣ ਦਾ ਦਾਅਵਾ ਕਰਦੀ ਹੈ ਤਾਂ ਜੋ ਸਬੰਧਿਤ ਫ਼ੈਸਲਾ ਪਹਿਲੀ ਕਤਾਰ ਦੇ ਆਗੂ ਤੋਂ ਲੈ ਕੇ ਜ਼ਮੀਨੀ ਪੱਧਰ ਤੱਕ ਕੰਮ ਕਰਨ ਵਾਲੇ ਵਰਕਰ ਤੱਕ ਸਭ ਨੂੰ ਇੱਕੋ ਜਿਹਾ ਪ੍ਰਵਾਨ ਹੋਵੇ।

'ਇੱਕ ਪਰਿਵਾਰ, ਇੱਕ ਟਿਕਟ' ਦੇ ਨਾਲ ਸਿਆਸਤ ਵਿੱਚ ਸਰਗਰਮ ਵਿਅਕਤੀ ਸ਼੍ਰੋਮਣੀ ਕਮੇਟੀ ਦੀ ਚੋਣ ਵਿੱਚ ਅਤੇ ਧਾਰਮਿਕ ਖੇਤਰ ਵਿੱਚ ਕੰਮ ਕਰਨ ਵਾਲਾ ਵਿਅਕਤੀ ਕਿਸੇ ਰਾਜਨੀਤਕ ਚੋਣ ਅਮਲ ਵਿੱਚ ਹਿੱਸਾ ਨਹੀਂ ਲੈ ਸਕਣ ਵਾਲਾ ਫ਼ੈਸਲਾ ਵੀ ਪੰਜਾਬ ਦੀ ਰਾਜਨੀਤੀ ਨੂੰ ਮੋੜਾ ਦੇਣ ਵਾਲਾ ਸਾਬਿਤ ਹੋ ਸਕਦਾ ਹੈ। ਖ਼ਾਸ ਕਰਕੇ ਜਿਵੇਂ ਰਵਾਇਤੀ ਅਕਾਲੀ ਦਲ ਨੇ ਸ਼੍ਰੋਮਣੀ ਕਮੇਟੀ ਦੀ ਚੋਣ ਨੂੰ ਵਿਧਾਨ ਸਭਾ ਦੀ ਟਿਕਟ ਲਈ 'ਪਰਖ ਇਮਤਿਹਾਨ' ਵਜੋਂ ਸਥਾਪਤ ਕੀਤਾ ਹੈ, ਉਸ ਹਿਸਾਬ ਨਾਲ ਇਹ ਫ਼ੈਸਲਾ ਜੇਕਰ ਲਾਗੂ ਹੋ ਜਾਂਦਾ ਹੈ ਤਾਂ ਪੁਨਰ ਸੁਰਜੀਤੀ ਅਕਾਲੀ ਦਲ ਦੀ ਇੱਕ ਅਹਿਮ ਨੀਤੀ ਵਜੋਂ ਲੰਬੇ ਸਮੇਂ ਤੱਕ ਜਾਣਿਆ ਜਾਂਦਾ ਰਹੇਗਾ। ਕੀ ਦਾਅਵਿਆਂ ਤੇ ਵਾਅਦਿਆਂ ਨੂੰ ਇੰਨ-ਬਿੰਨ ਲਾਗੂ ਕੀਤਾ ਜਾ ਸਕੇਗਾ, ਇਸ ਸਵਾਲ ਦਾ ਜਵਾਬ ਭਵਿੱਖ ਦੀ ਬੁੱਕਲ ਵਿੱਚ ਹੈ।

ਪਹਿਲਾਂ ਸ਼੍ਰੋਮਣੀ ਕਮੇਟੀ ਦੀ ਚੋਣ ਜਿੱਤ ਕੇ ਆਉਣ ਦੀ ਸ਼ਰਤ ਰਵਾਇਤੀ ਅਕਾਲੀ ਦਲ ਨੇ ਭਾਵੇਂ ਟਿਕਟਾਂ ਦੇ ਦਾਅਵੇਦਾਰਾਂ ਦੀ ਲੰਮੀ ਕਤਾਰ ਤੋਂ ਛੁਟਕਾਰਾ ਪਾਉਣ ਲਈ ਰੱਖੀ ਹੋਵੇ ਪਰ ਸ਼੍ਰੋਮਣੀ ਕਮੇਟੀ ਦੇ ਗਲਿਆਰਿਆਂ ਵਿੱਚ ਇਹ ਪ੍ਰਭਾਵ ਸਥਾਪਤ ਹੋ ਗਿਆ ਕਿ ਜੇ ਕੋਈ ਸਿਆਸਤ ਵਿੱਚ ਅਗਾਂਹ ਜਾਣਾ ਚਾਹੁੰਦਾ ਹੈ ਤਾਂ ਧਾਰਮਿਕ ਖੇਤਰ ਵਿੱਚ ਕੰਮ ਬੇਸ਼ੱਕ ਨਾ ਕਰੇ, ਸੀਨੀਅਰ ਲੀਡਰਸ਼ਿਪ ਦੀ ਵਫ਼ਾਦਾਰੀ ਜ਼ਰੂਰ ਪ੍ਰਗਟਾਏ। ਹਾਲਾਂਕਿ ਕੁਝ ਸਵਾਲ ਬਰਕਰਾਰ ਵੀ ਹਨ ਮਸਲਨ ਸਿਆਸਤ ਵਿੱਚ ਸਰਗਰਮ ਮੈਂਬਰ ਦੇ ਪਰਿਵਾਰ ਦਾ ਕੋਈ ਵਿਅਕਤੀ ਸ਼੍ਰੋਮਣੀ ਕਮੇਟੀ ਦੀ ਚੋਣ ਜਾਂ ਫਿਰ ਧਾਰਮਿਕ ਖੇਤਰ ਵਿੱਚ ਕੰਮ ਕਰਦੇ ਵਿਅਕਤੀ ਦਾ ਪਰਿਵਾਰਕ ਮੈਂਬਰ ਸਿਆਸਤ ਵਿਚ ਆ ਸਕੇਗਾ ਜਾਂ ਨਹੀਂ ?

ਬਾਵਜੂਦ ਸਭ ਕਾਸੇ ਦੇ, ਜੇਕਰ ਪੰਥਕ ਕੌਂਸਲ ਅਤੇ ਪੁਨਰ ਸੁਰਜੀਤੀ ਅਕਾਲੀ ਦਲ ਉਕਤ ਫ਼ੈਸਲੇ 'ਤੇ ਮੋਹਰ ਲਾ ਦਿੰਦਾ ਹੈ ਤਾਂ ਇਹ ਪੰਜਾਬ ਦੇ ਰਾਜਨੀਤਕ ਸਮੀਕਰਨਾਂ ਨੂੰ ਡਾਹਢਾ ਪ੍ਰਭਾਵਿਤ ਕਰੇਗਾ ਜਿਸ ਨਾਲ ਸ਼੍ਰੋਮਣੀ ਕਮੇਟੀ ਵਿੱਚ ਰਾਜਨੀਤਕ ਦਖ਼ਲਅੰਦਾਜ਼ੀ ਪੱਕੇ ਤੌਰ 'ਤੇ ਬੰਦ ਹੋ ਜਾਵੇਗੀ।

ਪਾਰਟੀ ਮੁਖੀ ਵੱਲੋਂ ਕੋਈ ਚੋਣ ਨਾ ਲੜਨ ਅਤੇ ਸੰਵਿਧਾਨਕ ਅਹੁਦਾ ਨਾ ਲੈਣ ਦਾ ਫ਼ੈਸਲਾ ਨਵੇਂ ਬਣੇ ਅਕਾਲੀ ਦਲ ਨੂੰ ਵਾਹਵਾ ਰਾਸ ਆਉਂਦਾ ਪ੍ਰਤੀਤ ਹੋ ਰਿਹਾ ਹੈ ਲਿਹਾਜ਼ਾ ਗੇਂਦ ਦੂਜੇ ਦਲਾਂ ਦੇ ਪਾਲੇ ਵਿੱਚ ਹੈ। ਧਾਰਮਿਕ ਖੇਤਰ ਵਿੱਚ ਕਿਸੇ ਗਿਰਾਵਟ ਜਾਂ ਊਣਤਾਈ ਦਾ ਅਹਿਸਾਸ ਕਰਦਿਆਂ ਅੱਜ ਵੀ ਲੋਕ ਵਰਤਮਾਨ ਪ੍ਰਣਾਲੀ ਦੀ ਤੁਲਨਾ 1799 ਤੋਂ 1849 ਤੱਕ ਚੱਲੇ ਖ਼ਾਲਸਾ ਰਾਜ ਨਾਲ ਕਰਦੇ ਅਕਸਰ ਸੁਣਾਈ ਦਿੰਦੇ ਹਨ।

ਖ਼ਾਸ ਕਰਕੇ ਕਿਸੇ ਚੋਣਵੇਂ ਮਸਲੇ 'ਤੇ ਤਖ਼ਤਾਂ ਦੇ ਜਥੇਦਾਰਾਂ ਦੀ 'ਚੁੱਪ' ਜਥੇਦਾਰ ਅਕਾਲੀ ਫੂਲਾ ਸਿੰਘ ਦੀ ਯਾਦ ਦਿਵਾਉਂਦੀ ਹੈ। ਖ਼ਾਲਸਾ ਰਾਜ ਦੇ ਮਹਾਰਾਜਾ ਰਣਜੀਤ ਸਿੰਘ ਅੱਗੇ ਝੁਕਣ ਤੋਂ ਇੱਕੋ ਸ਼ਖ਼ਸੀਅਤ ਅਕਾਲੀ ਫੂਲਾ ਸਿੰਘ ਨੂੰ ਛੋਟ ਸੀ ਕਿਉਂਕਿ ਉਸ ਅੱਗੇ ਹਕੂਮਤ ਦਾ ਬਾਦਸ਼ਾਹ ਝੁਕਦਾ ਸੀ। ਨਵੇਂ ਬਣੇ ਦਲ ਤੋਂ ਪੰਜਾਬ ਦੇ ਲੋਕਾਂ ਨੂੰ ਉਮੀਦ ਹੈ ਕਿ ਉਹ 19ਵੀਂ ਸਦੀ ਦੇ ਪਹਿਲੇ ਅੱਧ ਵਾਲੀ ਰਾਜਨੀਤਕ ਵਿਵਸਥਾ ਕਾਇਮ ਕਰਨ ਲਈ ਸੁਹਿਰਦਤਾ ਨਾਲ ਯਤਨ ਕਰੇਗਾ।

ਗੁਰਦੁਆਰਾ ਪ੍ਰਬੰਧਾਂ ਵਿੱਚ ਸ਼੍ਰੋਮਣੀ ਕਮੇਟੀ ਦੀ ਭੂਮਿਕਾ ਨੂੰ ਪ੍ਰਭਾਵੀ ਬਣਾਏ ਜਾਣ ਦੀ ਸਖ਼ਤ ਲੋੜ ਹੈ। ਇਸ ਦੇ ਨਾਲ ਹੀ ਜਿਨ੍ਹਾਂ ਮਸਲਿਆਂ 'ਤੇ ਵਿਵਾਦ ਹੈ, ਉਨ੍ਹਾਂ ਨੂੰ ਸੁਲਝਾਉਣ ਲਈ ਸਿੱਖਿਆ, ਸਮਾਜ, ਮੀਡੀਆ ਅਤੇ ਹੋਰਨਾਂ ਖੇਤਰਾਂ ਅਤੇ ਵਰਗਾਂ ਦੇ ਮਾਹਿਰਾਂ ਨਾਲ ਵਿਚਾਰ-ਚਰਚਾ ਕੀਤੀ ਜਾ ਸਕਦੀ ਹੈ।

ਖ਼ਾਸ ਕਰਕੇ ਸ਼੍ਰੋਮਣੀ ਕਮੇਟੀ ਦੇ ਵਿੱਤੀ ਪ੍ਰਬੰਧਾਂ ਬਾਰੇ ਅਗਾਊਂ ਰੂਪਰੇਖਾ ਤਿਆਰ ਕਰ ਕੇ ਲੋਕਾਂ ਨੂੰ ਜਾਣੂ ਕਰਵਾਏ ਜਾਣ ਦੀ ਤਿਆਰੀ ਕੀਤੀ ਜਾ ਸਕਦੀ ਹੈ। ਇਹੀ ਉਹ ਮਹੱਤਵਪੂਰਨ ਕੜੀ ਹੈ ਜੋ ਪਾਰਟੀ ਦੇ ਅਕਸ ਨੂੰ ਧੱਬਾ ਲਾਉਣ ਅਤੇ ਆਮ ਆਦਮੀ ਦੀ ਸ਼ਰਧਾ ਨੂੰ ਕਮਜ਼ੋਰ ਕਰਨ ਦਾ ਕਾਰਨ ਬਣਦੀ ਹੈ। ਹਲੀਮੀ ਰਾਜ ਅਤੇ ਸਰਬ-ਸਾਂਝੀਵਾਲਤਾ ਦਾ ਸੁਨੇਹਾ ਦਿੰਦੀ ਵਿਵਸਥਾ ਦੀ ਕਾਇਮੀ ਲਈ ਸਭ ਵਰਗਾਂ ਤੋਂ ਸੁਝਾਅ ਮੰਗੇ ਜਾ ਸਕਦੇ ਹਨ।

ਪੰਥਕ ਕੌਂਸਲ ਦੀ ਚੇਅਰਪਰਸਨ ਬੀਬੀ ਸਤਵੰਤ ਕੌਰ ਵੱਲੋਂ ਸਭ ਧਿਰਾਂ ਨੂੰ ਪੰਜਾਬ ਅਤੇ ਪੰਥ ਦੇ ਵਡੇਰੇ ਹਿੱਤਾਂ ਲਈ ਕੀਤੀ ਗਈ ਅਪੀਲ ਦਾ ਸਭ ਵਰਗਾਂ ਦੇ ਨਾਲ-ਨਾਲ ਧਾਰਮਿਕ ਜਥੇਬੰਦੀਆਂ ਨੇ ਸਵਾਗਤ ਕੀਤਾ ਹੈ। ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਵੱਲੋਂ ਲਏ ਗਏ ਹੁਣ ਤੱਕ ਦੇ ਫ਼ੈਸਲਿਆਂ ਨੂੰ ਅਮਲੀ ਰੂਪ ਵਿੱਚ ਲਾਗੂ ਕਰਾਉਣ ਅਤੇ ਰਾਜਸੀ ਤੌਰ 'ਤੇ ਸਮਰੱਥਾ ਹਾਸਲ ਕਰਨ ਹਿੱਤ ਸਭ ਧਿਰਾਂ ਨੂੰ ਇਕੱਠਾ ਹੋਣ ਦਾ ਹੋਕਾ ਦਿੱਤਾ ਹੈ।

ਜਦੋਂ ਪੰਥਕ ਧਿਰਾਂ ਛੋਟੇ-ਛੋਟੇ ਸਮੂਹਾਂ ਜਾਂ ਟੁਕੜਿਆਂ ਵਿੱਚ ਵੰਡ ਹੋ ਕੇ ਵਿਚਰ ਰਹੀਆਂ ਹੋਣ ਤਾਂ ਏਕਤਾ ਦੀ ਅਜਿਹੀ ਅਪੀਲ ਹੋਰ ਵੀ ਵਧੇਰੇ ਪ੍ਰਸੰਗਿਕ ਹੋ ਜਾਂਦੀ ਹੈ। ਖਲੀਲ ਜਿਬਰਾਨ ਦਾ ਇਹ ਕਹਿਣਾ ਅੱਜ ਦੀ ਸਥਿਤੀ 'ਤੇ ਖ਼ੂਬ ਢੁੱਕਦਾ ਹੈ ਕਿ 'ਉਸ ਕੌਮ ਦੀ ਹਾਲਤ ਤਰਸਯੋਗ ਹੋਣ ਵਿੱਚ ਬਹੁਤੀ ਦੇਰ ਨਹੀਂ ਲੱਗਦੀ ਜਿਹੜੀ ਕਈ ਟੁਕੜਿਆਂ ਵਿੱਚ ਵੰਡੀ ਹੋਵੇ ਅਤੇ ਹਰੇਕ ਟੁਕੜਾ ਆਪਣੇ-ਆਪ ਨੂੰ ਕੌਮ ਸਮਝੀ ਬੈਠਾ ਹੋਵੇ'। ਪੰਥਕ ਏਕਤਾ ਦੀ ਅਪੀਲ ਨੇ ਪੰਜਾਬ ਵਾਸੀਆਂ ਵਿੱਚ ਇੱਕ ਆਸ ਪੈਦਾ ਕੀਤੀ ਹੈ ਜਿਸ ਪ੍ਰਤੀ ਕੁਝ ਧਿਰਾਂ ਨੇ ਹਾਂ-ਪੱਖੀ ਹੁੰਗਾਰਾ ਵੀ ਭਰਿਆ ਹੈ। ਆਉਣ ਵਾਲੇ ਦਿਨਾਂ ਵਿੱਚ ਸ਼ਾਇਦ ਕੁਝ ਹੋਰ ਧਿਰਾਂ ਵੀ ਇਸ ਮਾਮਲੇ ਵਿੱਚ ਵੱਡਾ ਦਿਲ ਕਰ ਕੇ ਅੱਗੇ ਆਉਣ।

ਕੁਝ ਉਹ ਮਸਲੇ ਹਨ ਜਿਨ੍ਹਾਂ ਦੇ ਹੱਲ ਹੋਣ ਦੀ ਉਮੀਦ ਜਨਤਾ ਭਾਵੇਂ ਛੱਡ ਚੁੱਕੀ ਹੈ ਪਰ ਜੇਕਰ ਨਵਾਂ ਦਲ ਜਾਂ ਕੋਈ ਵੀ ਹੋਰ ਪਾਰਟੀ ਇਨ੍ਹਾਂ ਦੇ ਹੱਲ ਲਈ ਕੋਈ ਠੋਸ ਯੋਜਨਾ ਉਲੀਕਦੀ ਹੈ ਤਾਂ ਨਿਸ਼ਚਤ ਰੂਪ ਵਿੱਚ ਪੰਜਾਬੀਆਂ ਦੇ ਦਿਲ ਜਿੱਤਣ ਵਾਲੀ ਗੱਲ ਹੋਵੇਗੀ।

ਪੰਜਾਬ ਦੀ ਰਾਜਧਾਨੀ, ਪੰਜਾਬੀ ਬੋਲਦੇ ਇਲਾਕੇ, ਪੰਜਾਬੀ ਭਾਸ਼ਾ, ਧਰਮ ਪਰਿਵਰਤਨ, ਬੇਰੁਜ਼ਗਾਰੀ, ਗ਼ਰੀਬੀ, ਸਮਾਜਿਕ ਅਸਾਵਾਂਪਣ, ਡੂੰਘਾ ਹੋ ਰਿਹਾ ਧਰਤੀ ਹੇਠਲਾ ਪਾਣੀ, ਸੂਬੇ ਦੇ ਸਰੋਤਾਂ ਦੀ ਦੁਰਵਰਤੋਂ, ਵਪਾਰ ਵਿੱਚ ਆਈ ਖੜੋਤ, ਸੋਕੇ ਜਾਂ ਡੋਬੇ ਦੀ ਮਾਰ ਝੱਲ ਰਹੇ ਲੋਕ, ਉਦਯੋਗਾਂ ਦੀ ਹਿਜਰਤ ਆਦਿ ਕਿੰਨੇ ਹੀ ਮਸਲੇ ਹਨ ਜਿਨ੍ਹਾਂ ਦੇ ਹੱਲ ਪ੍ਰਤੀ ਲੋਕ ਹੁਣ ਗੱਲ ਕਰਨੀ ਘੱਟ ਪਸੰਦ ਕਰਦੇ ਹਨ। ਅਜਿਹਾ ਇਸ ਲਈ ਹੈ ਕਿਉਂਕਿ ਉਹ ਜਾਣਦੇ ਹਨ ਕਿ ਰਾਜਸੀ ਆਗੂ ਜਿਨ੍ਹਾਂ ਦੀ ਜ਼ਿੰਮੇਵਾਰੀ ਇਹ ਮਸਲੇ ਹੱਲ ਕਰਨ ਦੀ ਹੈ, ਉਨ੍ਹਾਂ ਦੇ ਭਾਸ਼ਣ ਤਾਂ ਵਿਰੋਧੀਆਂ 'ਤੇ ਦੂਸ਼ਣ ਲਾਉਣ ਤੋਂ ਸ਼ੁਰੂ ਹੋ ਕੇ ਸੱਤਾ ਵਿੱਚ ਆਉਣ 'ਤੇ ਅੰਦਰ ਸੁੱਟ ਦੇਣ ਦੀ ਧਮਕੀ ਨਾਲ ਖ਼ਤਮ ਹੋ ਜਾਂਦੇ ਹਨ।

# ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ: ਸ੍ਰੀ ਅਕਾਲ ਤਖ਼ਤ ਸਾਹਿਬ ਦਾ ਫ਼ੈਸਲਾ ਅਤੇ ਪੰਥਕ ਜਾਗਰੂਕਤਾ ਦੀ ਲੋੜ

ਰਜਿੰਦਰ ਸਿੰਘ ਪੁਰੇਵਾਲ

ਹਾਲ ਹੀ ਵਿੱਚ ਜੰਮੂ ਕਸ਼ਮੀਰ ਦੇ ਸਾਂਬਾ ਜ਼ਿਲ੍ਹੇ ਦੇ ਕੌਲਪੁਰ ਪਿੰਡ ਵਿਖੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿੱਚ ਪੰਜ ਪਾਵਨ ਸਰੂਪਾਂ ਨੂੰ ਅਗਨ ਭੇਟ ਕਰਕੇ ਬੇਅਦਬੀ ਕੀਤੀ ਗਈ, ਜਿਸ ਨਾਲ ਸਥਾਨਕ ਸੰਗਤ ਵਿੱਚ ਭਾਰੀ ਰੋਸ ਪੈਦਾ ਹੋ ਗਿਆ। ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਹੈ। ਇਸ ਵਿੱਚ ਸ਼੍ਰੋਮਣੀ ਕਮੇਟੀ ਦੇ ਅੰਤਰੰਗ ਮੈਂਬਰ ਸੁਰਜੀਤ ਸਿੰਘ ਤੁਗਲਵਾਲਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਸੁਖਵਰਸ਼ ਸਿੰਘ ਪੰਨੂ ਅਤੇ ਜੰਮੂ ਕਸ਼ਮੀਰ ਸਿੱਖ ਮਿਸ਼ਨ ਦੇ ਇੰਚਾਰਜ ਭਾਈ ਹਰਭਿੰਦਰ ਸਿੰਘ ਸ਼ਾਮਲ ਹਨ। ਇਹ ਕਮੇਟੀ ਦੀ ਜ਼ਿੰਮੇਵਾਰੀ ਹੈ ਕਿ ਗੁਰਦੁਆਰੇ ਦੇ ਪ੍ਰਬੰਧਾਂ ਨੂੰ ਪੁਖ਼ਤਾ ਬਣਾਏ, ਨਵੀਂ ਅੰਮ੍ਰਿਤਧਾਰੀ ਪ੍ਰਬੰਧਕ ਕਮੇਟੀ ਗਠਿਤ ਕਰੇ ਅਤੇ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਪ੍ਰਕਾਸ਼ ਮੁੜ ਸ਼ੁਰੂ ਕਰਵਾਏ। ਜਥੇਦਾਰ ਨੇ ਸਪੱਸ਼ਟ ਕਿਹਾ ਹੈ ਕਿ ਇਹ ਕਾਰਵਾਈ ਜਲਦੀ ਮੁਕੰਮਲ ਕਰਕੇ ਰਿਪੋਰਟ ਅਕਾਲ ਤਖ਼ਤ ਸਾਹਿਬ ਨੂੰ ਭੇਜੀ ਜਾਵੇਗੀ।

ਇਸ ਘਟਨਾ ਨਾਲ ਜੁੜਿਆ ਇੱਕ ਹੋਰ ਮਹਤਵਪੂਰਣ ਪਹਿਲੂ ਹੈ ਬੇਅਦਬੀ ਦੋਸ਼ੀ ਦੇ ਘਰ ਨੂੰ ਅੱਗ ਲਗਾਉਣਾ। ਜੰਮੂ ਵਿੱਚ ਇਹ ਵਾਕਵੀ ਇਸ ਬੇਅਦਬੀ ਨੇ ਸੰਗਤ ਵਿੱਚ ਗੁੱਸਾ ਵਧਾ ਦਿੱਤਾ ਸੀ। ਰੋਸ ਵਿੱਚ ਭਰੀ ਸੰਗਤ ਨੇ ਦੋਸ਼ੀ ਦੇ ਘਰ ਨੂੰ ਫੂਕ ਕੇ ਤਬਾਹ ਕਰ ਦਿੱਤਾ। ਇਸ ਤੋਂ ਸਪਸ਼ਟ ਹੈ ਕਿ ਸਰਕਾਰ ਅਜੇ ਤਕ ਬੇਅਦਬੀਆਂ ਨੂੰ ਕੰਟਰੋਲ ਨਹੀਂ ਕਰ ਸਕੀ ,ਜਿਸ ਕਾਰਨ ਸੰਗਤ ਵਿੱਚ ਗੁੱਸਾ ਤੇ ਰੋਸ ਵਧ ਰਿਹਾ ਹੈ। ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਚਾਹੀਦਾ ਹੈ ਕਿ ਹਰ ਗੁਰਦੁਆਰੇ ਵਿੱਚ ਸਿੱਖੀ ਸਿਧਾਂਤਾਂ ਦੀ ਸਿੱਖਿਆ ਲਈ ਰੈਗੂਲਰ ਪ੍ਰੋਗਰਾਮ ਚਲਾਉਣ। ਧਰਮ ਪ੍ਰਚਾਰ ਕਮੇਟੀ ਵਰਗੀਆਂ ਸੰਸਥਾਵਾਂ ਨੂੰ ਵਧੇਰੇ ਸਰਗਰਮ ਕਰਨਾ ਪਵੇਗਾ ਤਾਂ ਜੋ ਅਜਿਹੇ ਅਪਰਾਧੀ ਬਚ ਨਾ ਸਕਣ।

*******

### ਇਟਲੀ ਵਿੱਚ ਬੁਰਕੇ 'ਤੇ ਪਾਬੰਦੀ: ਮੇਲੋਨੀ ਸਰਕਾਰ ਦਾ ਵਿਵਾਦਤ ਫੈਸਲਾ

ਇਟਲੀ ਦੀ ਜਾਰਜੀਆ ਮੇਲੋਨੀ ਸਰਕਾਰ ਨੇ ਇੱਕ ਵੱਡਾ ਅਤੇ ਵਿਵਾਦਤ ਕਦਮ ਚੁੱਕਦਿਆਂ ਦੇਸ਼ ਭਰ ਵਿੱਚ ਬੁਰਕੇ ਅਤੇ ਨਕਾਬ 'ਤੇ ਪਾਬੰਦੀ ਲਗਾਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਸੱਤਾਧਾਰੀ ਪਾਰਟੀ 'ਬ੍ਰਦਰਜ਼ ਆਫ਼ ਇਟਲੀ' ਨੇ ਐਲਾਨ ਕੀਤਾ ਹੈ ਕਿ ਉਹ ਸਾਰੇ ਜਨਤਕ ਸਥਾਨਾਂ 'ਤੇ ਚਿਹਰਾ ਅਤੇ ਸਰੀਰ ਢਕਣ ਵਾਲੇ ਪਹਿਰਾਵੇ 'ਤੇ ਰੋਕ ਲਗਾਉਣ ਵਾਲਾ ਕਾਨੂੰਨ ਪੇਸ਼ ਕਰੇਗੀ। ਇਸ ਨੂੰ ਪਾਰਟੀ ਨੇ 'ਇਸਲਾਮੀ ਅਲੱਗਵਾਦ' ਵਿਰੁੱਧ ਜ਼ਰੂਰੀ ਕਦਮ ਦੱਸਿਆ ਹੈ। ਇਸ ਬਿੱਲ ਦੇ ਮੁੱਖ ਯੋਜਨਾਕਾਰ ਸੰਸਦ ਮੈਂਬਰ ਐਂਡੀਆ ਡੇਲਮਾਸਟਰੋ ਨੇ ਫੇਸਬੁੱਕ 'ਤੇ ਲਿਖਿਆ ਕਿ ਧਾਰਮਿਕ ਆਜ਼ਾਦੀ ਪਵਿੱਤਰ ਹੈ, ਪਰ ਇਸ ਦੀ ਵਰਤੋਂ ਇਟਲੀ ਦੇ ਸੰਵਿਧਾਨ ਅਤੇ ਸਿਧਾਂਤਾਂ ਦਾ ਸਤਿਕਾਰ ਕਰਦਿਆਂ ਹੀ ਹੋਣੀ ਚਾਹੀਦੀ ਹੈ।



ਇਸ ਪ੍ਰਸਤਾਵਿਤ ਕਾਨੂੰਨ ਅਨੁਸਾਰ, ਦੁਕਾਨਾਂ, ਸਕੂਲਾਂ, ਦਫ਼ਤਰਾਂ ਅਤੇ ਹੋਰ ਜਨਤਕ ਸਥਾਨਾਂ 'ਤੇ ਚਿਹਰਾ ਢਕਣ ਵਾਲੇ ਕੱਪੜਿਆਂ 'ਤੇ ਪੂਰਨ ਪਾਬੰਦੀ ਹੋਵੇਗੀ। ਜੇਕਰ ਕੋਈ ਇਸ ਦੀ ਉਲੰਘਣਾ ਕਰਦਾ ਹੈ ਤਾਂ 300 ਤੋਂ 3000 ਯੂਰੋ ਤੱਕ ਦਾ ਜੁਰਮਾਨਾ ਲੱਗ ਸਕਦਾ ਹੈ। ਮੇਲੋਨੀ ਸਰਕਾਰ ਨੇ ਦੇਸ਼ ਵਿੱਚ ਵਧਦੇ 'ਇਸਲਾਮੀਕਰਨ' ਦਾ ਦੋਸ਼ ਲਗਾਇਆ ਹੈ ਅਤੇ ਇਸਲਾਮੀ ਪ੍ਰਤੀਕਾਂ ਦੇ ਜਨਤਕ ਪ੍ਰਦਰਸ਼ਨ ਨੂੰ ਸਭਿਆਚਾਰਕ ਅਲੱਗਵਾਦ ਦੱਸਿਆ ਹੈ। ਨਾਲ ਹੀ, ਇਸ ਬਿੱਲ ਵਿੱਚ ਮਸਜਿਦਾਂ ਦੀ ਫੰਡਿੰਗ 'ਤੇ ਨਿਯੰਤਰਣ ਅਤੇ ਜਬਰੀ ਵਿਆਹਾਂ ਵਿਰੁੱਧ ਸਖ਼ਤੀ ਦੇ ਪ੍ਰਬੰਧ ਵੀ ਸ਼ਾਮਲ ਹਨ। ਪਾਰਟੀ ਦੀ ਪ੍ਰਵਾਸ ਨੀਤੀ ਮੁਖੀ ਸਾਰਾ ਮੇਲਾਨੀ ਨੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਇਹ ਕਾਨੂੰਨ ਇਟਲੀ ਦੇ ਮੁੱਲਾਂ 'ਤੇ ਅਧਾਰਿਤ ਹੈ ਅਤੇ ਦੇਸ਼ ਦੇ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰੇਗਾ।ਇਟਲੀ ਦਾ ਇਹ ਫੈਸਲਾ ਫਰਾਂਸ ਤੋਂ ਪ੍ਰੇਰਿਤ ਹੈ, ਜਿਸ ਨੇ 2011 ਵਿੱਚ ਬੁਰਕੇ 'ਤੇ ਪਾਬੰਦੀ ਲਗਾਈ ਸੀ। ਇਸ ਤੋਂ ਬਾਅਦ ਬੈਲਜੀਅਮ, ਡੈਨਮਾਰਕ, ਸਵਿਟਜ਼ਰਲੈਂਡ ਵਰਗੇ ਦੇਸ਼ਾਂ ਨੇ ਵੀ ਅਜਿਹੇ ਕਦਮ ਚੁੱਕੇ। ਇਟਲੀ ਵਿੱਚ 1975 ਦਾ ਇੱਕ ਕਾਨੂੰਨ ਪਹਿਲਾਂ ਹੀ ਜਨਤਕ ਸਥਾਨਾਂ 'ਤੇ ਚਿਹਰਾ ਢਕਣ 'ਤੇ ਰੋਕ ਲਗਾਉਂਦਾਹੈ, ਪਰ ਉਸ ਵਿੱਚ ਬੁਰਕੇ ਦਾ ਜ਼ਿਕਰ ਨਹੀਂ। ਨਵਾਂ ਬਿੱਲ ਇਸ ਨੂੰ ਸਪੱਸ਼ਟ ਅਤੇ ਸਖ਼ਤ ਕਰੇਗਾ।

ਇਹ ਫੈਸਲਾ ਵਿਵਾਦਤ ਹੈ ਕਿਉਂਕਿ ਇਹ ਧਾਰਮਿਕ ਆਜ਼ਾਦੀ ਅਤੇ ਵਿਅਕਤੀਗਤ ਅਧਿਕਾਰਾਂ 'ਤੇ ਸਵਾਲ ਉਠਾਉਂਦਾ ਹੈ। ਮੁਸਲਿਮ ਔਰਤਾਂ ਲਈ ਬੁਰਕਾ ਧਾਰਮਿਕ ਅਤੇ ਸਭਿਆਚਾਰਕ ਪਛਾਣ ਦਾ ਹਿੱਸਾ ਹੈ, ਅਤੇ ਇਸ 'ਤੇ ਪਾਬੰਦੀ ਨੂੰ ਅਧਿਕਾਰਾਂ ਦੀ ਉਲੰਘਣਾ ਮੰਨਿਆ ਜਾ ਸਕਦਾ ਹੈ। ਦੂਜੇ ਪਾਸੇ, ਮੇਲੋਨੀ ਸਰਕਾਰ ਦਾ ਮੰਨਣਾ ਹੈ ਕਿ ਇਹ ਦੇਸ਼ ਦੀ ਸੁਰੱਖਿਆ ਅਤੇ ਸੱਭਿਆਚਾਰਕ ਏਕਤਾ ਲਈ ਜ਼ਰੂਰੀ ਹੈ। ਇਹ ਮੁੱਦਾ ਯੂਰਪ ਵਿੱਚ ਵਧਦੀ ਸਿਆਸੀ ਤਣਾਅ ਦਾ ਪ੍ਰਤੀਕ ਹੈ, ਜਿੱਥੇ ਪ੍ਰਵਾਸ ਅਤੇ ਬਹੁ-ਸਭਿਆਚਾਰਕਤਾ 'ਤੇ ਬਹਿਸ ਤਿੱਖੀ ਹੋ ਰਹੀ ਹੈ।ਇਸ ਪਾਬੰਦੀ ਨਾਲ ਇਟਲੀ ਦੀ ਮੁਸਲਿਮ ਭਾਈਚਾਰੇ 'ਤੇ ਡੂੰਘਾ ਅਸਰ ਪਵੇਗਾ। ਸਵਾਲ ਇਹ ਹੈ ਕਿ ਕੀ ਇਹ ਕਾਨੂੰਨ ਸੱਚਮੁੱਚ ਸਭਿਆਚਾਰਕ ਏਕਤਾ ਲਿਆਵੇਗਾ ਜਾਂ ਵੰਡੀਆਂ ਨੂੰ ਹੋਰ ਡੂੰਘਾ ਕਰੇਗਾ ? ਸਰਕਾਰ ਨੂੰ ਸੰਵੇਦਨਸ਼ੀਲਤਾ ਨਾਲ ਕੰਮ ਕਰਨ ਦੀ ਲੋੜ ਹੈ ਤਾਂ ਜੋ ਧਾਰਮਿਕ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ। ਸਮੇਂ ਦੱਸੇਗਾ ਕਿ ਇਹ ਕਾਨੂੰਨ ਇਟਲੀ ਦੀ ਸਮਾਜਿਕ ਸਦਭਾਵਨਾ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ।

# ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਤੇ '84 ਦਾ ਸਿੱਖ ਕਤਲੇਆਮ-ਕਾਂਗਰਸ ਸੱਚਾਈ ਸਵੀਕਾਰੇ



ਸਤਨਾਮ ਮਾਣਕ
ਸੀਨੀਅਰ ਪੱਤਰਕਾਰ

ਦੇਸ਼ ਦੇ ਅਤੇ ਵਿਸ਼ੇਸ਼ ਕਰਕੇ ਪੰਜਾਬ ਦੇ ਇਤਿਹਾਸ ਵਿੱਚ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ 84 ਤੇ ਨਵੰਬਰ 1984 ਦਾ ਸਿੱਖ ਕਤਲੇਆਮ ਦੋ ਅਜਿਹੀਆਂ ਘਟਨਾਵਾਂ ਹਨ, ਜੋ 41 ਸਾਲ ਬੀਤ ਜਾਣ ਤੋਂ ਬਾਅਦ ਵੀ ਕਿਸੇ ਨਾ ਕਿਸੇ ਰੂਪ ਵਿੱਚ ਚਰਚਾ ਵਿੱਚ ਰਹਿੰਦੀਆਂ ਹਨ ਅਤੇ ਇਨ੍ਹਾਂ ਘਟਨਾਵਾਂ ਸੰਬੰਧੀ ਕੋਈ ਨਾ ਕੋਈ ਨਵੇਂ ਵੇਰਵੇ ਜਾਂ ਵਿਸ਼ਲੇਸ਼ਣ ਸਾਹਮਣੇ ਆਉਂਦੇ ਰਹਿੰਦੇ ਹਨ।

ਇਸ ਪ੍ਰਸੰਗ ਵਿੱਚ ਹੀ ਪਿਛਲੇ ਦਿਨੀਂ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲੇ ਬਾਰੇ ਸਾਬਕਾ ਕੇਂਦਰੀ ਵਿੱਤ ਮੰਤਰੀ ਪੀ. ਚਿਦੰਬਰਮ ਅਤੇ ਕਾਂਗਰਸ ਦੇ ਇੱਕ ਹੋਰ ਸੀਨੀਅਰ ਲੀਡਰ ਮਣੀ ਸ਼ੰਕਰ ਅਈਅਰ ਦੇ ਆਏ ਬਿਆਨਾਂ ਨੂੰ ਦੇਖਿਆ ਜਾ ਸਕਦਾ ਹੈ। ਕਾਂਗਰਸ ਦੇ ਉਪਰੋਕਤ ਦੋਵੇਂ ਆਗੂ ਕਸੌਲੀ (ਹਿਮਾਚਲ ਪ੍ਰਦੇਸ਼) ਵਿੱਚ ਉੱਘੇ ਪੱਤਰਕਾਰ ਅਤੇ ਲੇਖਕ ਸ. ਖੁਸ਼ਵੰਤ ਸਿੰਘ ਦੀ ਯਾਦ ਵਿੱਚ ਹਰ ਸਾਲ ਹੋਣ ਵਾਲੇ ਸਾਹਿਤਕ ਸਮਾਰੋਹ ਵਿੱਚ ਹਿੱਸਾ ਲੈਣ ਆਏ ਸਨ ਅਤੇ ਉਨ੍ਹਾਂ ਨੇ ਉਥੇ ਹੋਏ ਵੱਖਰੇ-ਵੱਖਰੇ ਸਮਾਗਮਾਂ ਵਿੱਚ ਆਪੋ-ਆਪਣੇ ਦ੍ਰਿਸ਼ਟੀਕੋਣ 'ਤੇ ਜਾਣਕਾਰੀ ਅਨੁਸਾਰ ਸਿੱਖ ਘਲੂਘਾਰਾ ਜੂਨ 84 ਬਾਰੇ ਟਿੱਪਣੀਆਂ ਕੀਤੀਆਂ ਸਨ।

ਪੀ. ਚਿਦੰਬਰਮ ਨੇ ਕਿਹਾ ਹੈ ਕਿ ਦਰਬਾਰ ਸਾਹਿਬ ਦਾ ਮੁੜ ਕੰਟਰੋਲ ਹਾਸਿਲ ਕਰਨ ਲਈ ਫ਼ੌਜੀ ਕਾਰਵਾਈ ਕਰਨ ਵਾਲਾ ਰਸਤਾ ਗਲਤ ਸੀ। ਇਸ ਦੀ ਥਾਂ ਕੋਈ ਹੋਰ ਢੰਗ-ਤਰੀਕੇ ਵੀ ਅਪਣਾਏ ਜਾ ਸਕਦੇ ਸਨ। ਇਸ ਗਲਤੀ ਦੀ ਸਜ਼ਾ ਸ੍ਰੀਮਤੀ ਇੰਦਰਾ ਗਾਂਧੀ ਨੂੰ ਆਪਣੀ ਜਾਨ ਦੇ ਕੇ ਚੁਕਾਉਣੀ ਪਈ, ਪਰ ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਲਈ ਸਿਰਫ਼ ਸ੍ਰੀਮਤੀ ਇੰਦਰਾ ਗਾਂਧੀ ਹੀ ਜ਼ਿੰਮੇਵਾਰ ਨਹੀਂ ਸੀ, ਉਸ ਸਮੇਂ ਦੇ ਫ਼ੌਜ ਦੇ ਅਧਿਕਾਰੀ, ਏਜੰਸੀਆਂ ਅਤੇ ਪੁਲਿਸ ਆਦਿ ਸਾਰੇ ਇਸ ਲਈ ਜ਼ਿੰਮੇਵਾਰ ਸਨ। ਕਾਂਗਰਸ ਦੇ ਦੂਜੇ ਸੀਨੀਅਰ ਆਗੂ ਸ੍ਰੀ ਮਣੀਸ਼ੰਕਰ ਅਈਅਰ ਨੇ ਵੀ ਇਹ ਗੱਲ ਕਹੀ ਹੈ ਕਿ ਜੇਕਰ ਉਸ ਸਮੇਂ ਫ਼ੌਜ ਦੇ ਜਨਰਲਾਂ, ਏਜੰਸੀਆਂ ਅਤੇ ਹੋਰ ਸੰਬੰਧਿਤ ਲੋਕਾਂ ਨੇ ਸਹੀ ਰਾਇ ਦਿੱਤੀ ਹੁੰਦੀ ਤਾਂ ਇਸ ਤਰ੍ਹਾਂ ਦੀ ਫ਼ੌਜੀ ਕਾਰਵਾਈ ਨੂੰ ਟਾਲਿਆ ਵੀ ਜਾ ਸਕਦਾ ਸੀ। ਅਸਿੱਧੇ ਢੰਗ ਨਾਲ ਕਾਂਗਰਸ ਦੇ ਉਪਰੋਕਤ ਦੋਵੇਂ ਆਗੂਆਂ ਨੇ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ ਦੇ ਘਟਨਾਕ੍ਰਮ ਵਿਚੋਂ ਉਸ ਸਮੇਂ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਰੋਲ ਨੂੰ ਘਟਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਪਰ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ ਤੋਂ ਬਾਅਦ ਪ੍ਰਕਾਸ਼ਤ ਹੋਈਆਂ ਬਹੁਤ ਸਾਰੀਆਂ ਕਿਤਾਬਾਂ ਅਤੇ ਅਖ਼ਬਾਰਾਂ ਵਿੱਚ ਛਪੇ ਪੱਤਰਕਾਰਾਂ ਦੇ ਲੇਖਾਂ ਵਿੱਚ ਇਹ ਕਿਹਾ ਗਿਆ ਹੈ ਕਿ ਉਸ ਸਮੇਂ ਦੇ ਥਲ ਸੈਨਾ ਦੇ ਮੁਖੀ ਜਨਰਲ ਵੈਦਿਆ ਸਾਕਾ ਨੀਲਾ ਤਾਰਾ ਫ਼ੌਜੀ ਆਪ੍ਰੇਸ਼ਨ ਦੇ ਬਹੁਤਾ ਹੱਕ ਵਿੱਚ ਨਹੀਂ ਸਨ। ਇਸ ਕਾਰਨ ਉਨ੍ਹਾਂ ਨੂੰ ਪਾਸੇ ਛੱਡ ਕੇ ਆਪ੍ਰੇਸ਼ਨ ਸੰਬੰਧੀ ਸ੍ਰੀਮਤੀ ਇੰਦਰਾ ਗਾਂਧੀ ਨੇ ਪੱਛਮੀ ਕਮਾਂਡ ਦੇ ਮੁਖੀ ਜਨਰਲ ਸੁੰਦਰਜੀ ਨਾਲ ਸਲਾਹ ਮਸ਼ਵਰਾ ਕੀਤਾ ਸੀ। ਜਨਰਲ ਸੁੰਦਰਜੀ ਦੀ ਧਾਰਨਾ ਸੀ ਕਿ ਥੋੜ੍ਹੀ ਜਿਹੀ ਫ਼ੌਜੀ ਕਾਰਵਾਈ ਨਾਲ ਹੀ ਦਰਬਾਰ ਸਾਹਿਬ ਸਮੂਹ ਨੂੰ ਖਾਲੀ ਕਰਵਾਇਆ ਜਾ ਸਕਦਾ ਹੈ ਅਤੇ ਪ੍ਰਧਾਨ ਮੰਤਰੀ ਵੱਲੋਂ ਇਸ ਸੰਬੰਧੀ ਸਹਿਮਤੀ ਦਿੱਤੇ ਜਾਣ ਤੋਂ ਬਾਅਦ ਕਾਰਵਾਈ ਦੀ ਜ਼ਿੰਮੇਵਾਰੀ ਉਨ੍ਹਾਂ ਨੇ ਜਨਰਲ ਕੁਲਦੀਪ ਸਿੰਘ ਬਰਾੜ 'ਤੇ ਪਾ ਦਿੱਤੀ ਸੀ। ਇੰਦਰਾ ਗਾਂਧੀ ਨੇ ਜਨਰਲ ਸੁੰਦਰਜੀ ਦੀ ਰਾਇ 'ਤੇ ਅਮਲ ਕੀਤਾ ਪਰ ਇਸ ਦਾ ਇਹ ਅਰਥ ਨਹੀਂ ਹੈ ਕਿ ਇੰਦਰਾ ਗਾਂਧੀ ਇਹ ਕਾਰਵਾਈ ਨਹੀਂ ਕਰਨਾ ਚਾਹੁੰਦੀ ਸੀ। ਇਸ ਲਈ ਤਾਂ ਉਸ ਨੇ ਬਰਤਾਨਵੀ ਸਰਕਾਰ ਤੇ ਸੋਵੀਅਤ ਯੂਨੀਅਨ ਤੱਕ ਨਾਲ ਵੀ ਸਲਾਹ ਕੀਤੀ ਸੀ। ਇੰਦਰਾ ਗਾਂਧੀ ਨੂੰ ਅਕਾਲੀ ਦਲ ਵੱਲੋਂ ਐਮਰਜੈਂਸੀ ਵਿਰੁੱਧ ਲਾਏ ਮੋਰਚੇ ਤੋਂ ਵੀ ਖੁੰਦਕ ਸੀ।



ਬਿਨਾਂ ਸ਼ੱਕ ਉਪਰੋਕਤ ਦੋਵੇਂ ਕਾਂਗਰਸ ਦੇ ਸੀਨੀਅਰ ਆਗੂਆਂ ਦੇ ਆਏ ਤਾਜ਼ਾ ਬਿਆਨਾਂ ਨੇ ਦੇਸ਼ ਅਤੇ ਪੰਜਾਬ ਦੀ ਰਾਜਨੀਤੀ ਵਿੱਚ ਸਾਕਾ ਨੀਲਾ ਤਾਰਾ ਬਾਰੇ ਇੱਕ ਵਾਰ ਫ਼ਿਰ ਤੋਂ ਚਰਚਾ ਛੇੜ ਦਿੱਤੀ ਹੈ। ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਇਨ੍ਹਾਂ ਬਿਆਨਾਂ ਦੀ ਵਰਤੋਂ ਇੱਕ ਵਾਰ ਫ਼ਿਰ ਕਾਂਗਰਸ ਨੂੰ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ ਲਈ ਜ਼ਿੰਮੇਦਾਰ ਠਹਿਰਾਉਣ ਅਤੇ ਸਿੱਖ ਭਾਈਚਾਰੇ ਦੀਆਂ ਨਜ਼ਰਾਂ ਵਿੱਚ ਉਸ ਨੂੰ ਇੱਕ ਵਾਰ ਫ਼ਿਰ ਦੋਸ਼ੀ ਵਜੋਂ ਪੇਸ਼ ਕਰਨ ਲਈ ਕੀਤੀ ਹੈ, ਤਾਂ ਕਿ ਦੇਸ਼ ਅਤੇ ਪੰਜਾਬ ਦੀ ਰਾਜਨੀਤੀ ਵਿੱਚ ਉਨ੍ਹਾਂ ਨੂੰ ਕਾਂਗਰਸ ਦੀ ਇਸ ਗਲਤੀ ਤੋਂ ਹੋਰ ਲਾਭ ਮਿਲਦਾ ਰਹੇ। ਜਿਥੋਂ ਤੱਕ ਕਾਂਗਰਸ ਦੀ ਹਾਈਕਮਾਂਡ ਦਾ ਸੰਬੰਧ ਹੈ ਉਨ੍ਹਾਂ ਨੇ ਉਪਰੋਕਤ ਕਾਂਗਰਸੀ ਆਗੂਆਂ ਦੇ ਬਿਆਨਾਂ ਦੀ ਆਲੋਚਨਾ ਕੀਤੀ ਹੈ। ਕਾਂਗਰਸ ਦੇ ਵਰਤਮਾਨ ਪ੍ਰਧਾਨ ਮਲਿਕਅਰਜੁਨ ਖੜਗੇ ਨੇ ਕਿਹਾ ਹੈ ਕਿ ਜਿਨ੍ਹਾਂ ਮੁੱਦਿਆਂ 'ਤੇ ਕਾਫ਼ੀ ਸਮਾਂ ਪਹਿਲਾਂ ਕਾਂਗਰਸ ਇੱਕ ਸਟੈਂਡ ਲੈ ਚੁੱਕੀ ਹੈ, ਉਨ੍ਹਾਂ ਸੰਬੰਧੀ ਕਾਂਗਰਸ ਦੇ ਸੀਨੀਅਰ ਆਗੂਆਂ ਨੂੰ ਬਿਆਨਬਾਜ਼ੀ ਕਰਕੇ ਪਾਰਟੀ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ।

ਪਰ ਇਸ ਸੰਬੰਧ ਵਿੱਚ ਸਾਡੀ ਪਹਿਲਾਂ ਤੋਂ ਹੀ ਇਹ ਰਾਇ ਰਹੀ ਹੈ ਕਿ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ ਕਾਂਗਰਸ ਦੀ ਉਸ ਸਮੇਂ ਦੀ ਕੇਂਦਰ ਸਰਕਾਰ ਦੀ ਇੱਕ ਬਹੁਤ ਵੱਡੀ ਗਲਤੀ ਸੀ। ਜਿਸ ਤਰ੍ਹਾਂ ਹੁਣ ਉਪਰੋਕਤ ਦੋਵੇਂ ਕਾਂਗਰਸੀ ਸੀਨੀਅਰ ਆਗੂਆਂ ਦੇ ਬਿਆਨ ਆਏ ਹਨ, ਇਸੇ ਤਰ੍ਹਾਂ ਦੇਸ਼ ਦੇ ਹੋਰ ਵੀ ਬਹੁਤ ਸਾਰੇ ਸਾਬਕ ਫ਼ੌਜੀ ਅਧਿਕਾਰੀਆਂ, ਸਿਆਸਤਦਾਨਾਂ ਅਤੇ ਪੱਤਰਕਾਰਾਂ ਦੀ, ਉਸ ਸਮੇਂ ਤੋਂ ਹੀ ਇਹ ਰਾਇ ਸਾਹਮਣੇ ਆਉਂਦੀ ਰਹੀ ਹੈ ਕਿ ਸਾਕਾ ਨੀਲਾ ਤਾਰਾ ਨੂੰ ਟਾਲਿਆ ਜਾ ਸਕਦਾ ਸੀ ਅਤੇ ਹੋਰ ਸੁਚੱਜੇ ਢੰਗ ਨਾਲ ਦਰਬਾਰ ਸਾਹਿਬ ਸਮੂਹ ਨੂੰ ਖਾੜਕੂਆਂ ਤੋਂ ਖਾਲੀ ਕਰਵਾਇਆ ਜਾ ਸਕਦਾ ਸੀ। ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ ਦੇ ਪ੍ਰਤੀਕਰਮ ਵਜੋਂ ਹੀ ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਹੋਇਆ ਅਤੇ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਕਾਂਗਰਸ ਪਾਰਟੀ ਅਤੇ ਉਸ ਦੀ ਸਰਕਾਰ ਨੇ ਬੜੇ ਯੋਜਨਾਬੱਧ ਢੰਗ ਨਾਲ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਸਿੱਖ ਪੰਥ ਦੇ ਸਾਰੇ ਲੋਕਾਂ ਨੂੰ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਉਨ੍ਹਾਂ ਦਾ ਕਤਲੇਆਮ ਕਰਵਾਇਆ। ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਤਿੰਨ ਦਿਨ ਤੱਕ ਇਹ ਸਾੜ-ਫੂਕ ਤੇ ਹਿੰਸਾ ਦੀ ਭਿਆਨਕ ਖੇਡ ਜਾਰੀ ਰਹੀ। ਇਸ ਤਰ੍ਹਾਂ ਸਾਕਾ ਨੀਲਾ ਤਾਰਾ ਦੀ ਗਲਤੀ ਤੋਂ ਬਾਅਦ ਸਿੱਖ ਕਤਲੇਆਮ ਕਰਵਾ ਕੇ ਕਾਂਗਰਸ ਨੇ ਦੂਜੀ ਵੱਡੀ ਗਲਤੀ ਕਰ ਲਈ ਸੀ। ਇਸ ਤੋਂ ਬਾਅਦ ਸਿੱਖ ਭਾਈਚਾਰੇ ਵੱਲੋਂ ਅਤੇ ਸਿੱਖ ਭਾਈਚਾਰੇ ਦੇ ਸਮਰਥਕ ਦੇਸ਼ ਦੇ ਬੁੱਧੀਜੀਵੀਆਂ, ਵਕੀਲਾਂ ਅਤੇ ਸਿਆਸੀ ਆਗੂਆਂ ਵਲੋਂ ਪੀੜਤ ਸਿੱਖ ਭਾਈਚਾਰੇ ਨੂੰ ਇਨਸਾਫ਼ ਦਿਵਾਉਣ ਲਈ ਜਿੰਨੇ ਵੀ ਯਤਨ ਹੋਏ, ਉਨ੍ਹਾਂ ਸਭ ਨੂੰ ਕੇਂਦਰ ਵਿਚ ਸੱਤਾਧਾਰੀ ਕਾਂਗਰਸ ਪਾਰਟੀ ਤੇ ਉਸ ਦੀਆਂ ਵੱਖ-ਵੱਖ ਰਾਜ ਸਰਕਾਰਾਂ ਨੇ ਨਿਰੰਤਰ ਸਾਬੋਤਾਜ ਕੀਤਾ। ਸੱਚ ਨੂੰ ਸਾਹਮਣੇ ਆਉਣ ਤੋਂ ਰੋਕਿਆ। ਇਸ ਕਾਰਨ ਨਾ ਤਾਂ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ ਦੀ ਨਿਰਪੱਖ ਪੜਚੋਲ ਹੋ ਸਕੀ ਅਤੇ ਨਾ ਹੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਮੇਂ ਸਿਰ ਢੁਕਵੀਆਂ ਸਜ਼ਾਵਾਂ ਦਿਵਾਈਆਂ ਜਾ ਸਕੀਆਂ। ਦਹਾਕਿਆਂ ਤੱਕ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ ਅਤੇ ਸਿੱਖ ਕਤਲੇਆਮ ਦੀਆਂ ਘਟਨਾਵਾਂ ਪ੍ਰੇਸ਼ਾਨ ਕਰਦੀਆਂ ਰਹੀਆਂ ਅਤੇ ਉਹ ਬੇਗਾਨਗੀ ਦੇ ਆਲਮ ਵਿੱਚ ਵਿਚਰਦੇ ਰਹੇ। ਦਰਬਾਰ ਸਾਹਿਬ ਉਪਰ ਫ਼ੌਜੀ ਹਮਲਾ ਤੋਂ ਬਾਅਦ ਸ਼ਾਇਦ ਉਸ ਸਮੇਂ ਦੀ ਕੇਂਦਰੀ ਸਰਕਾਰ ਨੇ ਇਹ ਸੋਚਿਆ ਹੋਵੇਗਾ ਕਿ ਪੰਜਾਬ ਵਿਚੋਂ ਖਾੜਕੂਵਾਦ ਦਾ ਸਫ਼ਾਇਆ ਹੋ ਜਾਵੇਗਾ, ਪਰ ਹੋਇਆ ਇਹ ਕਿ ਸਾਕਾ ਨੀਲਾ ਤਾਰਾ ਤੋਂ ਬਾਅਦ ਰਾਜ ਦੀ ਸਥਿਤੀ ਹੋਰ ਗੰਭੀਰ ਹੋ ਗਈ। ਸਿੱਖ ਖਾੜਕੂਵਾਦ ਹੋਰ ਉਤੇਜਿਤ ਰੂਪ ਵਿੱਚ ਸਾਹਮਣੇ ਆਇਆ, ਜਿਸ ਤਰ੍ਹਾਂ ਕਿ ਅਸੀਂ ਉੱਪਰ ਲਿਖਿਆ ਹੈ, ਇਸ ਘਟਨਾਕ੍ਰਮ ਦੇ ਪ੍ਰਤੀਕਰਮ ਵਜੋਂ ਹੀ ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਹੋਇਆ ਸੀ ਅਤੇ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ ਸਮੇਂ ਦੇ ਫ਼ੌਜ ਦੇ ਮੁਖੀ ਜਰਨਲ ਵੈਦਿਆ ਨੂੰ ਵੀ ਮਾਰ ਦਿੱਤਾ ਗਿਆ ਸੀ। ਪੈਦਾ ਹੋਈ ਇਸ ਸਥਿਤੀ ਦਾ ਗੱਲਬਾਤ ਰਾਹੀਂ ਕੋਈ ਰਾਜਨੀਤਕ ਹੱਲ ਕੱਢਣ ਦੀ ਥਾਂ 'ਤੇ ਕੇਂਦਰ ਸਰਕਾਰ ਨੇ ਅਤੇ ਉਸ ਦੇ ਪੰਜਾਬ ਦੇ ਪ੍ਰਸ਼ਾਸਨਾਂ ਨੇ ਸੁਰੱਖਿਆ ਦਲਾਂ ਦੇ ਜ਼ੋਰ 'ਤੇ ਇਸ ਮਸਲੇ ਦਾ ਫ਼ੌਜੀ ਹੱਲ ਪੰਜਾਬ 'ਤੇ ਠੋਸਣ ਦਾ ਯਤਨ ਕੀਤਾ। ਇਸ ਨਾਲ ਰਾਜ ਵਿੱਚ ਹਿੰਸਾ ਹੋਰ ਵਿਆਪਕ ਹੋ ਗਈ, ਇਸ ਵਿੱਚ ਵੱਡੀ ਪੱਧਰ 'ਤੇ ਪੁਲਿਸ ਨੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਸਿੱਖ ਨੌਜਵਾਨਾਂ ਨੂੰ ਮਾਰਿਆ। ਦੂਜੇ ਪਾਸੇ ਖਾੜਕੂਆਂ ਦੇ ਨਾਂਅ 'ਤੇ ਵਿਚਰਨ ਵਾਲੇ ਸਿੱਖ ਨੌਜਵਾਨਾਂ ਨੇ ਵੀ ਵੱਡੀ ਪੱਧਰ 'ਤੇ ਲੋਕਾਂ ਦੀਆਂ ਜਾਨਾਂ ਲਈਆਂ, ਜਿਨ੍ਹਾਂ ਵਿੱਚ ਬਹੁਤ ਸਾਰੇ ਨਿਰਦੋਸ਼ ਲੋਕ ਵੀ ਸ਼ਾਮਿਲ ਸਨ।

# ਚੌਣਾਂਵੀ ਰਿਸ਼ਵਤ ਬਨਾਮ ਮੁਫ਼ਤ ਸੁਵਿਧਾਵਾਂ



ਗੁਰਮੀਤ ਸਿੰਘ ਪਲਾਹੀ

ਨਵੰਬਰ 2025 'ਚ ਬਿਹਾਰ 'ਚ ਵਿਧਾਨ ਸਭਾ ਚੋਣਾਂ ਹਨ। ਬਿਹਾਰ ਹੀ ਨਹੀਂ, ਸਮੁੱਚਾ ਦੇਸ਼ ਬਿਹਾਰ ਚੋਣਾਂ ਨੂੰ ਉਤਸੁਕਤਾ ਨਾਲ ਵੇਖ ਰਿਹਾ ਹੈ। ਬਿਹਾਰ ਦੇ ਬੈਂਕ ਖ਼ਾਤਿਆਂ 'ਚ ਬਹਾਰ ਵੇਖਣ ਨੂੰ ਮਿਲ ਰਹੀ ਹੈ। ਬਿਹਾਰ 'ਚ ਸੱਤਾਧਾਰੀਆਂ ਨੇ ਮੁਫ਼ਤ ਸੌਗਾਤਾਂ ਵੰਡਣ ਦਾ ਜਿਵੇਂ ਮੀਂਹ ਵਰ੍ਹਾ ਦਿੱਤਾ ਹੈ।


ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਸ ਵਚਨ, ਕਥਨ ਦੇ, ਜੋ ਉਹਨਾਂ ਅਕਤੂਬਰ 2022 ਦੀਆਂ ਮੱਧ ਪ੍ਰਦੇਸ਼ ਦੀਆਂ ਚੋਣਾਂ 'ਚ ਆਪਣੇ ਮੁਖਾਰਬਿੰਦ ਤੋਂ ਉਚਰਿਆ ਸੀ ਕਿ ਰਿਉੜੀਆਂ ਵੰਡਣਾ ਖ਼ਤਰਨਾਕ ਪ੍ਰਵਿਰਤੀ ਹੈ। ਉਹਨਾਂ ਨੇ 62,000 ਕਰੋੜ ਰੁਪਏ ਦੀ ਲਾਗਤ ਵਾਲੀਆਂ ਨੌਜਵਾਨਾਂ ਵਾਸਤੇ ਵੱਖੋ-ਵੱਖਰੀਆਂ ਪਹਿਲਾਂ ਦਾ 'ਸ਼ੁਭ ਆਰੰਭ' ਕੀਤਾ। ਜਿਸਦਾ ਤੁਰੰਤ ਲਾਭ ਚੋਣਾਂ 'ਚ ਹੋਏਗਾ। ਮੌਜੂਦਾ ਬਿਹਾਰ ਸਰਕਾਰ ਨੇ ਇੱਕ ਕਰੋੜ ਬਿਹਾਰੀ ਔਰਤਾਂ ਲਈ ਨਕਦ ਰਾਸ਼ੀ, ਗਰੈਜੂਏਟਾਂ ਲਈ 1000 ਰੁਪਏ ਮਾਸਿਕ ਭੱਤਾ, ਨਿਰਮਾਣ ਮਜ਼ਦੂਰਾਂ ਲਈ 5000 ਰੁਪਏ ਅਤੇ ਸਾਰੇ ਘਰਾਂ ਲਈ 125 ਯੂਨਿਟ ਮੁਫ਼ਤ ਬਿਜਲੀ ਦੇਣ ਦਾ ਐਲਾਨ ਕੀਤਾ ਅਤੇ ਬਜ਼ੁਰਗਾਂ ਨੂੰ ਦਿੱਤੀ ਜਾਣ ਵਾਲੀ ਪੈਨਸ਼ਨ 'ਚ ਚੋਖਾ ਵਾਧਾ ਕੀਤਾ। ਚੋਣਾਂ ਤੋਂ ਪਹਿਲਾਂ ਸੁਗਾਤਾਂ ਕੀ ਨੈਤਿਕ ਤੌਰ 'ਤੇ ਠੀਕ ਹਨ?

ਭਾਜਪਾ ਆਪਣੇ ਡਿਗਦੇ ਵਕਾਰ ਦੀ ਪੂਰਤੀ ਲਈ ਪਿਛਲੇ ਕੁਝ ਸਾਲਾਂ ਤੋਂ ਗਰੀਬ ਵੋਟਰਾਂ ਨੂੰ ਭਰਮਾਕੇ ਜਿੱਤ ਆਸਾਨ ਬਣਾ ਰਹੀ ਹੈ। ਪਿਛਲੇ ਤਿੰਨ ਸਾਲਾਂ ਵਿੱਚ ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ, ਹਰਿਆਣਾ ਅਤੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 'ਚ ਰਿਉੜੀਆਂ ਵੰਡ ਕੇ ਹੀ ਇਸਨੇ ਸਫ਼ਲਤਾ ਹਾਸਿਲ ਕੀਤੀ। ਭਾਵੇਂ ਕਿ ਮੱਧ ਪ੍ਰਦੇਸ਼ 'ਚ ਖ਼ਾਸ ਕਰਕੇ ਆਰੰਭੀਆਂ ਯੋਜਨਾਵਾਂ ਦੀ ਚੋਣਾਂ ਤੋਂ ਦੋ ਵਰ੍ਹੇ ਬਾਅਦ ਜਿਵੇਂ ਫੂਕ ਹੀ ਨਿਕਲ ਗਈ ਹੈ।

ਲੋਕਤੰਤਰ ਵਿੱਚ ਸਿਆਸੀ ਸ਼ਕਤੀ ਪ੍ਰਦਰਸ਼ਨ ਲਈ ਜੋ ਇੱਕ ਨਵੀਂ ਚੁਣੌਤੀ ਉਭਰ ਰਹੀ ਹੈ, ਉਹ ਰਿਉੜੀਆਂ ਵੰਡਣ ਦੀ ਘੋਸ਼ਣਾ ਅਤੇ ਉਸਨੂੰ ਤੁਰੰਤ ਲਾਗੂ ਕਰਨਾ ਹੈ ਅਤੇ ਇਹ ਚੁਣੌਤੀ ਹਰ ਚੋਣ ਵੇਲੇ ਵਧਦੀ ਜਾ ਰਹੀ ਹੈ।

ਸੂਬਾ ਅਤੇ ਕੇਂਦਰ 'ਚ ਹਾਕਮ ਧਿਰਾਂ ਵਿਰੋਧੀ ਦਲਾਂ ਦੇ ਮੁਕਾਬਲੇ ਚੋਣਾਂ ਦੌਰਾਨ ਮੁਫ਼ਤ ਤੋਹਫੇ ਵੰਡਣ 'ਚ ਅੱਵਲ ਹਨ। ਹਾਕਮ ਧਿਰ ਸਰਵਜਨਕ ਧਨ ਅਤੇ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਲਿਆਣਕਾਰੀ ਪ੍ਰੋਗਰਾਮ ਸ਼ੁਰੂ ਕਰਨ ਦਾ ਮੌਜੂਦਾ ਪ੍ਰੋਗਰਾਮਾਂ ਦਾ ਫੈਲਾਅ ਕਰਨ ਲਈ ਕਰ ਸਕਦਾ ਹੈ ਅਤੇ ਤੁਰੰਤ ਲਾਗੂ ਵੀ ਕਰ ਸਕਦਾ ਹੈ। ਇਸ ਮਾਮਲੇ 'ਚ ਵਿਰੋਧੀ ਧਿਰ ਫਾਡੀ ਰਹਿੰਦੀਆਂ ਹਨ, ਕਿਉਂਕਿ ਉਹਨਾਂ ਕੋਲ ਸਾਧਨ ਸੀਮਤ ਹਨ ਅਤੇ ਦੇਸ਼ 'ਚ ਭਾਜਪਾ ਸਰਕਾਰ ਹੈ, ਜਿਹੜੀ ਹਰ ਚੋਣ ਵੇਲੇ ਵੱਡੀਆਂ ਸੌਗਾਤਾਂ ਐਲਾਨਦੀ ਹੈ। ਨਵੇਂ ਪ੍ਰਾਜੈਕਟਾਂ ਦਾ ਉਦਘਾਟਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਰਦੇ ਹਨ।

ਕਲਿਆਣਕਾਰੀ ਯੋਜਨਾਵਾਂ ਜਿਹਨਾਂ ਵਿੱਚ ਮੁਫ਼ਤ, ਨਕਦ ਰਾਸ਼ੀ ਵੰਡਣਾ, ਕਰਜ਼ਾ ਮੁਆਫ਼ੀ ਅਤੇ ਗੈਸ ਸਿਲੰਡਰ ਦੇਣਾ, ਲਾਡਲੀ ਬਹਿਨਾ ਯੋਜਨਾ ਦੀ ਮਦਦ ਨਾਲ ਹਾਕਮਾਂ ਨੇ 2023 'ਚ ਮੱਧ ਪ੍ਰਦੇਸ਼ ਜਿੱਤਿਆ। ਮਹਾਰਾਸ਼ਟਰ 'ਚ ਮੌਜੂਦਾ ਸਰਕਾਰ ਨੇ ਵਿਧਾਨ ਸਭਾ ਚੋਣਾਂ ਵੇਲੇ ਨਕਦ ਰਾਸ਼ੀ ਵੰਡ ਜਰੀਏ 18,225 ਕਰੋੜ ਰੁਪਏ ਲੋਕਾਂ ਨੂੰ ਵੰਡੇ।



ਹਰਿਆਣਾ 'ਚ 5000 ਕਰੋੜ, ਮਹਾਰਾਸ਼ਟਰਾ 'ਚ 36000 ਕਰੋੜ ਦੀਆਂ ਯੋਜਨਾਵਾਂ ਦੀ ਘੋਸ਼ਣਾ ਕੀਤੀ ਗਈ। ਕੁੱਲ ਮਿਲਾਕੇ 70,000 ਕਰੋੜ ਦੀਆਂ ਹਨ ਇਹ ਯੋਜਨਾਵਾਂ। ਇਹ ਯੋਜਨਾਵਾਂ ਰਾਜਗ (ਭਾਜਪਾ ਅਤੇ ਭਾਈਵਾਲਾਂ) ਵੱਲੋਂ ਦਿੱਤੀਆਂ ਗਈਆਂ ਜਦ ਕਿ ਵਿਰੋਧੀ ਦਲ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਵੀ ਪੰਜਾਬ, ਹਿਮਾਚਲ ਪ੍ਰਦੇਸ਼, ਕਰਨਾਟਕ ਅਤੇ ਤਿਲੰਨਗਾਣਾ ਆਦਿ ਵਿੱਚ ਇਸ ਤਰ੍ਹਾਂ ਦੀਆਂ ਯੋਜਨਾਵਾਂ ਚਲਾ ਰਹੇ ਹਨ। ਰਾਜਸਥਾਨ, ਛੱਤੀਸਗੜ੍ਹ ਅਤੇ ਤਿਲੰਨਗਾਣਾ ਵਿੱਚ ਤਤਕਾਲੀ ਸੱਤਾਧਾਰੀਆਂ ਨੇ ਰਿਉੜੀਆਂ ਵੰਡੀਆਂ ਪਰ ਉਹ ਚੋਣਾਂ 'ਚ ਜਿੱਤ ਨਾ ਸਕੇ।

2010 ਸਾਲ ਰਿਉੜੀਆਂ ਵੰਡਣ ਲਈ ਮਹੱਤਵਪੂਰਨ ਗਿਣਿਆ ਜਾਂਦਾ ਹੈ, ਕਿਉਂਕਿ ਉਸ ਵੇਲੇ ਇਹ ਤੋਹਫੇ ਵੰਡਣਾ ਤਮਿਲਨਾਡੂ ਅਤੇ ਆਂਧਰਾ ਪ੍ਰਦੇਸ਼ (ਦੱਖਣ ਵਿੱਚ) ਸ਼ੁਰੂ ਹੋਇਆ, ਜਿੱਥੇ ਮੁਫ਼ਤ ਲੈਪਟਾਪ ਜਾਂ ਸੋਨਾ ਵੰਡਣ ਦੀ ਪਰੰਪਰਾ ਸ਼ੁਰੂ ਹੋਈ।

ਮੁਫ਼ਤ ਰਿਉੜੀਆਂ ਅਰਥਾਤ ਚੋਣਾਂ ਦੇ ਉਪਹਾਰ ਨੂੰ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਨਵੀਆਂ ਉਚਾਈਆਂ 'ਤੇ ਪਹੁੰਚਾਇਆ। ਇੱਕ ਪਾਸੇ ਅਰਥ ਸ਼ਾਸਤਰੀ ਅਤੇ ਨੀਤੀਵੇਤਾ 'ਰਿਉੜੀ ਵੰਡ' ਦੀ ਸਖ਼ਤ ਆਲੋਚਨਾ ਕਰਦੇ ਹਨ, ਜਦ ਕਿ ਨੇਤਾ ਲੋਕ ਵੋਟਰਾਂ ਲਈ ਇਹੋ ਜਿਹੀਆਂ ਮੁਫ਼ਤ ਸੁਵਿਧਾਵਾਂ ਦੇਣ ਦੀ ਵਕਾਲਤ ਕਰਦੇ ਹਨ, ਕਿਉਂਕਿ ਇਸ ਨਾਲ ਉਹਨਾਂ ਦਾ ਵੋਟ ਬੈਂਕ ਵਧਦਾ ਹੈ।

ਸਿਆਸੀ ਧਿਰਾਂ ਵੱਲੋਂ ਆਰੰਭੀ ਮੁਫ਼ਤ ਉਪਹਾਰਾਂ ਦੀ ਭੇਡ-ਚਾਲ ਕਲਿਆਣਕਾਰੀ ਯੋਜਨਾਵਾਂ ਸਿਹਤ ਸੇਵਾ, ਸਿੱਖਿਆ, ਬੁਨਿਆਦੀ ਢਾਂਚੇ ਅਤੇ ਵਿਕਾਸ ਦੀਆਂ ਯੋਜਨਾਵਾਂ ਉੱਤੇ ਉਲਟ ਅਸਰ ਪਾਉਂਦੀਆਂ ਹਨ। ਇਹ ਯੋਜਨਾਵਾਂ ਜਿੱਥੇ ਬਜਟ 'ਤੇ ਸੰਕਟ ਪਾਉਂਦੀਆਂ ਹਨ, ਉੱਥੇ ਲੋੜੋਂ ਵੱਧ ਖਰਚੇ ਦਾ ਕਾਰਨ ਵੀ ਬਣਦੀਆਂ ਹਨ।

ਦਿੱਲੀ ਸਥਿਤ ਇੱਕ ਐਨ.ਜੀ.ਓ. ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਦੇ ਅਨੁਸਾਰ 42 ਫ਼ੀਸਦੀ ਤੋਂ ਜਿਆਦਾ ਵੋਟਰ ਕਿਸੇ ਵਿਸ਼ੇਸ਼ ਉਮੀਦਵਾਰ ਨੂੰ ਵੋਟ ਦੇਣ ਦੇ ਪਿੱਛੇ ਉਮੀਦਵਾਰ ਵੱਲੋਂ ਕਲਿਆਣਕਾਰੀ ਯੋਜਨਾਵਾਂ ਦਾ ਲਾਹਾ ਲੈਣ ਦੀ ਥਾਂ ਨਕਦੀ ਸ਼ਰਾਬ ਅਤੇ ਮੁਫ਼ਤ ਤੋਹਫਿਆਂ ਨੂੰ ਤਰਜੀਹ ਦਿੰਦੇ ਹਨ।

ਰਾਜ ਦੇ ਧਨ ਦਾ ਵੱਡਾ ਹਿੱਸਾ ਚੁੱਕੇ ਹੋਏ ਕਰਜ਼ੇ ਦਾ ਭੁਗਤਾਨ ਕਰਨ, ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਸਬਸਿਡੀਆਂ, ਸਿਹਤ ਸਿੱਖਿਆ, ਸਮਾਜ ਸੁਰੱਖਿਆ ਅਜਿਹੀਆਂ ਯੋਜਨਾਵਾਂ 'ਤੇ ਖ਼ਰਚਿਆ ਜਾਂਦਾ ਹੈ। ਕਾਫ਼ੀ ਹਿੱਸਾ ਮੁਫ਼ਤ ਯੋਜਨਾਵਾਂ 'ਤੇ ਚਲਿਆ ਜਾਂਦਾ ਹੈ।

ਕਿਆਸ ਕਰੋ ਦਿੱਲੀ ਦੇ 47 ਲੱਖ ਉਪਭੋਗਤਾਵਾਂ ਨੂੰ ਬਿਜਲੀ ਸਬਸਿਡੀ ਮਿਲਦੀ ਸੀ, ਜਿਸ ਵਿੱਚੋਂ 30 ਲੱਖ ਲੋਕਾਂ ਨੂੰ ਪੂਰੀ ਤਰ੍ਹਾਂ ਮੁਫ਼ਤ ਬਿਜਲੀ ਦਿੱਤੀ ਜਾਂਦੀ ਸੀ ਅਤੇ 17 ਲੱਖ ਲੋਕ ਅੱਧਾ ਬਿੱਲ ਦਿੰਦੇ ਸਨ। ਜਿਸ ਦੀ ਵੱਧ ਤੋਂ ਵੱਧ ਰਾਸ਼ੀ 800 ਰੁਪਏ ਸੀ। ਪੰਜਾਬ ਵਿੱਚ ਵੀ ਬਿਜਲੀ ਸੁਵਿਧਾ ਮੁਫ਼ਤ ਹੈ ਤੇ ਔਰਤਾਂ ਲਈ ਸਰਕਾਰੀ ਬੱਸ ਸਫਰ ਮੁਫ਼ਤ ਹੈ। ਇਸ ਉੱਤੇ ਰਾਜ ਦੇ ਸਰਕਾਰੀ ਖਜ਼ਾਨੇ ਦਾ 16 ਫ਼ੀਸਦੀ ਤੋਂ ਜਿਆਦਾ ਖਰਚ ਹੁੰਦਾ ਹੈ।

ਚੋਣਾਂ ਵਿੱਚ ਮੁਫ਼ਤ ਰਿਉੜੀਆਂ ਵੰਡਣਾ ਲਗਾਤਾਰ ਵੱਧ ਰਿਹਾ ਹੈ। ਖ਼ਾਸ ਕਰਕੇ ਉਨ੍ਹਾਂ ਸੂਬਿਆਂ 'ਚ ਵੱਧ ਜਿੱਥੇ ਅਨਪੜ੍ਹ, ਗਰੀਬ, ਹੱਕਾਂ ਪ੍ਰਤੀ ਨਾ-ਜਾਗਰੂਕ ਲੋਕਾਂ ਦੀ ਗਿਣਤੀ ਵੱਧ ਹੈ। ਯਕੀਨ ਕਰਨਾ ਮੁਸ਼ਕਿਲ ਹੈ ਪਰ ਇਹ ਸੱਚ ਸੀ ਕਿ ਬਿਹਾਰ ਆਰਥਿਕ ਤੌਰ 'ਤੇ ਕਰਨਾਟਕ ਅਤੇ ਗੁਜਰਾਤ ਤੋਂ ਵੀ ਅੱਗੇ ਸੀ। ਇਹ ਗੱਲ 1960 ਦੇ ਦਹਾਕੇ ਦੀ ਹੈ। ਪਰ ਵੱਡਾ ਸੱਚ ਅੱਜ ਇਹ ਹੈ ਕਿ ਬਿਹਾਰ ਹੁਣ ਦੇਸ਼ ਦਾ ਸਭ ਤੋਂ ਗਰੀਬ ਸੂਬਾ ਹੈ। ਜਿੱਥੇ ਵੋਟਾਂ ਦੀ ਖ਼ਰੀਦੋ-ਫ਼ਰੋਖਤ, ਧੱਕੇ-ਧੌਂਸ ਨਾਲ ਵੋਟਾਂ ਤਾਂ ਲਈਆਂ ਹੀ ਜਾਂਦੀਆਂ ਹਨ, ਜਾਤ ਦੇ ਨਾਮ 'ਤੇ ਵੋਟਾਂ ਤਾਂ ਪੈਂਦੀਆਂ ਹੀ ਹਨ। ਉੱਥੇ ਲੋਕਾਂ ਨੂੰ ਭਰਮਾਉਣ ਲਈ ਰਿਉੜੀਆਂ ਵੰਡਣਾ ਅਤੇ ਪ੍ਰਾਪਤ ਕਰਨਾ ਆਮ ਗੱਲ ਹੈ।

ਮੁਫ਼ਤ ਤੋਹਫਿਆਂ ਦਾ ਅਸਰ ਚੋਣ ਨਤੀਜਿਆਂ 'ਤੇ ਪੈਣਾ ਸੁਭਾਵਿਕ ਹੈ। ਮਹਾਰਾਸ਼ਟਰ ਵਿੱਚ 'ਮਾਝੀ ਲੜਕੀ ਬਹਿਨ ਯੋਜਨਾ' ਹਾਕਮਾਂ ਲਈ ਫ਼ਾਇਦੇਮੰਦ ਸਾਬਤ ਹੋਈ। ਔਰਤਾਂ ਦੀਆਂ ਲੰਮੀਆਂ ਕਤਾਰਾਂ ਨੇ ਇਹ ਸਾਫ਼ ਕਰ ਦਿੱਤਾ ਕਿ ਪੇਂਡੂ ਖੇਤਰਾਂ ਵਿੱਚ ਭਾਰੀ ਗਿਣਤੀ 'ਚ ਔਰਤਾਂ ਵੋਟ ਬੂਥਾਂ 'ਚ ਵੋਟ ਦੇਣ ਪੁੱਜੀਆਂ।

(ਬਾਕੀ ਸਫ਼ਾ 26 'ਤੇ)

# ਕੀ ਅੰਕੜਿਆਂ ਤੱਕ ਸੀਮਿਤ ਹੋ ਗਈ ਹੈ ਮਿਆਰੀ ਸਿੱਖਿਆ ?

ਗੁਰਪ੍ਰੀਤ ਸਿੰਘ ਮੰਡ

ਸਿੱਖਿਆ ਮਨੁੱਖ ਨੂੰ ਵਿਚਾਰਵਾਨ ਬਣਾਉਂਦੀ ਹੈ ਅਤੇ ਵਿਚਾਰ ਜੀਵਨ ਨੂੰ ਦਿਸ਼ਾ ਦਿੰਦੇ ਹਨ। ਸਿੱਖਿਆ ਆਤਮ-ਵਿਸ਼ਵਾਸ ਦੀ ਜਨਨੀ ਅਤੇ ਮਨੁੱਖ ਦੇ ਸਰਵਪੱਖੀ ਵਿਕਾਸ ਦਾ ਆਧਾਰ ਹੈ, ਜਿਸ ਨੂੰ ਗ੍ਰਹਿਣ ਕਰ ਕੇ ਮਨੁੱਖ ਆਪਣੇ ਜੀਵਨ ਦਾ ਹਰ ਰਾਹ ਰੌਸ਼ਨ ਕਰਦਾ ਹੈ। ਇਹ ਵਿਚਾਰ ਤਾਂ ਹੀ ਸੱਚ ਸਾਬਿਤ ਹੁੰਦੇ ਹਨ, ਜੇ ਸਿੱਖਿਆ ਮਿਆਰੀ ਅਤੇ ਯੋਗ ਅਗਵਾਈ ਹੇਠ ਪ੍ਰਾਪਤ ਕੀਤੀ ਹੋਵੇ। ਸਿੱਖਿਅਤ ਮਨੁੱਖਾਂ ਦੁਆਰਾ ਸਿਰਜਿਤ ਸਮਾਜ ਕਿਸੇ ਬਾਹਰੀ ਦਿਖਾਵੇ ਦਾ ਮੁਥਾਜ ਨਹੀਂ ਹੁੰਦਾ, ਇਹ ਆਪਣੀ ਗਵਾਹੀ ਆਪ ਭਰਦਾ ਹੈ। ਵਰਤਮਾਨ ਸਮੇਂ ਵਿੱਚ ਵਿਕਾਸ ਦੀ ਦੌੜ ਨੇ ਸਮਾਜ ਦੇ ਵੱਖ-ਵੱਖ ਖੇਤਰਾਂ ਵਿਚਲੇ ਵਿਕਾਸ ਨੂੰ ਮਾਪਣ ਲਈ ਕਈ ਤਰ੍ਹਾਂ ਦੇ ਅੰਕੜਿਆਂ ਰੂਪੀ ਪੈਮਾਨੇ ਤੈਅ ਕਰ ਦਿੱਤੇ ਹਨ; ਸਿੱਖਿਆ ਵੀ ਇਸ ਘੇਰੇ ਦੀ ਮੁੱਖ ਮਦ ਬਣ ਗਈ ਹੈ। ਅੰਕੜਿਆਂ ਦੀ ਇਸ ਦੌੜ ਵਿੱਚ ਹਕੀਕਤ ਨਾਲੋਂ ਦਿਖਾਵਾ ਭਾਰੂ ਹੋਣਾ ਸੁਭਾਵਿਕ ਹੈ। ਸਿੱਖਿਆ ਦੇ ਖੇਤਰ ਦਾ ਇਹ ਵਰਤਾਰਾ ਸਮਾਜ ਲਈ ਘਾਤਕ ਸਿੱਧ ਹੋਣਾ ਲਾਜ਼ਮੀ ਹੈ।

2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਮੁਲਕ ਦੀ ਆਬਾਦੀ 121 ਕਰੋੜ ਦੇ ਲਗਭਗ ਸੀ। ਉਸ ਸਮੇਂ ਮੁਲਕ ਦੀ ਸਾਖਰਤਾ ਦਰ 74% ਸੀ, ਜਿਸ ਵਿੱਚ ਮਰਦਾਂ ਦਾ 82.14 ਅਤੇ ਔਰਤਾਂ ਦਾ 65.46% ਹਿੱਸਾ ਸੀ। ਹੁਣ ਮੁਲਕ ਦੀ ਆਬਾਦੀ ਦਾ ਅੰਕੜਾ 146 ਕਰੋੜ ਨੂੰ ਛੂਹ ਗਿਆ ਹੈ ਅਤੇ ਇਹ ਗੁਆਂਢੀ ਮੁਲਕ ਚੀਨ ਨੂੰ ਪਛਾੜ ਕੇ ਸੰਸਾਰ ਦਾ ਸਭ ਤੋਂ ਵੱਧ ਆਬਾਦੀ ਵਾਲਾ ਮੁਲਕ ਬਣ ਗਿਆ ਹੈ। ਨੈਸ਼ਨਲ ਸੈਂਪਲ ਸਰਵੇ ਦੀ 2023-24 ਦੀ ਰਿਪੋਰਟ ਅਨੁਸਾਰ ਹੁਣ ਮੁਲਕ ਦੀ ਸਾਖਰਤਾ ਦਰ 80.9% ਹੈ, ਜਿਸ ਵਿੱਚ ਆਦਮੀਆਂ ਦਾ 84.7 ਅਤੇ ਔਰਤਾਂ ਦਾ 70.3% ਹਿੱਸਾ ਹੈ। ਨਵੀਂ ਸਿੱਖਿਆ ਨੀਤੀ-2020 ਅਨੁਸਾਰ, 2030 ਤੱਕ ਸਕੂਲਾਂ ਵਿੱਚ 100% ਦਾਖਲੇ ਯਕੀਨੀ ਬਣਾਉਣ ਅਤੇ 'ਵਿਕਸਤ ਭਾਰਤ' ਪ੍ਰੋਗਰਾਮ ਤਹਿਤ ਭਾਰਤ ਸਰਕਾਰ ਦੁਆਰਾ 2032 ਤੱਕ 100% ਸਾਖਰਤਾ ਦਰ ਦਾ ਟੀਚਾ ਮਿਥਿਆ ਹੈ। ਇਨ੍ਹਾਂ 'ਅੰਕੜਿਆਂ ਦੀ ਉਚਾਈ' ਲਗਾਤਾਰ ਵਧ ਰਹੀ ਜੋ ਸਿੱਖਿਆ ਵੱਲ ਪਹੁੰਚ ਵਿੱਚ ਸਥਿਰ ਵਿਕਾਸ ਦੇ ਨੀਤੀਗਤ ਫੈਸਲਿਆਂ ਨੂੰ ਦਰਸਾਉਂਦੀ ਹੈ। ਉਪਰੋਕਤ ਟੀਚੇ ਚੁਣੌਤੀ ਭਰਪੂਰ ਹਨ ਕਿਉਂਕਿ ਪੀਰੀਆਡਿਕ ਲੇਬਰ ਫੋਰਸ ਸਰਵੇ ਦੇ ਅੰਕੜਿਆਂ ਨੇ ਸਾਖਰਤਾ ਦੇ ਖੇਤਰ ਵਿੱਚ ਲਿੰਗਕ ਤੇ ਖੇਤਰੀ ਅਸਮਾਨਤਾਵਾਂ ਨੂੰ ਉਭਾਰਿਆ ਹੈ ਅਤੇ ਸਿੱਖਣ ਦੇ ਮੌਕਿਆਂ ਵਿੱਚ ਅਸਾਵਾਂਪਣ ਦਰਸਾਇਆ ਹੈ।

ਭਾਰਤ ਵਿੱਚ ਸੱਤ ਸਾਲ ਜਾਂ ਇਸ ਤੋਂ ਵੱਧ ਉਮਰ ਦੇ ਨਾਗਰਿਕ, ਜੋ ਸਮਝ ਨਾਲ ਲਿਖਣ ਅਤੇ ਪੜ੍ਹਨ ਦੇ ਯੋਗ ਹਨ; ਭਾਵ, ਜੋ ਸ਼ਖ਼ਸ ਸਮਝ ਸਕਦਾ ਹੈ ਕਿ ਉਹ ਕੀ ਲਿਖ ਤੇ ਪੜ੍ਹ ਰਿਹਾ ਹੈ, ਉਸ ਨੂੰ ਸਾਖਰ ਜਾਂ ਸਿੱਖਿਅਤ ਮੰਨਿਆ ਗਿਆ ਹੈ। ਇਹ ਯੋਗਤਾ ਕਿਸੇ ਖਾਸ



ਭਾਸ਼ਾ ਨੂੰ ਨਿਰਧਾਰਤ ਨਹੀਂ ਕਰਦੀ, ਭਾਸ਼ਾ ਕੋਈ ਵੀ ਹੋ ਸਕਦੀ ਹੈ। ਸਾਖਰਤਾ ਬਾਰੇ ਮੁਲਕ ਦੀ ਨੀਤੀਗਤ ਸਮਝ ਉਪਰੋਕਤ ਵਿਚਾਰ ਦੇ ਇਰਦ-ਗਿਰਦ ਹੀ ਘੁੰਮ ਰਹੀ ਹੈ ਅਤੇ ਸਿੱਖਿਆ ਦੇ ਅਸਲੀ ਅਰਥ ਗੰਭੀਰ ਸੂਝ-ਬੂਝ, ਸੋਚ-ਵਿਚਾਰ ਤੇ ਵਿਸ਼ਾਲ ਨਜ਼ਰੀਏ ਦੀ ਧਾਰਨੀ ਸਿੱਖਿਅਤ ਸ਼ਖ਼ਸੀਅਤ ਦੀ ਘਾੜਤ ਘੜਨਾ ਅਜੇ ਇਸ ਵਿੱਚ ਸ਼ਾਮਿਲ ਕਰਨਾ ਬਾਕੀ ਹੈ। ਨਵੀਂ ਸਿੱਖਿਆ ਨੀਤੀ ਸਿੱਖਿਆ ਦੇ ਖੇਤਰ 'ਚ ਠੋਸ ਸੁਧਾਰਾਂ ਦਾ ਹੋਕਾ ਦਿੰਦੀ ਹੈ, ਪਰ ਵਿਵਾਦ ਦਾ ਵਿਸ਼ਾ ਬਣੀ ਹੋਈ ਹੈ।

ਸਮਾਜਿਕ ਵਿਕਾਸ ਦੇ ਕੁਝ ਖੇਤਰਾਂ ਦਾ ਵਿਕਾਸ ਮਾਪਣ ਲਈ ਅੰਕੜਿਆਂ ਦੇ ਗਿਣਾਤਮਕ ਤੇ ਗੁਣਾਤਮਕ, ਦੋਹਾਂ ਪਹਿਲੂਆਂ ਦਾ ਸਮਤੋਲ ਜ਼ਰੂਰੀ ਹੁੰਦਾ ਹੈ, ਪਰ ਸਿੱਖਿਆ ਦੇ ਖੇਤਰ ਵਿੱਚ ਗਿਣਾਤਮਕਤਾ ਨਾਲੋਂ ਗੁਣਾਤਮਕਤਾ ਵਧੇਰੇ ਲੋੜੀਂਦਾ ਹੈ। ਪ੍ਰਥਮ ਫਾਊਂਡੇਸ਼ਨ, ਜਿਸ ਨੇ 29 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚਲੇ ਕੁੱਲ 605 ਜ਼ਿਲ੍ਹਿਆਂ ਦੇ 15,728 ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ 6 ਤੋਂ 14 ਸਾਲ ਅਤੇ ਹੋਰ ਵੱਖ-ਵੱਖ ਉਮਰ ਵਰਗ ਦੇ ਲਗਭਗ 6.49 ਲੱਖ ਵਿਦਿਆਰਥੀਆਂ ਨੂੰ ਆਧਾਰ ਬਣਾ ਕੇ ਸਿੱਖਿਆ ਦੇ ਮਿਆਰਾਂ, ਦਾਖਲਿਆਂ, ਹਾਜ਼ਰੀਆਂ ਅਤੇ ਸਿੱਖਿਆ ਨਾਲ ਸਬੰਧਿਤ ਹੋਰ ਅਨੇਕ ਪਹਿਲੂਆਂ ਸਬੰਧੀ ਕੀਤੇ ਸਰਵੇਖਣ ਦੀ ਜਨਵਰੀ 2024 ਵਾਲੀ ਰਿਪੋਰਟ ਸਿੱਖਿਆ ਦੇ ਮਿਆਰ ਪ੍ਰਤੀ ਉਚੇਚਾ ਧਿਆਨ ਖਿੱਚਦੀ ਹੈ। ਸਰਵੇਖਣ ਵਿੱਚ ਦੂਜੀ ਜਮਾਤ ਦੀ ਕਿਤਾਬ ਪੜ੍ਹ ਸਕਣ ਦੀ ਯੋਗਤਾ ਅਤੇ ਅੰਕ ਗਣਿਤ 'ਚ ਸਮਰੱਥਾ ਆਂਕੀ ਗਈ। ਰਿਪੋਰਟ ਅਨੁਸਾਰ, ਮੁਲਕ ਦੀ ਔਸਤ ਦਰ ਮੁਤਾਬਿਕ ਸਰਕਾਰੀ ਸਕੂਲਾਂ ਦੇ ਅੱਠਵੀਂ ਜਮਾਤ ਦੇ 32.5%, ਪੰਜਵੀਂ ਦੇ 55.2 ਅਤੇ ਤੀਜੀ ਜਮਾਤ ਦੇ 76.4% ਬੱਚੇ ਦੂਜੀ ਜਮਾਤ ਦੀ ਮਾਤ ਭਾਸ਼ਾ ਦੀ ਕਿਤਾਬ ਨਹੀਂ ਪੜ੍ਹ ਸਕਦੇ। ਗਣਿਤ ਵਿੱਚ ਅੱਠਵੀਂ ਜਮਾਤ ਦੇ 54.2%, ਪੰਜਵੀਂ ਜਮਾਤ ਦੇ 69.3 ਅਤੇ ਤੀਜੀ ਜਮਾਤ ਦੇ 66.3% ਬੱਚੇ ਤਿੰਨ ਤੋਂ ਚਾਰ ਹਿੰਦਸਿਆਂ ਵਾਲੇ ਘਟਾਉ ਦੇ ਸਵਾਲ ਹੱਲ ਨਹੀਂ ਕਰ ਸਕਦੇ। ਜੇ ਪੰਜਾਬ ਦੇ ਸਰਕਾਰੀ ਸਕੂਲਾਂ ਦੀ ਗੱਲ ਕਰੀਏ ਤਾਂ ਇਸ ਰਿਪੋਰਟ ਅਨੁਸਾਰ ਅੱਠਵੀਂ ਜਮਾਤ ਦੇ 27.8%, ਪੰਜਵੀਂ ਦੇ 39.2 ਅਤੇ ਤੀਜੀ ਦੇ 70.3% ਬੱਚੇ ਦੂਜੀ ਜਮਾਤ ਦੀ ਮਾਤ ਭਾਸ਼ਾ ਦੀ ਕਿਤਾਬ ਨਹੀਂ ਪੜ੍ਹ ਸਕਦੇ। ਗਣਿਤ ਵਿੱਚ ਅੱਠਵੀਂ ਦੇ 42% ਬੱਚੇ, ਪੰਜਵੀਂ ਦੇ 53.7% ਬੱਚੇ ਭਾਗ ਦੇ ਸਵਾਲ ਹੱਲ ਨਹੀਂ ਕਰ ਸਕਦੇ ਅਤੇ ਤੀਜੀ ਦੇ 56.1% ਬੱਚੇ ਦੋ ਤੋਂ ਤਿੰਨ ਹਿੰਦਸਿਆਂ ਵਾਲੇ ਘਟਾਉ ਦੇ ਸਵਾਲ ਹੱਲ ਨਹੀਂ ਕਰ ਸਕਦੇ।

ਅੱਠਵੀਂ ਤੱਕ ਦੀ ਵਿੱਦਿਆ, ਸਿੱਖਿਆ ਦੇ ਖੇਤਰ ਦਾ ਮਜ਼ਬੂਤ ਆਧਾਰ ਮੰਨੀ ਜਾਂਦੀ ਹੈ ਪਰ ਅੱਠਵੀਂ ਦੇ 9.1% ਬੱਚੇ ਇੱਕ ਵਾਕ ਵੀ ਪੂਰਾ ਨਹੀਂ ਪੜ੍ਹ ਸਕਦੇ। ਇੱਕ ਚੌਥਾਈ ਤੋਂ ਵੱਧ ਬੱਚਿਆਂ ਦਾ ਸਕੂਲੋਂ ਗੈਰ-ਹਾਜ਼ਰ ਰਹਿਣਾ, ਲਾਇਬ੍ਰੇਰੀਆਂ, ਕੰਪਿਊਟਰ ਲੈਬਾਂ, ਖੇਡਾਂ ਦਾ ਸਮਾਨ, ਪੀਣ ਵਾਲਾ ਪਾਣੀ, ਪਖਾਨੇ, ਚਾਰਦੀਵਾਰੀਆਂ ਦੀ ਘਾਟ ਆਦਿ ਸਾਡੇ ਵਿਦਿਅਕ ਅਦਾਰਿਆਂ ਦੀ ਵੱਡੀ ਸਿਰਦਰਦੀ ਦਾ ਕਾਰਨ ਹਨ। ਸਰਵੇਖਣ ਵਿੱਚ ਨਜ਼ਰ ਆਉਣ ਵਾਲੀਆਂ ਕਮਜ਼ੋਰ ਨੀਹਾਂ ਮੁਲਕ ਦੀ ਸਾਖਰਤਾ ਦੇ ਦਾਅਵਿਆਂ ਉੱਤੇ ਵੱਡੇ ਸਵਾਲ ਹਨ।

2023 ਦੇ ਅੰਕੜਿਆਂ ਮੁਤਾਬਿਕ, ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ 24.49 ਲੱਖ ਵਿਦਿਆਰਥੀ ਅਤੇ 1.19 ਲੱਖ ਅਧਿਆਪਕ ਸਨ। ਇਹ ਅਨੁਪਾਤ ਭਾਵੇਂ ਲਗਭਗ 21:1 (ਵਿਦਿਆਰਥੀ ਅਧਿਆਪਕ) ਹੈ ਅਤੇ ਤੈਅ ਮਾਪਦੰਡ ਤੋਂ ਕਿਤੇ ਵਧੇਰੇ ਹੈ, ਪਰ ਵਿਦਿਅਕ ਸੰਸਥਾਵਾਂ ਵਿੱਚ ਇਨ੍ਹਾਂ ਦੀ ਅਸਾਵੀਂ ਵੰਡ ਵੱਡੀ ਸਮੱਸਿਆ ਹੈ। ਪੰਜਵੀਂ ਅਤੇ ਅੱਠਵੀਂ ਵਿੱਚ ਵਿਦਿਆਰਥੀਆਂ ਨੂੰ ਫੇਲ੍ਹ ਨਾ ਕਰਨ ਸਬੰਧੀ ਕੇਂਦਰ ਸਰਕਾਰ ਦੁਆਰਾ ਸਿੱਖਿਆ ਦੇ ਅਧਿਕਾਰ ਤਹਿਤ 2009 ਵਿੱਚ ਲਾਗੂ ਕੀਤੀ ਗਈ 'ਨੋ-ਡਿਟੈਂਸ਼ਨ ਪਾਲਿਸੀ' (ਦਸੰਬਰ 2024 ਵਿੱਚ ਖ਼ਤਮ) ਨੇ ਸਕੂਲੀ ਸਿੱਖਿਆ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ। ਇਸ ਨੀਤੀ ਦਾ ਮੁੱਖ ਉਦੇਸ਼ ਵਿਦਿਆਰਥੀ ਵਿੱਚ ਪ੍ਰੀਖਿਆਵਾਂ ਦੇ ਬੋਝ ਅਤੇ ਅਸਫਲਤਾ ਦੇ ਦਬਾਅ ਨੂੰ ਘੱਟ ਕਰ ਕੇ ਵਿਦਿਆਰਥੀ ਦੀ ਸਕੂਲ ਛੱਡਣ ਦੀ ਦਰ ਅਤੇ ਮਾਨਸਿਕ ਬੋਝ ਨੂੰ ਘੱਟ ਕਰਨਾ ਸੀ। ਬਿਨਾਂ ਸ਼ੱਕ, ਇਸ ਨੀਤੀ ਨੇ ਮਾਨਸਿਕ ਤੇ ਆਰਥਿਕ ਪੱਖੋਂ ਕਮਜ਼ੋਰ ਵਿਦਿਆਰਥੀਆਂ ਦਾ ਸਮਰਥਨ ਕੀਤਾ ਅਤੇ ਉਨ੍ਹਾਂ ਨੂੰ ਪੜ੍ਹਦੇ ਰਹਿਣ ਲਈ ਉਤਸ਼ਾਹਿਤ ਕੀਤਾ, ਪਰ ਇਸ ਨੀਤੀ ਦਾ ਨਕਾਰਤਮਕ ਪ੍ਰਭਾਵ ਇਹ ਵੀ ਪਿਆ ਕਿ ਇਸ ਨਾਲ ਅਕਾਦਮਿਕ ਕਠੋਰਤਾ ਵਿੱਚ ਕਮੀ ਆਈ। ਨਤੀਜੇ ਵਜੋਂ ਸਕੂਲੀ ਸਿੱਖਿਆ ਦੇ ਖੇਤਰ ਵਿੱਚ ਅਕਾਦਮਿਕ ਮਿਆਰਾਂ ਵਿੱਚ ਗਿਰਾਵਟ, ਵਿਦਿਆਥੀਆਂ ਵਿੱਚ ਬੁਨਿਆਦੀ ਸੰਕਲਪਾਂ ਦੀ ਕਮਜ਼ੋਰ ਸਮਝ ਅਤੇ ਵਿਦਿਆਰਥੀਆਂ ਤੇ ਅਧਿਆਪਕਾਂ ਵਿੱਚ ਉਤਸ਼ਾਹ ਤੇ ਪ੍ਰੇਰਨਾ ਦੀ ਘਾਟ ਆਦਿ ਬੁਰਾਈਆਂ ਹੋਂਦ ਵਿੱਚ ਆਈਆਂ। (ਬਾਕੀ ਸਫ਼ਾ 26 'ਤੇ)


# ਨੋਬਲ ਸ਼ਾਂਤੀ ਪੁਰਸਕਾਰ-ਨਿਰਪੱਖਤਾ ’ਤੇ ਕਿਉਂ ਉੱਠੇ ਸਵਾਲ ?

ਲੋਕਮਿਤਰ ਗੌਤਮ

10 ਅਕਤੂਬਰ 2025 ਨੂੰ ਨਾਰਵੇਜੀਅਨ ਨੋਬਲ ਕਮੇਟੀ ਨੇ ਐਲਾਨ ਕੀਤਾ ਕਿ ਇਸ ਸਾਲ ਦਾ ‘ਨੋਬਲ ਸ਼ਾਂਤੀ ਪੁਰਸਕਾਰ’ ਵੈਨੇਜ਼ੁਏਲਾ ਦੀ ਮੁੱਖ ਵਿਰੋਧੀ ਧਿਰ ਦੀ ਨੇਤਾ ਮਾਰੀਆ ਕੋਰੀਨਾ ਮਚਾਡੋ ਨੂੰ ਦਿੱਤਾ ਜਾਵੇਗਾ, ਜਿਸ ਨਾਲ ਸੋਸ਼ਲ ਮੀਡੀਆ ’ਤੇ ਵਿਰੋਧ ਦਾ ਤੂਫ਼ਾਨ ਜਿਹਾ ਆ ਗਿਆ। ਨੋਬਲ ਕਮੇਟੀ ਨੇ ਮਚਾਡੋ ਨੂੰ ਇਹ ਪੁਰਸਕਾਰ ਦੇਣ ਦਾ ਕਾਰਨ ਇਹ ਦੱਸਿਆ ਸੀ ਕਿ ਉਹ ਵੈਨੇਜ਼ੁਏਲਾ ਵਿੱਚ ਲੋਕਤੰਤ੍ਰਿਕ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ, ਤਾਨਾਸ਼ਾਹੀ ਸ਼ਾਸਨ ਦਾ ਸ਼ਾਂਤੀਪੂਰਵਕ ਮੁਕਾਬਲਾ ਕਰਨ ਅਤੇ ਤਬਦੀਲੀ ਲਈ ਸੰਘਰਸ਼ ਨੂੰ ਅੱਗੇ ਵਧਾਉਣ ਵਿੱਚ ਲੱਗੀ ਹੋਈ ਹੈ। ਬਾਵਜੂਦ ਇਸ ਦੇ ਕਿ ਉਸ ਨੂੰ 2024 ਵਿੱਚ ਵੈਨੇਜ਼ੁਏਲਾ ਦੀ ਸੁਪਰੀਮ ਕੋਰਟ ਦੁਆਰਾ 15 ਸਾਲਾਂ ਲਈ ਚੋਣਾਂ ਲੜਨ ਤੋਂ ਅਯੋਗ ਐਲਾਨ ਦਿੱਤਾ ਗਿਆ ਸੀ, ਉਹ ਉਸ ਨਾਲ ਹੋਈ ਇੱਕ ਰਾਜਨੀਤਕ ਬੇਇਨਸਾਫ਼ੀ ਸੀ। ਫਿਰ ਵੀ ਮਚਾਡੋ ਨੇ ਜਿਸ ਤਰ੍ਹਾਂ ਦੇਸ਼ ਦੇ ਅੰਦਰ ਰਹਿ ਕੇ ਸੰਘਰਸ਼ ਕੀਤਾ, ਉਹ ਉਸ ਨੂੰ ਇਹ ਪੁਰਸਕਾਰ ਦੇਣ ਦੇ ਯੋਗ ਬਣਾਉਂਦਾ ਹੈ।

ਪਰ ਇਸ ਪੁਰਸਕਾਰ ਦੇ ਐਲਾਨ ਦੇ ਤੁਰੰਤ ਬਾਅਦ ਜਿਹੜੇ ਕੁਝ ਲੋਕਾਂ ਨੇ ਇਸ ਫ਼ੈਸਲੇ ’ਤੇ ਸਵਾਲ ਉਠਾਏ ਹਨ, ਉਨ੍ਹਾਂ ਦਾ ਤਰਕ ਇਹ ਸੀ ਕਿ ਅਸਲ ਵਿੱਚ ਨੋਬਲ ਪੁਰਸਕਾਰ ਕਮੇਟੀ ਦੁਆਰਾ ਮਚਾਡੋ ਨੂੰ ਦਿੱਤਾ ਗਿਆ ਸ਼ਾਂਤੀ ਪੁਰਸਕਾਰ, ਸ਼ਾਂਤੀ ਦੇ ਉਦੇਸ਼ਾਂ ਨਾਲ ਮੇਲ ਨਹੀਂ ਖਾਂਦਾ, ਸਗੋਂ ਇਹ ਇੱਕ ਸੱਜੇ-ਪੱਖੀ ਸ਼ਖਸੀਅਤ ਨੂੰ ਰਾਜਨੀਤਕ ਤੌਰ ’ਤੇ ਦਿੱਤਾ ਗਿਆ ਪੁਰਸਕਾਰ ਹੈ ਅਤੇ ਇਸ ਦੇ ਪਿੱਛੇ ਇੱਕ ਖ਼ਾਸ ਤਰ੍ਹਾਂ ਦੀ ਰਾਜਨੀਤੀ ਹੈ। ਇਸ ਐਲਾਨ ਦੇ ਨਾਲ ਹੀ ਮਚਾਡੋ ਇਸ ਲਈ ਵੀ ਵਿਵਾਦ ਦਾ ਵਿਸ਼ਾ ਬਣ ਗਈ ਕਿਉਂਕਿ ਉਸ ਨੇ ਡੋਨਾਲਡ ਟਰੰਪ ਦੀ ਪ੍ਰਸੰਸਾ ਕਰਦੇ ਹੋਏ ਉਸ ਨੂੰ ਨਾ ਸਿਰਫ਼ ਇੱਕ ਦੂਰਦਰਸ਼ੀ ਵਿਸ਼ਵ ਨੇਤਾ ਕਿਹਾ ਸੀ, ਸਗੋਂ ਉਸ ਨੂੰ ਆਪਣੇ ਅੰਦੋਲਨ ਦਾ ਸਹਿਯੋਗੀ ਵੀ ਕਰਾਰ ਦਿੱਤਾ ਸੀ। ਇਸ ਤੋਂ ਇਲਾਵਾ ਨੋਬਲ ਕਮੇਟੀ ਦੇ ਇਸ ਫ਼ੈਸਲੇ ’ਤੇ ਇਸ ਲਈ ਵੀ ਆਲੋਚਨਾ ਦਾ ਹੜ੍ਹ ਆ ਗਿਆ, ਕਿਉਂਕਿ ਮਚਾਡੋ ਨੂੰ ਪੁਰਸਕਾਰ ਦਿੱਤੇ ਜਾਣ ਦੀ ਲੀਕੇਜ ਪਹਿਲਾਂ ਹੀ ਹੋ ਗਈ ਸੀ। ਦਰਅਸਲ ਕਈ ਮੰਚਾਂ ’ਤੇ ਪੁਰਸਕਾਰ ਦੇ ਐਲਾਨ ਤੋਂ ਪਹਿਲਾਂ ਹੀ ਦਾਅਵੇ ਕੀਤੇ ਜਾ ਰਹੇ ਸਨ ਕਿ ਮਾਰੀਆ ਕੋਰੀਨਾ ਮਚਾਡੋ ਇਸ ਸਾਲ ਦਾ ‘ਨੋਬਲ ਸ਼ਾਂਤੀ ਪੁਰਸਕਾਰ’ ਪ੍ਰਾਪਤ ਕਰਨ ਜਾ ਰਹੀ ਹੈ ਅਤੇ ਇਹ ਵੀ ਚਰਚਾ ਹੈ ਕਿ ਇਸ ਦਾਅਵੇ ’ਤੇ ਬਹੁਤ ਵੱਡੇ-ਵੱਡੇ ਆਨਲਾਈਨ ਸੱਟੇ ਵੀ ਲੱਗੇ ਸਨ। ਮੁੱਖ ਗੱਲ ਇਹ ਹੈ ਕਿ ਪੂਰੀ ਚੋਣ ਪ੍ਰਕਿਰਿਆ ਦੀ ਗੁਪਤਤਾ ’ਤੇ ਵੀ ਗੰਭੀਰ ਸਵਾਲ ਉਠਾਏ ਗਏ ਸਨ।

ਵਿਰੋਧ ਪ੍ਰਦਰਸ਼ਨਾਂ ਦੇ ਇਸ ਪਿਛੋਕੜ ‘ਚ ਸਾਨੂੰ ਇਹ ਵੀ ਦੇਖਣਾ ਹੋਵੇਗਾ ਕਿ ਸਿਰਫ਼ ਕੁਝ ਕੁ ਗੱਲਾਂ ਹੀ ਇਸ ਵਿਰੋਧ ਦਾ ਕਾਰਨ ਨਹੀਂ ਸਨ, ਸਗੋਂ ਮਚਾਡੋ ਦੀ ਸੱਜੇ-ਪੱਖੀ ਰਾਜਨੀਤਕ ਵਿਚਾਰਧਾਰਾ ਵੀ ਇੱਕ ਵੱਡਾ ਕਾਰਨ ਸੀ, ਜਿਸ ਤਹਿਤ ਇਕ ਬਿਆਨ ਵਿੱਚ ਉਸ ਨੇ ਅਰਜਨਟੀਨਾ ਨੂੰ ਆਪਣੇ ਦੇਸ਼ ਵੈਨੇਜ਼ੁਏਲਾ ’ਤੇ ਹਮਲਾ ਕਰਨ ਤੱਕ ਦਾ ਸੱਦਾ ਦੇ ਦਿੱਤਾ ਸੀ। ਅਜਿਹੇ ਦਾਅਵੇ ਸੋਸ਼ਲ ਮੀਡੀਆ ’ਤੇ ਬਹੁਤ ਕੀਤੇ ਜਾ ਰਹੇ ਹਨ ਅਤੇ ਇਹ ਗੱਲ ਤਾਂ ਤੈਅ ਹੈ ਕਿ ਮਚਾਡੋ ਨਾ ਸਿਰਫ਼ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਸਮਰਥਕ ਹੈ, ਸਗੋਂ ਇਜ਼ਰਾਈਲ ਦੀ ਲਿਕਵਿਡ ਪਾਰਟੀ ਦੀ ਵੀ ਕੱਟੜ ਸਮਰਥਕ ਹੈ। ‘ਨੋਬਲ ਸ਼ਾਂਤੀ ਪੁਰਸਕਾਰ’ ਉਨ੍ਹਾਂ ਯਤਨਾਂ ਨੂੰ ਇਨਾਮ ਦੇਣਾ ਮੰਨਿਆ ਜਾਂਦਾ ਹੈ, ਜੋ ਹਿੰਸਾ ਨੂੰ ਘਟਾਉਂਦੇ ਹਨ ਅਤੇ ਸੰਘਰਸ਼ਾਂ ਦੇ ਸ਼ਾਂਤੀਪੂਰਨ ਹੱਲ ਲਈ ਇੱਕ ਮਾਹੌਲ ਬਣਾਉਂਦੇ ਹਨ, ਨਾਲ ਹੀ ਇਸ ਸਭ ਦੇ ਵਿਚਕਾਰ ਹਰ ਤਰ੍ਹਾਂ ਦੇ ਯੁੱਧ ਦੇ ਮਾਹੌਲ ਨੂੰ ਰੋਕਦੇ ਹਨ। ਹਾਲਾਂਕਿ ਮਚਾਡੋ ਦਾ ਸੰਘਰਸ਼ ਮੂਲ ਰੂਪ ’ਚ ਇੱਕ ਰਾਜਨੀਤਕ ਤੇ ਲੋਕਤੰਤਰੀ ਸੰਘਰਸ਼ ਦੇ ਨਾਲ-ਨਾਲ ਇਹ ਇੱਕ ਖ਼ਾਸ ਵਿਚਾਰਧਾਰਾ ਲਈ ਸੱਦਾ ਦਿੱਤੇ ਜਾਣ ਵਾਲਾ



ਸੰਘਰਸ਼ ਵੀ ਹੈ। ਮੰਨਿਆ ਜਾ ਰਿਹਾ ਹੈ ਕਿ ਮਚਾਡੋ ਦੇ ਨਾਗਰਿਕ ਅਧਿਕਾਰ ਇੱਕ ਖ਼ਾਸ ਵਿਚਾਰਧਾਰਾ ਤੋਂ ਪ੍ਰੇਰਿਤ ਨਾਗਰਿਕ ਅਧਿਕਾਰ ਹਨ, ਜੋ ਦੁਨੀਆ ਲਈ ਨਿਰਪੱਖ ਤੌਰ ’ਤੇ ਸ਼ਾਂਤੀ ਦੀ ਕਾਮਨਾ ਨਹੀਂ ਕਰਦੇ। ਮਤਲਬ ਇਹ ਕਿ ਮਚਾਡੋ ਸ਼ਾਂਤੀ ਦੇ ਸੰਘਰਸ਼ ਵਿੱਚ ਨਹੀਂ, ਸਗੋਂ ਸ਼ਕਤੀ ਸੰਘਰਸ਼ ਦੀ ਰਾਜਨੀਤਕ ਲੜਾਈ ਦਾ ਹਿੱਸਾ ਹੈ। ਉਹ ਸ਼ਾਂਤੀ, ਵਿਚੋਲਗੀ ਜਾਂ ਸੰਘਰਸ਼ ਮੁਕਤੀ ਦੀ ਭੂਮਿਕਾ ’ਚ ਖ਼ਰੀ ਨਹੀਂ ਉਤਰਦੀ, ਸਗੋਂ ਆਪਣੇ ਵਿਰੋਧੀਆਂ ਨਾਲ ਇਸ ਲੜਾਈ ਨਜਿੱਠਣ ਦੀ ਇੱਛਾ ਵੀ ਰੱਖਦੀ ਹੈ। ਕੁੱਲ ਮਿਲਾ ਕੇ ਸ਼ਾਂਤੀ ਦੇ ਨਾਂਅ ’ਤੇ ਮਚਾਡੋ ਨੂੰ ਦਿੱਤਾ ਗਿਆ ਇਹ ਪੁਰਸਕਾਰ ਇਕ ਖ਼ਾਸ ਕਿਸਮ ਦੀ ਰਾਜਨੀਤੀ ਨੂੰ ਉਤਸ਼ਾਹ ਦੇਣ ਦਾ ਕੰਮ ਕਰਦਾ ਹੈ।

ਵਿਸ਼ੇਸ਼ ਰੂਪ ’ਚ ਮਚਾਡੋ ਨੂੰ ਦਿੱਤਾ ਗਿਆ ‘ਨੋਬਲ ਸ਼ਾਂਤੀ ਪੁਰਸਕਾਰ’ ਉਨ੍ਹਾਂ ਲੋਕਾਂ ਨੂੰ ਰੜਕਦਾ ਹੈ, ਜੋ ਇਹ ਚਾਹੁੰਦੇ ਹਨ ਕਿ ਇਹ ਪੁਰਸਕਾਰ ਉਨ੍ਹਾਂ ਵਿਅਕਤੀਆਂ ਨੂੰ ਦਿੱਤਾ ਜਾਵੇ ਜੋ ਦੁਨੀਆ ਭਰ ’ਚ ਰਾਜਨੀਤਕ ਟਕਰਾਵਾਂ ਨੂੰ ਖ਼ਤਮ ਕਰਨ ਅਤੇ ਪ੍ਰਮਾਣੂ ਨਿਸ਼ਸਤਰੀਕਰਨ ਨੂੰ ਉਤਸ਼ਾਹਿਤ ਕਰਨ ਲਈ ਜਾਣੇ ਜਾਂਦੇ ਹਨ। ਹਾਲਾਂਕਿ ਮਾਰੀਆ ਕੋਰੀਨਾ ਮਚਾਡੋ ਇਸ ਸਭ ਤੋਂ ਵੱਖਰੀ ਇੱਕ ਸਪੱਸ਼ਟ ਰਾਜਨੀਤਕ ਵਿਚਾਰਧਾਰਾ ਦੀ ਵਕਾਲਤ ਕਰਨ ਵਾਲੀ ਅਤੇ ਆਪਣੀਆਂ ਸ਼ਰਤਾਂ ’ਤੇ ਸ਼ਾਂਤੀ ਸੰਘਰਸ਼ ਨੂੰ ਮਾਨਤਾ ਦਿੰਦੀ ਹੈ। ਇਸ ਲਈ ਦੁਨੀਆ ’ਚ ਵੱਡੀ ਗਿਣਤੀ ਵਿੱਚ ਅਜਿਹੇ ਲੋਕਾਂ ਨੂੰ ਮਚਾਡੋ ਨੂੰ ਦਿੱਤਾ ਗਿਆ ਪੁਰਸਕਾਰ ਸੱਜੇ-ਪੱਖੀ ਰਾਜਨੀਤੀ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਵਜੋਂ ਲਗਦਾ ਹੈ, ਜੋ ਵਿਸ਼ੇਸ਼ ਰੂਪ ’ਚ ਇੱਕ ਪਾਸੜ ਰਾਜਨੀਤਕ ਵਿਚਾਰ ਵਾਲੀ ਰਾਜਨੀਤੀ ਜਾਂ ਸੰਘਰਸ਼ ਨੂੰ ਮਾਨਤਾ ਨਹੀਂ ਦਿੰਦੇ। ਸਭ ਤੋਂ ਵੱਡੀ ਗੱਲ ਇਹ ਹੈ ਕਿ ਮਚਾਡੋ ਨੇ ਜਿਸ ਤਰ੍ਹਾਂ ਆਪਣੇ ਦੇਸ਼ ਵਿੱਚ ਵਿਦੇਸ਼ੀ ਦਖ਼ਲ ਦੀ ਵਕਾਲਤ ਕੀਤੀ ਹੈ ਜਾਂ ਕਠੋਰ ਆਰਥਿਕ ਪਾਬੰਦੀਆਂ ਦੀ ਮੰਗ ਕੀਤੀ ਹੈ, ਉਹ ਵੀ ਉਸ ਦੇ ਵਿਰੋਧ ਦਾ ਇੱਕ ਵੱਡਾ ਕਾਰਨ ਹੈ। ਮੰਨਿਆ ਜਾ ਰਿਹਾ ਹੈ ਕਿ ਮਚਾਡੋ ਇੱਕ ਖ਼ਾਸ ਵਿਚਾਰਧਾਰਾ ਤੋਂ ਪ੍ਰੇਰਿਤ ਹੋ ਕੇ ਆਪਣੇ ਦੇਸ਼ ਵਾਸੀਆਂ ਲਈ ਸਮਾਜਿਕ ਤੇ ਆਰਥਿਕ ਦਬਾਅ ਦੀਆਂ ਸਥਿਤੀਆਂ ਪੈਦਾ ਕਰ ਰਹੀ ਹੈ, ਜੋ ਆਪਣੇ-ਆਪ ’ਚ ਇੱਕ ਖ਼ਾਸ ਤਰ੍ਹਾਂ ਦੀ ਹਿੰਸਾ ਹੀ ਹੈ। ਇਸ ਲਈ ਵੱਡੀ ਪੱਧਰ ’ਤੇ ਲੋਕ ਮਚਾਡੋ ਨੂੰ ‘ਨੋਬਲ ਸ਼ਾਂਤੀ ਪੁਰਸਕਾਰ’ ਦੇਣ ਦਾ ਵਿਰੋਧ ਕਰ ਰਹੇ ਹਨ।

ਅਮਰੀਕੀ ਰਾਸ਼ਟਰਪਤੀ ਟਰੰਪ ਦੀ ਮਚਾਡੋ ਵੱਲੋਂ ਪ੍ਰਸ਼ੰਸਾ ਕਰਨਾ ਅਤੇ ਆਪਣੇ ਦੇਸ਼ ਦੇ ਅੰਦਰੂਨੀ ਸੰਘਰਸ਼ ਵਿੱਚ ਉਸ ਤੋਂ ਸਮਰਥਨ ਮੰਗਣ ਕਾਰਨ ਵੀ ਉਸ ਦੀ ਆਲੋਚਨਾ ਹੋ ਰਹੀ ਹੈ। ਇਸ ਕਾਰਨ ਖ਼ੁਦ ਉਸ ਦੇ ਦੇਸ਼ ਦੇ ਲੋਕ ਉਸ ਦਾ ਵਿਰੋਧ ਕਰ ਰਹੇ ਹਨ। ਲੋਕਾਂ ਨੂੰ ਲੱਗਦਾ ਹੈ ਕਿ ਜੋ ਸ਼ਖ਼ਸ ਦੁਨੀਆ ਦੇ ਸਭ ਤੋਂ ਵਿਵਾਦਿਤ ਰਾਜਨੇਤਾਵਾਂ ’ਚੋਂ ਇੱਕ ਡੋਨਾਲਡ ਟਰੰਪ ਨੂੰ ਸ਼ਾਂਤੀ ਦਾ ਦੂਤ ਕਰਾਰ ਦਿੰਦਾ ਹੈ, ਉਹ ਰਾਜਨੀਤਕ ਰੂਪ ’ਚ ਨਿਰਪੱਖ ਕਿਵੇਂ ਹੋ ਸਕਦਾ ਹੈ ? ਇਹੀ ਕਾਰਨ ਹੈ ਕਿ ਜਿਵੇਂ ਹੀ ਨੋਬਲ ਕਮੇਟੀ ਨੇ ਮਚਾਡੋ ਨੂੰ ਇਸ ਸਾਲ ਦਾ ‘ਨੋਬਲ ਸ਼ਾਂਤੀ ਪੁਰਸਕਾਰ’ ਦਿੱਤੇ ਜਾਣ ਦਾ ਐਲਾਨ ਕੀਤਾ ਤਾਂ ਲੋਕ ਉਸ ਦਾ ਵਿਰੋਧ ਕਰਨ ਲੱਗੇ। ਮਚਾਡੋ ਨੂੰ ਪੁਰਸਕਾਰ ਦੇਣ ਕਾਰਨ ਨਾਰਵੇਜੀਅਨ ਨੋਬਲ ਕਮੇਟੀ ਦੀ ਗੁਪਤਤਾ ਵੀ ਦਾਅ ’ਤੇ ਲੱਗ ਚੁੱਕੀ ਹੈ। ਜਿਵੇਂ ਕਿ ਅਸੀਂ ਸਭ ਜਾਣਦੇ ਹਾਂ ਕਿ ਨੋਬਲ ਚੋਣ ਪ੍ਰਕਿਰਿਆ ਬੇਹੱਦ ਗੁਪਤ ਹੁੰਦੀ ਹੈ। ਇਸ ਸੰਬੰਧ ’ਚ ਐਲਾਨ ਕੀਤੇ ਜਾਣ ਤੋਂ ਪਹਿਲਾਂ ਨਾਮਜ਼ਦਗੀ, ਚਰਚਾ, ਵੋਟ ਵੰਡ ਆਦਿ ਅੰਦਰੂਨੀ ਸਰਗਰਮੀਆਂ ਸੰਬੰਧੀ ਜਨਤਕ ਤੌਰ ’ਤੇ ਚਰਚਾ ਨਹੀਂ ਹੁੰਦੀ। ਪਰ ਇਸ ਸਾਲ ‘ਨੋਬਲ ਸ਼ਾਂਤੀ ਪੁਰਸਕਾਰ’ ਦੇ ਐਲਾਨ ਤੋਂ ਪਹਿਲਾਂ ਹੀ ਆਨਲਾਈਨ ਵੋਟਿੰਗ ਮੰਚ ’ਤੇ ਮਚਾਡੋ ਦੀ ਅਚਾਨਕ ਦਾਅਵੇਦਾਰੀ ’ਤੇ ਬਹੁਤ ਜ਼ੋਰ ਦਿੱਤਾ ਗਿਆ ਸੀ। ਇਹੀ ਕਾਰਨ ਹੈ ਕਿ ਲੋਕਾਂ ਨੇ ਉਸ ’ਤੇ ਵੱਡੇ-ਵੱਡੇ ਸੱਟੇ ਲਾ ਰੱਖੇ ਸਨ। ਕਿਹਾ ਜਾ ਸਕਦਾ ਹੈ ਕਿ ਜਿਸ ਤਰ੍ਹਾਂ ਨਾਲ ਮਚਾਡੋ ਨੂੰ ਪੁਰਸਕਾਰ ਮਿਲਣ ਦੀ ਕਥਿਤ ਅਫ਼ਵਾਹ ਸਚਾਈ ਵਿੱਚ ਬਦਲ ਗਈ ਲੋਕਾਂ ਦਾ ਗੁੱਸਾ ਫੁੱਟ ਪਿਆ ਹੈ।

ਯੂਰਪੀ ਮੀਡੀਆ ਜਿਵੇਂ ਕਿ ‘ਦ ਗਾਰਜਿਅਨ’ ਅਤੇ ‘ਰਾਇਟਰਸ’ ਵਿੱਚ ਜਿਸ ਤਰ੍ਹਾਂ ਨਾਲ ਪੁਰਸਕਾਰ ਦੇ ਐਲਾਨ ਤੋਂ ਪਹਿਲਾਂ ਹੀ ਮਚਾਡੋ ਨੂੰ ਪੁਰਸਕਾਰ ਮਿਲਣ ਦੀ ਅੰਦਰੂਨੀ ਜਾਣਕਾਰੀ ਲੀਕ ਹੋਈ ਸੀ, ਉਸ ਤੋਂ ਬਾਅਦ ਲੱਗਣ ਲੱਗਾ ਹੈ ਕਿ ਇਹ ਇੱਕ ਬਹੁਤ ਵੱਡਾ ਆਨਲਾਈਨ ਜੂਆ ਸਿੱਧ ਹੋਇਆ ਹੈ। ਜਿਸ ਤਰ੍ਹਾਂ ਨਾਲ ਆਖਰੀ ਪਲਾਂ ’ਤੇ ਮਚਾਡੋ ਦੇ ਨਾਂਅ ’ਤੇ ਭਾਰੀ ਸੱਟੇ ਲੱਗੇ ਸਨ, ਉਹ ਇੱਕ ਤਰ੍ਹਾਂ ਦੇ ਅਪਰਾਧ ਦੀ ਸ਼ੰਕਾ ਪ੍ਰਗਟਾਉਂਦਾ ਹੈ।

ਕੁੱਲ ਮਿਲਾ ਕੇ ਮਾਰੀਆ ਕੋਰੀਨਾ ਮਚਾਡੋ ਨੂੰ ਮਿਲੇ ਇਸ ਸਾਲ ਦੇ ‘ਨੋਬਲ ਸ਼ਾਂਤੀ ਪੁਰਸਕਾਰ’ ਨੇ ਇੱਕ ਵਿਅਕਤੀ ਤੋਂ ਕਿਤੇ ਜ਼ਿਆਦਾ ਇੱਕ ਸੰਸਥਾ ਦੇ ਵਿਸ਼ਵਾਸ ’ਤੇ ਸਵਾਲ ਖੜ੍ਹੇ ਕਰ ਦਿੱਤੇ ਹਨ ਕਿਉਂਕਿ ਮਚਾਡੋ ਨੂੰ ਮਿਲਿਆ ਪੁਰਸਕਾਰ ਸ਼ਾਂਤੀ ਦੀ ਜਗ੍ਹਾ ਰਾਜਨੀਤਕ ਸੰਘਰਸ਼ ਨੂੰ ਦਿੱਤਾ ਗਿਆ ਪੁਰਸਕਾਰ ਲੱਗਦਾ ਹੈ, ਇਸ ਲਈ ਵੀ ਇਸ ਦੀ ਤਿੱਖੀ ਆਲੋਚਨਾ ਹੋ ਰਹੀ ਹੈ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਇਹ ਪਹਿਲਾ ਅਜਿਹਾ ਮੌਕਾ ਹੈ ਜਦ ਖੁੱਲ੍ਹ ਕੇ ਨੋਬਲ ਕਮੇਟੀ ਦੀ ਨਿਰਪੱਖਤਾ ’ਤੇ ਸਵਾਲ ਖੜ੍ਹੇ ਹੋ ਰਹੇ ਹਨ।

**-(ਲੇਖਕ ਵਿਸ਼ੇਸ਼ ਮੀਡੀਆ ਤੇ ਖੋਜ ਸੰਸਥਾਨ ਇਮੇਜ ਰਿਫਲੈਕਸ਼ਨ ਸੈਂਟਰ ’ਚ ਸੀਨੀਅਰ ਸੰਪਾਦਕ ਹਨ)**

# ਜਮਹੂਰੀਅਤ ਲਈ ਖ਼ਤਰਨਾਕ ਹਨ ਫ਼ਿਰਕੂ ਤਣਾਅ



ਰਾਮ ਪੁਣਿਆਣੀ

ਇੱਕ ਸਦੀ ਤੋਂ ਵੀ ਪੁਰਾਣੀ ਫਿਰਕੂ ਹਿੰਸਾ ਭਾਰਤੀ ਰਾਜਨੀਤੀ ਲਈ ਇੱਕ ਸਰਾਪ ਵਾਂਗ ਹੈ। ਇਸ ਵਰਤਾਰੇ ਬਾਰੇ ਜ਼ਿਆਦਾਤਰ ਵਿਦਵਾਨਾਂ ਦਾ ਮੰਨਣਾ ਹੈ ਕਿ ਅਜਿਹੀ ਹਿੰਸਾ ਆਮ ਤੌਰ ’ਤੇ ਯੋਜਨਾਬੱਧ ਹੁੰਦੀ ਹੈ, ਜੋ ਬਾਅਦ ਵਿੱਚ ਫਿਰਕੂ ਧਰੁਵੀਕਰਨ ਨੂੰ ਉਭਾਰ ਵੱਲ ਲੈ ਜਾਂਦੀ ਹੈ। ਵਿਦਵਾਨਾਂ ਅਨੁਸਾਰ ਦੰਗੇ ਜਾਤੀਗਤ ਧਰੁਵੀਕਰਨ ਪੈਦਾ ਕਰਦੇ ਹਨ, ਜਿਸ ਦਾ ਫਾਇਦਾ ਕਾਂਗਰਸ ਜਾਂ ਹੋਰ ਧਰਮ ਨਿਰਪੱਖ ਪਾਰਟੀਆਂ ਦੀ ਕੀਮਤ ’ਤੇ ਜਾਤ ਆਧਾਰਿਤ-ਧਾਰਮਿਕ ਪਾਰਟੀਆਂ ਨੂੰ ਹੁੰਦਾ ਹੈ। ਜਿੱਥੇ ਹਿੰਦੂ-ਮੁਸਲਿਮ ਦੰਗੇ ਕਾਂਗਰਸ ਲਈ ਚੋਣਾਂ ਦੇ ਮੱਦੇਨਜ਼ਰ ਮਹਿੰਗੇ ਸਾਬਤ ਹੁੰਦੇ ਹਨ, ਉੱਥੇ ਇਹ ਦੰਗੇ ਕਾਂਗਰਸ ਵਰਗੀਆਂ ਬਹੁ-ਜਾਤੀ ਪਾਰਟੀਆਂ ਦੀ ਕੀਮਤ ’ਤੇ ਹੋਰ ਜਾਤ ਆਧਾਰਿਤ-ਧਾਰਮਿਕ ਪਾਰਟੀਆਂ ਨੂੰ ਮਜ਼ਬੂਤ ਕਰਦੇ ਹਨ। ਇਸ ਨਿਰੀਖਣ ਦੇ ਅਨੁਸਾਰ ਹਿੰਸਾ ਨੂੰ ਭੜਕਾਉਣ ਅਤੇ ਇਸ ਤੋਂ ਚੋਣ ਲਾਭ ਉਠਾਉਣ ਲਈ ਵਧੇਰੇ ਬਹਾਨੇ ਘੜੇ ਜਾ ਰਹੇ ਹਨ। ਇਸ ਲੰਬੀ ਸੂਚੀ ਵਿੱਚ ਨਵੇਂ ਬਹਾਨੇ ਜੋੜੇ ਜਾ ਰਹੇ ਹਨ, ਜਿਵੇਂ ਕਿ ਮਸਜਿਦਾਂ ਦੇ ਸਾਹਮਣੇ ਉੱਚੀ ਆਵਾਜ਼ ਵਿੱਚ ਸੰਗੀਤ ਵਜਾਉਣਾ, ਮੰਦਰਾਂ ਵਿੱਚ ਗਊ ਮਾਸ ਸੁੱਟਣਾ ਜਾਂ ਅਫਵਾਹਾਂ ਫੈਲਾਉਣਾ ਆਦਿ ਫਿਰਕੂ ਨਫ਼ਰਤ ਦੇ ਮੁੱਖ ਸਰੋਤ ਰਹੇ ਹਨ। ਇਸ ਤੋਂ ਇਲਾਵਾ ਮੁਸਲਿਮ ਰਾਜਿਆਂ ਨੂੰ ਬੁਰਾਈ ਦੇ ਪ੍ਰਤੀਕ ਦੱਸਦਿਆਂ ਉਨ੍ਹਾਂ ਵੱਲੋਂ ਮੰਦਰਾਂ ਨੂੰ ਤਬਾਹ ਕਰਨ, ਜ਼ਬਰਦਸਤੀ ਇਸਲਾਮ ਦਾ ਪ੍ਰਸਾਰ ਕਰਨ ਅਤੇ ਉਨ੍ਹਾਂ ਦੇ ਵੱਡੇ ਪਰਿਵਾਰਾਂ ਕਾਰਨ ਦੇਸ਼ ਵਿੱਚ ਹਿੰਦੂਆਂ ਦੇ ਘੱਟਗਿਣਤੀ ਬਣਨ ਦਾ ਖ਼ਤਰਾ ਆਦਿ ਸਭ ਨਫ਼ਰਤ ਫੈਲਾਉਣ ਦੇ ਤਰੀਕੇ ਬਣ ਗਏ ਹਨ। ਪਿਛਲੇ ਕੁਝ ਦਹਾਕਿਆਂ ਤੋਂ ਗਊ ਹੱਤਿਆ, ਗਊ ਮਾਸ ਖਾਣਾ, ਲਵ ਜਿਹਾਦ ਤੇ ਹੋਰ ਬਹੁਤ ਸਾਰੇ ਜਿਹਾਦ- ਕੋਰੋਨਾ ਜਿਹਾਦ, ਲੈਂਡ ਜਿਹਾਦ ਅਤੇ ਸਭ ਤੋਂ ਨਵੀਨਤਮ ‘ਪੇਪਰ ਲੀਕ ਜਿਹਾਦ’ ਆਦਿ ਨਫ਼ਰਤ ਫੈਲਾਉਣ ਦੇ ਹੋਰ ਬਹਾਨੇ ਬਣ ਗਏ ਹਨ।

ਇਹ ਸਭ ਇਸ ਲਈ ਯਾਦ ਆ ਰਿਹਾ ਹੈ ਕਿਉਂਕਿ ਇਸ ਸਮੇਂ ਦੇਸ਼ ‘ਆਈ ਲਵ ਮੁਹੰਮਦ’ ਜਿਹੇ ਇੱਕ ਮਾਮੂਲੀ ਨਾਅਰੇ ਦੇ ਆਲੇ-ਦੁਆਲੇ ਹਿੰਸਾ ਦਾ ਮਾਹੌਲ ਦੇਖ ਰਿਹਾ ਹੈ। ਇਸ ਦੀ ਸ਼ੁਰੂਆਤ ਕਾਨਪੁਰ ਤੋਂ ਹੋਈ, ਜਦੋਂ ਕੁਝ ਲੋਕਾਂ ਨੇ ਮਿਲਾਦ-ਉਨ-ਨਬੀ ਦੇ ਮੌਕੇ ’ਤੇ ਪੈਗੰਬਰ ਮੁਹੰਮਦ ਦੇ ਜਨਮ ਦਿਨ ਨੂੰ ਮਨਾਉਣ ਵਾਲੇ ਜਲੂਸ ਦੌਰਾਨ ‘ਆਈ ਲਵ ਮੁਹੰਮਦ’ ਬੈਨਰ ’ਤੇ ਕੁਝ ਲੋਕਾਂ ਵੱਲੋਂ ਇਤਰਾਜ਼ ਕੀਤਾ ਗਿਆ ਕਿ ਇਸ ਨਾਲ ਧਾਰਮਿਕ ਤਿਉਹਾਰ ਵਿੱਚ ਇੱਕ ਨਵੀਂ ਪਰੰਪਰਾ ਜੁੜ ਰਹੀ ਹੈ। ਪੁਲਿਸ ਦੇ ਇੱਕ ਹਿੱਸੇ ਨੇ ਇਸ ਦਲੀਲ ਨੂੰ ਸਵੀਕਾਰ ਕਰਦਿਆਂ ਅਜਿਹੇ ਪੋਸਟਰ ਲਗਾਉਣ ਵਾਲਿਆਂ ਵਿਰੁੱਧ ਐਫ.ਆਈ.ਆਰ. ਦਰਜ ਕੀਤੀਆਂ। ਇਹ ਉਨ੍ਹਾਂ ਮਾਪਦੰਡਾਂ ਦੀ ਪੂਰੀ ਤਰ੍ਹਾਂ ਨਾਲ ਉਲੰਘਣਾ ਹੈ, ਜਿਨ੍ਹਾਂ ਦੇ ਅਨੁਸਾਰ ਪੈਗੰਬਰ ਨੂੰ ਸਤਿਕਾਰ ਦੇਣ ਲਈ ਇੱਕ ਸ਼ਾਂਤੀਪੂਰਨ ਜਲੂਸ ਕਿਸੇ ਵੀ ਨਿਯਮਾਂ ਦੀ ਉਲੰਘਣਾ ਨਹੀਂ ਕਰਦਾ। ਇਸ ਤੋਂ ਬਾਅਦ ਉੱਤਰ ਪ੍ਰਦੇਸ਼ ਦੇ ਕਈ ਜ਼ਿਲ੍ਹਿਆਂ ਵਿੱਚ ਹਿੰਸਾ ਫੈਲ ਗਈ।

ਕਾਨਪੁਰ ’ਚ ਇਹ ਪਹਿਲੀ ਘਟਨਾ ਸੀ, ਜੋ ਉੱਤਰ ਪ੍ਰਦੇਸ਼ ਦੇ ਬਰੇਲੀ, ਬਾਰਾਬੰਕੀ ਤੇ ਮਊ ਜ਼ਿਲ੍ਹਿਆਂ ਤੋਂ ਇਲਾਵਾ ਉੱਤਰਾਖੰਡ ਦੇ ਊਧਮ ਸਿੰਘ ਨਗਰ ਜ਼ਿਲ੍ਹੇ ਦੇ ਕਾਸ਼ੀਪੁਰ ਤੇ ਕਈ ਹੋਰ ਥਾਵਾਂ ’ਤੇ ਦੁਹਰਾਈ ਗਈ। ਫਿਰ ਪੋਸਟਰ ਪਾੜਨ ਨਾਲ ਹਿੰਸਾ ਹੋਈ ਅਤੇ ਮਾਹੌਲ ਵਿਗੜ ਗਿਆ। ਐਸੋਸੀਏਸ਼ਨ ਫਾਰ ਪ੍ਰੋਟੈਕਸ਼ਨ ਆਫ਼ ਸਿਵਲ ਰਾਈਟਸ (ਏ.ਪੀ.ਸੀ.ਆਰ.) ਦੇ ਦਸਤਾਵੇਜ਼ਾਂ ਅਨੁਸਾਰ ‘ਆਈ ਲਵ ਮੁਹੰਮਦ’ ਨੂੰ ਲੈ ਕੇ 21 ਐਫ.ਆਈ.ਆਰ. ਦਰਜ ਹੋਈਆਂ, ਇਸ ਨਾਲ 1,324 ਲੋਕ ਪ੍ਰਭਾਵਿਤ ਹੋਏ ਅਤੇ 38 ਗ੍ਰਿਫ਼ਤਾਰੀਆਂ ਹੋਈਆਂ। ਬਰੇਲੀ ਵਿੱਚ ਕੁੱਝ ਦਿਨ ਇੰਟਰਨੈੱਟ ਬੰਦ ਰਿਹਾ ਅਤੇ ਇੱਕ ਸਥਾਨਕ ਮੁਸਲਿਮ ਆਗੂ ਮੌਲਾਨਾ ਤੌਕੀਰ ਰਜ਼ਾ ਖਾਨ ਨੂੰ ਇਕ ਹਫ਼ਤੇ ਲਈ ਘਰ ਵਿੱਚ ਨਜ਼ਰਬੰਦ ਰੱਖਿਆ ਗਿਆ। ਜਿਸ ਨੇ ਦੋਸ਼ ਲਗਾਇਆ ਸੀ ਕਿ ਮੁਸਲਮਾਨਾਂ ਨੂੰ ਬੇਮਤਲਬ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਦੋਸ਼ ਹੈ ਕਿ ਕਾਨਪੁਰ ਘਟਨਾ ਸੰਬੰਧੀ ਇੱਕ ਮੰਗ-ਪੱਤਰ ਸੌਂਪਣ ਦਾ ਸੱਦਾ ਦਿੱਤਾ ਗਿਆ ਪਰ ਉਹ ਖੁਦ ਇਸ ਇਕੱਠ ਵਿੱਚ ’ਚ ਸ਼ਾਮਿਲ ਨਹੀਂ ਹੋਇਆ ਪਰ ਇਕੱਠੇ ਹੋਏ ਲੋਕਾਂ ਵੱਲੋਂ ਹੰਗਾਮਾ ਕੀਤਾ ਗਿਆ। ਇਸ ਗੈਰ-ਜ਼ਿੰਮੇਵਾਰਾਨਾ ਕਾਰਵਾਈ ਕਰਕੇ ਕਈ ਮੁਸਲਮਾਨਾਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ। ਇਸ ਪੂਰੇ ਘਟਨਾਕ੍ਰਮ ਨੇ ਮੁਸਲਮਾਨਾਂ ਵਿਰੁੱਧ ਨਫ਼ਰਤ ਨੂੰ ਉਜਾਗਰ ਕੀਤਾ ਹੈ। ਜਿਵੇਂ ਕਿ ਅਕਸਰ ਹੁੰਦਾ ਹੈ ਚੋਟੀ ਦੇ ਫਿਰਕੂ ਨੇਤਾ ਬੇਤੁਕੇ ਬਿਆਨ ਦੇ ਕੇ ਨਫ਼ਰਤੀ ਮੁਹਿੰਮਾਂ ਨੂੰ ਉਕਸਾ ਕੇ ਹਿੰਸਾ ਭੜਕਾ ਦਿੰਦੇ ਹਨ।

ਮੋਦੀ ਵੀ ਖ਼ਾਸ ਕਰਕੇ ਚੋਣਾਂ ਦੌਰਾਨ ਅਜਿਹਾ ਕਰਦੇ ਰਹਿੰਦੇ ਹਨ, ਇਸ ਵਾਰ ਉਹ ਆਪਣੀਆਂ ਚੋਣ ਮੁਹਿੰਮਾਂ ਦੌਰਾਨ ‘ਘੁਸਪੈਠੀਏ’ ਸ਼ਬਦ ਵਰਤਣ ’ਤੇ ਖ਼ਾਸ ਜ਼ੋਰ ਦੇ ਰਹੇ ਹਨ। ਇਹ ਵਰਤਾਰਾ ਬਿਹਾਰ ਤੇ ਖਾਸ ਕਰਕੇ ਅਸਾਮ ਵਿੱਚ ਮੁਸਲਮਾਨਾਂ ਲਈ ਇੱਕ ਸਰਾਪ ਬਣ ਗਿਆ ਹੈ। ਜਿੱਥੇ ਬਿਹਾਰ ਤੋਂ ਬਾਅਦ 47 ਲੱਖ ਤੋਂ ਵੱਧ ਵੋਟਰ ਵੋਟ ਦੇ ਅਧਿਕਾਰ ਤੋਂ ਵਾਂਝੇ ਕਰ ਦਿੱਤੇ ਜਾਣ ਦੀ ਸ਼ੰਕਾ ਹੈ। ਇਹ ਦੇਸ਼ ਭਰ ’ਚ ਵੋਟਰ ਸੂਚੀਆਂ ਦੇ ਖਤਰਨਾਕ ਵਿਸ਼ੇਸ਼ ਵਿਆਪਕ ਮੁੜ ਪੜਤਾਲ (ਐੱਸ.ਆਈ.ਆਰ.) ਨੂੰ ਲਾਗੂ ਕਰਨ ਦੇ ਕਾਰਨਾਂ ’ਚੋਂ ਇੱਕ ਹੈ।

ਉੱਤਰ ਪ੍ਰਦੇਸ਼ ਜਿੱਥੇ ਸਭ ਤੋਂ ਵੱਧ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ, ਉਥੋਂ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਈ ਅਜਿਹੇ ਬਿਆਨ ਦਿੱਤੇ ਹਨ ਜੋ ਉਨ੍ਹਾਂ ਦੇ ਅਹੁਦੇ ਦੀ ਸ਼ੋਭਾ ਵਧਾਉਣ ਵਾਲੇ ਨਹੀਂ। ਯੋਗੀ ਦਾ ਕਹਿਣਾ ਹੈ ਕਿ ਉਹ ‘ਗਜ਼ਵਾ-ਏ-ਹਿੰਦ’ ਦਾ ਨਾਅਰਾ ਲਗਾਉਣ ਦਾ ਸੁਪਨਾ ਦੇਖਣ ਵਾਲਿਆਂ ਨੂੰ ਨਰਕ ਦੀਆਂ ਟਿਕਟਾਂ ਦੇਣਗੇ। ਇਹ ਗਜ਼ਵਾ-ਏ-ਹਿੰਦ ਇੱਥੇ ਕਿੱਥੋਂ ਆ ਗਿਆ ? ਭਾਰਤੀ ਮੁਸਲਮਾਨਾਂ ਦਾ ਇੱਕ ਵਰਗ ਗਜ਼ਵਾ ਨਹੀਂ, ਸਗੋਂ ਮੈਂ ਮੁਹੰਮਦ ਨੂੰ ਪਿਆਰ ਕਰਦਾ ਹਾਂ ਦਾ ਨਾਅਰਾ ਲਗਾਉਂਦਾ ਰਿਹਾ ਹੈ... ਇਸ ‘ਗਜ਼ਵਾ’ ਦੇ ਨਾਅਰੇ ਦੀ ਵਰਤੋਂ ਤਾਲਿਬਾਨ ਕਿਸਮ ਦੇ ਲੋਕਾਂ ਦੁਆਰਾ ਕੀਤੀ ਜਾਂਦੀ ਹੈ, ਜਦਕਿ ਹਿੰਦੂ ਸੱਜੇ-ਪੱਖੀ (ਕੱਟੜ) ਪੂਰੇ ਮੁਸਲਿਮ ਭਾਈਚਾਰੇ ’ਤੇ ਦੋਸ਼ ਲਗਾ ਰਹੇ ਹਨ। ਕੁਰਾਨ ਵਿੱਚ ‘ਗਜ਼ਵਾ-ਏ-ਹਿੰਦ’ ਦਾ ਕੋਈ ਸਥਾਨ ਨਹੀਂ ਹੈ। ਇੱਕ ਸ਼ੱਕੀ ਹਦੀਸ ਵਿੱਚ ਇਹ ਸ਼ਬਦ ਆਉਂਦਾ ਹੈ, ਪਰ ਇੱਥੇ ‘ਹਿੰਦ’ ਦਾ ਮਤਲਬ ਬਸਰਾ ਹੈ, ਭਾਰਤ ਨਹੀਂ। ਦਰਅਸਲ ਪਾਕਿਸਤਾਨ ਵਿੱਚ ਬਹੁਤ ਸਾਰੇ ਕੱਟੜਪੰਥੀ ਹਨ, ਜੋ ਦਾਅਵਾ ਕਰਦੇ ਹਨ ਕਿ ਹਰ ਜੰਗ ਭਾਰਤ ਵਿਰੁੱਧ ਇੱਕ ਗਜ਼ਵਾ ਹੈ।

ਯੋਗੀ ਨੇ ਅੱਗੇ ਕਿਹਾ ਕਿ ‘ਆਈ ਲਵ ਮੁਹੰਮਦ’ ਦੇ ਪੋਸਟਰ ਅਰਾਜਕਤਾ ਭੜਕਾਉਣ ਲਈ ਲਗਾਏ ਜਾ ਰਹੇ ਹਨ। ਉਨ੍ਹਾਂ ਨੇ ਹਿੰਦੂਆਂ ਨੂੰ ਹਿੰਦੂ ਵਿਰੋਧੀ ਅਤੇ ਰਾਸ਼ਟਰ ਵਿਰੋਧੀ ਸਰਗਰਮੀਆਂ ਤੋਂ ਸਾਵਧਾਨ ਰਹਿਣ ਲਈ ਕਿਹਾ ਹੈ... (ਇੰਡੀਅਨ ਐਕਸਪ੍ਰੈਸ, ਮੁੰਬਈ ਐਡੀਸ਼ਨ, 29 ਸਤੰਬਰ, ਪੰਨਾ 6) ਇਹ ਭਾਰਤ ਦੇ ਸਭ ਤੋਂ ਵੱਡੇ ਘੱਟ-ਗਿਣਤੀ ਭਾਈਚਾਰੇ ਵਿਰੁੱਧ ਨਫ਼ਰਤ ਭੜਕਾਉਣ ਦੀ ਸਭ ਤੋਂ ਭੈੜੀ ਉਦਾਹਰਨ ਹੈ। ਇਹ ਨਾਅਰਾ ਅਰਾਜਕਤਾ ਕਿਵੇਂ ਭੜਕਾ ਸਕਦਾ ਹੈ ? ਇਹ ਨਾਅਰਾ ਰਾਸ਼ਟਰ ਵਿਰੋਧੀ ਕਿਵੇਂ ਹੈ ? ਇਹ ਸਮਝ ਤੋਂ ਪਰ੍ਹੇ ਹੈ। ਉਨ੍ਹਾਂ (ਯੋਗੀ) ਦੇ ਬਿਆਨ ਲੋਕਤੰਤਰੀ ਨਿਯਮਾਂ ਦੀ ਉਲੰਘਣਾ ਕਰਦੇ ਹਨ, ਜੋ ਸਾਨੂੰ ਸ਼ਾਂਤੀਪੂਰਵਕ ਆਪਣੀਆਂ ਭਾਵਨਾਵਾਂ ਪ੍ਰਗਟ ਕਰਨ ਦਾ ਅਧਿਕਾਰ ਦਿੰਦੇ ਹਨ। ਆਈ ਲਵ ਮੁਹੰਮਦ ਵਾਲੀ ਇਹ ਘਟਨਾ ਮੁਸਲਮਾਨਾਂ ਨੂੰ ਡਰਾਉਣ ਅਤੇ ਹਾਸ਼ੀਏ ’ਤੇ ਧੱਕਣ ਦੀ ਸਥਿਤੀ ਬਣਾ ਰਹੀ ਹੈ। ਆਪਣੇ ਪੈਗੰਬਰ ਪ੍ਰਤੀ ਪਿਆਰ ਦੇ ਅਜਿਹੇ ਪ੍ਰਦਰਸ਼ਨ ਲੋਕਤੰਤਰੀ ਪ੍ਰਗਟਾਵੇ ਦੇ ਦਾਇਰੇ ਵਿਚ ਆਉਂਦੇਹਨ। ਜਿਵੇਂ ਪਾਕਿਸਤਾਨ ਵਿੱਚ ਕੁਝ ਕੱਟੜਪੰਥੀ ਤੱਤ ਦਾਅਵਾ ਕਰਦੇ ਹਨ ਕਿ ਭਾਰਤ ਨਾਲ ਹਰ ਟਕਰਾਅ ਇੱਕ ਗਜ਼ਵਾ ਹੈ.., ਸਾਡੇ ਪ੍ਰਧਾਨ ਮੰਤਰੀ ਵੀ ਇਸ ਮਾਮਲੇ ਨੂੰ ਉਸੇ ਦਿਸ਼ਾ ’ਚ ਲਿਜਾ ਰਹੇ ਹਨ, ਜਦੋਂ ਉਹ ਪਾਕਿਸਤਾਨ ’ਤੇ ਕ੍ਰਿਕਟ ਦੀ ਜਿੱਤ ਤੋਂ ਬਾਅਦ ਕਹਿੰਦੇ ਹਨ ਕਿ ਇਹ ‘ਆਪਰੇਸ਼ਨ ਸੰਧੂਰ’ ਦਾ ਵਿਸਥਾਰ ਸੀ।ਰਾਮ ਨੌਮੀ ਦੇ ਜਲੂਸਾਂ ਦੌਰਾਨ ਉੱਚੀ ਆਵਾਜ਼ ਵਿੱਚ ਡੀਜੇ ਵਜਾਉਣ ਵਾਲੇ ਕੁਝ ਸ਼ਰਾਰਤੀ ਅਨਸਰਾਂ ਦੁਆਰਾ ਮਸਜਿਦਾਂ ’ਤੇ ਜ਼ਬਰਦਸਤੀ ਭਗਵੇਂ ਝੰਡੇ ਲਹਿਰਾਉਣ ਦੇ ਉਲਟ ਮੁਸਲਮਾਨਾਂ ਦੁਆਰਾ ਅਜਿਹੇ ਸ਼ਾਂਤੀਪੂਰਨ ਜਲੂਸ ਕੱਢਣਾ ਬਿਲਕੁਲ ਆਮ ਗੱਲ ਸੀ, ਜਦਕਿ ਕੁਝ ਹਿੰਦੂ ਤਿਉਹਾਰਾਂ ਨੂੰ ਮੁਸਲਮਾਨਾਂ ਖ਼ਿਲਾਫ਼ ਹਥਿਆਰ ਬਣਾਇਆ ਜਾ ਰਿਹਾ ਹੈ!




# ਦੀਵਾਲੀ ਮੌਕੇ ਪਰਵਾਸੀ ਪੰਜਾਬੀਆਂ ਦੀ ਪੰਜਾਬ ਫੇਰੀ


ਪੰਜਾਬ ਡਾਇਰੀ
ਜਗਮੋਹਨ ਸਿੰਘ
9463819174




ਸੱਤ ਸਮੁੰਦਰ ਪਾਰ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਵਸੇ ਹੋਏ ਪੰਜਾਬੀ ਅਕਸਰ ਰੌਸ਼ਨੀਆਂ ਦਾ ਤਿਉਹਾਰ ਦੀਵਾਲੀ ਮੌਕੇ ਪੰਜਾਬ ਵਿੱਚ ਜ਼ਰੂਰ ਆਉਣਾ ਚਾਹੁੰਦੇ ਹਨ। ਇਸ ਵਾਰ ਵੀ ਦੀਵਾਲੀ ਮੌਕੇ ਵੱਡੀ ਗਿਣਤੀ ਪਰਵਾਸੀ ਪੰਜਾਬੀਆਂ ਦੇ ਪੰਜਾਬ ਆਉਣ ਦੀ ਸੰਭਾਵਨਾ ਹੈ। ਪਰਵਾਸੀ ਪੰਜਾਬੀਆਂ ਨੂੰ ਵਿਦੇਸ਼ਾਂ ਵਿੱਚ ਮਿਲਦੇ ਡਾਲਰਾਂ ਦੀ ਚਕਾਚੌਂਧ ਵੀ ਪੰਜਾਬ ਦੇ ਆਪਣੇ ਜੱਦੀ ਘਰ ਵਿੱਚ ਮਨਾਈ ਜਾਂਦੀ ਦੀਵਾਲੀ ਮੌਕੇ ਕੀਤੀ ਗਈ ਰੌਸ਼ਨੀ ਅੱਗੇ ਫਿੱਕੀ ਲੱਗਦੀ ਹੈ। ਇਸੇ ਕਰਕੇ ਪੰਜਾਬ ਤੋਂ ਦੂਰ ਰਹਿੰਦੇ ਪਰਵਾਸੀ ਪੰਜਾਬੀ ਦੀਵਾਲੀ ਮੌਕੇ ਪੰਜਾਬ ਵਿੱਚ ਆਪਣੇ ਜੱਦੀ ਘਰਾਂ 'ਚ ਆਉਣ ਨੂੰ ਤਰਜੀਹ ਦਿੰਦੇ ਹਨ।

ਵੱਡੀ ਗਿਣਤੀ ਐਨ.ਆਰ. ਆਈ. ਪੰਜਾਬੀ ਦੀਵਾਲੀ ਦੇ ਤਿਉਹਾਰ ਤੋਂ ਮਹੀਨਾ ਕੁ ਪਹਿਲਾਂ ਹੀ ਪੰਜਾਬ ਵਿਚਲੇ ਆਪਣੇ ਜੱਦੀ ਘਰ ਜਾਂ ਵਿਦੇਸ਼ੀ ਡਾਲਰਾਂ ਨਾਲ ਬਣਾਏ ਆਲੀਸ਼ਾਨ ਘਰਾਂ ਵਿੱਚ ਰਹਿਣ ਵਾਲੇ ਆਪਣੇ ਪਰਿਵਾਰਕ ਮੈਂਬਰਾਂ ਜਾਂ ਘਰ ਦੀ ਸੰਭਾਲ ਕਰਨ ਵਾਲੇ ਕੇਅਰ ਕੇਟਰਾਂ ਨੂੰ ਘਰਾਂ ਨੂੰ ਨਵਾਂ ਰੰਗ ਰੋਗਣ ਕਰਵਾਉਣ ਲਈ ਕਹਿ ਦਿੰਦੇ ਹਨ ਅਤੇ ਇਸ ਕੰਮ ਲਈ ਉਹ ਪੈਸੇ ਵੀ ਐਂਡਵਾਂਸ ਵਿੱਚ ਭੇਜ ਦਿੰਦੇ ਹਨ। ਇਸੇ ਕਰਕੇ ਹਰ ਸਾਲ ਦੀਵਾਲੀ ਮੌਕੇ ਐਨ.ਆਰ. ਆਈ. ਪੰਜਾਬੀਆਂ ਦੇ ਪੰਜਾਬ ਵਿਚਲੇ ਘਰਾਂ 'ਤੇ ਕੀਤਾ ਹੋਇਆ ਨਵਾਂ ਰੰਗ ਰੋਗਣ ਇਹਨਾਂ ਘਰਾਂ ਦੀ ਸਜਾਵਟ ਵਿੱਚ ਬਹੁਤ ਵਾਧਾ ਕਰ ਦਿੰਦਾ ਹੈ। ਇਸ ਤੋਂ ਇਲਾਵਾ ਐਨ.ਆਰ. ਆਈ. ਪੰਜਾਬੀਆਂ ਵੱਲੋਂ ਆਪਣੇ ਘਰਾਂ 'ਤੇ ਬਣਾਏ ਹੋਏ ਜਹਾਜ਼, ਬਲਦ, ਗੱਡੇ, ਘੋੜੇ ਅਤੇ ਹੋਰ ਕਈ ਕਿਸਮ ਦੀਆਂ ਟੈਂਕੀਆਂ ਵੀ ਨਵਾਂ ਰੰਗ ਰੋਗਣ ਹੋਣ ਕਾਰਨ ਦੂਰ ਤੋਂ ਹੀ ਲਿਸ਼ਕਾਂ ਮਾਰਦੇ ਹਨ।

ਵੱਡੀ ਗਿਣਤੀ ਐਨ.ਆਰ. ਆਈ. ਪੰਜਾਬੀ ਦੀਵਾਲੀ ਮੌਕੇ ਪੰਜਾਬ ਆਉਣ ਤੋਂ ਪਹਿਲਾਂ ਹੀ ਆਪਣੇ ਘਰਾਂ ਦੀ ਮੁਰੰਮਤ ਆਦਿ ਕਰਵਾ ਲੈਂਦੇ ਹਨ ਅਤੇ ਘਰਾਂ ਨੂੰ ਬਿਲਕੁਲ ਨਵਾਂ ਬਣਾਉਣ ਦੇ ਯਤਨ ਕਰਦੇ ਹਨ। ਦੀਵਾਲੀ ਮੌਕੇ ਐਨ.ਆਰ. ਆਈ. ਪੰਜਾਬੀਆਂ ਦੇ ਪੰਜਾਬ ਵਿਚਲੇ ਆਪਣੇ ਘਰਾਂ ਵਿੱਚ ਆਉਣ ਕਾਰਨ ਇਹਨਾਂ ਘਰਾਂ ਵਿੱਚ ਰੌਣਕਾਂ ਪਰਤ ਆਉਂਦੀਆਂ ਹਨ ਅਤੇ ਦੀਵਾਲੀ ਮੌਕੇ ਇਹਨਾਂ ਘਰਾਂ ਵਿੱਚ ਕੀਤੀਆਂ ਗਈਆਂ ਰੌਸ਼ਨੀਆਂ ਦੂਰ ਦੂਰ ਤਕ ਰਿਸ਼ਮਾਂ ਬਿਖ਼ੇਰਦੀਆਂ ਹਨ।



ਦੀਵਾਲੀ ਦੇ ਨੇੜੇ ਤੇੜੇ ਐਨ.ਆਰ. ਆਈ. ਪੰਜਾਬੀਆਂ ਦੇ ਘਰਾਂ ਵਿੱਚ ਅਕਸਰ ਸ਼ਗਨਾਂ ਦੀ ਸ਼ਹਿਨਾਈ ਵੀ ਵੱਜਦੀ ਹੈ। ਇਸ ਮੌਕੇ ਐਨ.ਆਰ. ਆਈ. ਪੰਜਾਬੀਆਂ ਦੇ ਜਵਾਨ ਪੁੱਤਰ ਦੀ ਬਾਰਾਤ ਚੜ੍ਹਦੀ ਹੈ ਅਤੇ ਸ਼ਾਮ ਨੂੰ ਸ਼ਗਨਾਂ ਤੇ ਚਾਵਾਂ ਮਲ੍ਹਾਰਾਂ ਨਾਲ ਨਵ ਵਿਆਹੀ ਨੂੰਹ ਦੀ ਡੋਲੀ ਘਰੇ ਆਉਂਦੀ ਹੈ। ਇਸ ਮੌਕੇ ਸ਼ਗਨਾਂ ਦੇ ਗੀਤ ਗਾਏ ਜਾਂਦੇ ਹਨ ਅਤੇ ਤੇਲ ਚੋਇਆ ਜਾਂਦਾ ਹੈ। ਐਨ.ਆਰ. ਆਈ. ਪੰਜਾਬੀ ਅਕਸਰ ਆਪਣੇ ਧੀਆਂ ਪੁੱਤਾਂ ਦੇ ਵਿਆਹ ਦੀਵਾਲੀ ਮੌਕੇ ਪੰਜਾਬ ਆਉਣ ਮੌਕੇ ਕਰਦੇ ਹਨ। ਇਸ ਤੋਂ ਇਲਾਵਾ ਦੀਵਾਲੀ ਮੌਕੇ ਐਨ.ਆਰ. ਆਈ. ਪੰਜਾਬੀਆਂ ਦੇ ਘਰਾਂ ਵਿਚੋਂ ਕੱਢੇ ਜਾਂਦੇ ਤਾਜ਼ੇ ਖੋਏ ਦੀ ਮਹਿਕ ਵੀ ਦੂਰ ਦੂਰ ਤਕ ਜਾਂਦੀ ਹੈ। ਐਨ.ਆਰ. ਆਈ. ਪੰਜਾਬੀਆਂ ਦੇ ਘਰਾਂ ਵਿਚੋਂ ਅੱਲ੍ਹੜਾਂ ਦੇ ਹਾਸੇ ਵੀ ਦੂਰ ਦੂਰ ਤਕ ਸੁਣਾਈ ਦਿੰਦੇ ਹਨ ਅਤੇ ਸੱਜ ਵਿਆਹੀ ਦੀਆਂ ਗੋਰੀਆਂ ਬਾਂਹਾਂ ਵਿੱਚ ਪਾਇਆ ਹੋਇਆ ਰੰਗ ਬਿਰੰਗਾ ਚੂੜਾ ਵਿਸ਼ੇਸ਼ ਸੰਗੀਤ ਪੈਦਾ ਕਰਦਾ ਹੋਇਆ ਛਣਕਦਾ ਹੈ।

ਐਨ.ਆਰ. ਆਈ. ਪੰਜਾਬੀਆਂ ਦੇ ਪੰਜਾਬ ਵਿੱਚ ਰਹਿੰਦੇ ਪਰਿਵਾਰਕ ਮੈਂਬਰਾਂ ਨੂੰ ਵੀ ਆਪਣੇ ਐਨ.ਆਰ. ਆਈ. ਪਰਿਵਾਰਕ ਮੈਂਬਰਾਂ ਦੇ ਪੰਜਾਬ ਆਉਣ ਦਾ ਬਹੁਤ ਚਾਅ ਹੁੰਦਾ ਹੈ। ਐਨ.ਆਰ. ਆਈ. ਪੰਜਾਬੀਆਂ ਦੀ ਪੰਜਾਬ ਫੇਰੀ ਮੌਕੇ ਹੀ ਘਰ ਅਤੇ ਜ਼ਮੀਨ ਜਾਇਦਾਦ ਨਾਲ ਸਬੰਧਿਤ ਕਈ ਤਰਾਂ ਦੇ ਜ਼ਰੂਰੀ ਕੰਮ ਧੰਦੇ ਵੀ ਕਰ ਲਏ ਜਾਂਦੇ ਹਨ। ਐਨ.ਆਰ. ਆਈ. ਪੰਜਾਬੀਆਂ ਵੱਲੋਂ ਆਪਣੇ ਪਰਿਵਾਰਕ ਮੈਂਬਰਾਂ ਅਤੇ ਹੋਰ ਰਿਸ਼ਤੇਦਾਰਾਂ ਲਈ ਲਿਆਂਦੇ ਸਮਾਨ ਨੂੰ ਵੇਖ ਕੇ ਸਬੰਧਿਤ ਮੈਂਬਰਾਂ ਦੇ ਚਿਹਰੇ ਖਿੜ ਜਾਂਦੇ ਹਨ ਅਤੇ ਉਹ ਖੁਸ਼ੀ ਵਿੱਚ ਝੂਮਦੇ ਫਿਰਦੇ ਹਨ।

ਦੀਵਾਲੀ ਮੌਕੇ ਪੰਜਾਬ ਆਏ ਐਨ.ਆਰ. ਆਈ. ਪੰਜਾਬੀ ਅਕਸਰ ਆਪਣੇ ਪਿੰਡਾਂ ਦੇ ਵਿਕਾਸ ਕੰਮਾਂ ਵਿੱਚ ਵੀ ਯੋਗਦਾਨ ਪਾਉਂਦੇ ਹਨ। ਇਸ ਤੋਂ ਇਲਾਵਾ ਕਈ ਐਨ.ਆਰ. ਆਈ. ਪੰਜਾਬੀ ਖੇਡ ਮੇਲਿਆਂ ਅਤੇ ਹੋਰ ਮੇਲਿਆਂ ਤੇ ਸਮਾਗਮਾਂ ਵਿੱਚ ਵੀ ਆਪਣੀ ਮਦਦ ਕਰਦੇ ਹਨ। ਐਨ.ਆਰ. ਆਈ. ਪੰਜਾਬੀਆਂ ਦੇ ਪੰਜਾਬ ਰਹਿੰਦੇ ਦੋਸਤਾਂ ਨੂੰ ਵੀ ਚਾਅ ਚੜ੍ਹਿਆ ਹੁੰਦਾ ਹੈ ਅਤੇ ਉਹ ਆਪਣੇ ਪਰਦੇਸੀ ਮਿੱਤਰਾਂ ਤੋਂ ਵਲੈਤ ਦੀਆਂ ਗੱਲਾਂ ਰਸ ਲੈ ਕੇ ਸੁਣਦੇ ਹਨ।



ਦੀਵਾਲੀ ਦਾ ਤਿਉਹਾਰ ਭਾਵੇਂ ਪੰਜਾਬ ਸਮੇਤ ਪੂਰੇ ਭਾਰਤ ਅਤੇ ਵਿਦੇਸ਼ਾਂ ਵਿੱਚ ਵੀ ਮਨਾਇਆ ਜਾਂਦਾ ਹੈ ਪਰ ਐਨ.ਆਰ. ਆਈ. ਪੰਜਾਬੀਆਂ ਨੂੰ ਦੀਵਾਲੀ ਮੌਕੇ ਆਪਣੇ ਪਿੰਡ, ਆਪਣੇ ਘਰਾਂ ਵਿੱਚ ਦੀਵਾਲੀ ਦਾ ਤਿਉਹਾਰ ਮਨਾ ਕੇ ਜੋ ਖੁਸ਼ੀ ਮਿਲਦੀ ਹੈ, ਉਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ।



## ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ


ਅੰਮ੍ਰਿਤਸਰ ਦੀ ਦੀਵਾਲੀ ਪੂਰੀ ਦੁਨੀਆਂ ਵਿੱਚ ਪ੍ਰਸਿੱਧ ਹੈ। ਵਿਸ਼ੇਸ਼ ਕਰਕੇ ਦੀਵਾਲੀ ਅਤੇ ਬੰਦੀ ਛੋੜ ਦਿਵਸ ਮੌਕੇ ਸ੍ਰੀ ਦਰਬਾਰ ਸਾਹਿਬ ਵਿੱਚ ਵਿਸ਼ੇਸ਼ ਦੀਪਮਾਲਾ ਕੀਤੀ ਜਾਂਦੀ ਹੈ। ਦੁਨੀਆਂ ਭਰ ਵਿੱਚ ਵਸਦੇ ਸਿੱਖ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਦੀਵਾਲੀ ਅਤੇ ਬੰਦੀ ਛੋੜ ਦਿਵਸ ਮੌਕੇ ਨਤਮਸਤਕ ਹੋਣ ਲਈ ਆਉਂਦੇ ਹਨ। ਦੀਵਾਲੀ ਅਤੇ ਬੰਦੀ ਛੋੜ ਦਿਵਸ ਵਾਲੇ ਦਿਨ ਵੱਡੀ ਗਿਣਤੀ ਸੰਗਤਾਂ ਪੂਰੀ ਮਰਿਆਦਾ 'ਚ ਰਹਿੰਦਿਆਂ ਨਤਮਸਤਕ ਹੁੰਦੀਆਂ ਹਨ ਅਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦੀਆਂ ਹਨ। ਦੀਵਾਲੀ ਅਤੇ ਬੰਦੀ ਛੋੜ ਦਿਵਸ ਮੌਕੇ ਸ੍ਰੀ ਦਰਬਾਰ ਸਾਹਿਬ ਪਹੁੰਚੀਆਂ ਸੰਗਤਾਂ ਵਿੱਚ ਉਤਸ਼ਾਹ ਵੇਖਣ ਵਾਲਾ ਹੁੰਦਾ ਹੈ।





ਬੰਦੀ ਛੋੜ ਦਿਵਸ 'ਤੇ ਵਿਸ਼ੇਸ਼ ਲੇਖ

# ਸ਼ਬਦ ਗੁਰੂ ਦੇ ਪ੍ਰਕਾਸ਼ ਰਾਹੀਂ ਜ਼ਿੰਦਗੀ ਰੁਸ਼ਨਾਈਏ



ਹਰਜਿੰਦਰ ਸਿੰਘ ਧਾਮੀ



ਸਿੱਖ ਕੌਮ ਦੇ ਨਿਰਾਲੇ ਇਤਿਹਾਸ ਨੂੰ ਬਿਆਨ ਕਰਦਾ ਬੰਦੀ ਛੋੜ ਦਿਵਸ ਕੌਮ ਵੱਲੋਂ ਸ਼ਰਧਾ ਸਤਿਕਾਰ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਦਾ ਸਬੰਧ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਜੁੜਦਾ ਹੈ। ਛੇਵੇਂ ਪਾਤਸ਼ਾਹ ਆਪਣੇ ਨਾਲ 52 ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ 'ਚੋਂ ਰਿਹਾਅ ਕਰਵਾਉਣ ਮਗਰੋਂ ਇਸ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਪਹੁੰਚੇ ਸਨ, ਜਿਸ 'ਤੇ ਸੰਗਤਾਂ ਨੇ ਘਿਓ ਦੇ ਦੀਵੇ ਬਾਲ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਸੀ। ਇਹ ਪ੍ਰੰਪਰਾ ਅੱਜ ਵੀ ਨਿਰੰਤਰ ਜਾਰੀ ਹੈ। ਇਸ ਮੌਕੇ ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ 'ਚ ਸੰਗਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕਰਦੀ ਹੈ। ਇਸ ਦਿਨ ਦੇ ਇਤਿਹਾਸ ਨੇ ਹੱਕ ਸੱਚ ਅਤੇ ਇਨਸਾਫ਼ ਦੀ ਇਕ ਵੱਡੀ ਉਦਾਹਰਨ ਪੇਸ਼ ਕੀਤੀ, ਜੋ ਦੁਨੀਆਂ ਅੰਦਰ ਹੋਰ ਕਿਧਰੇ ਨਹੀਂ ਮਿਲਦੀ।

ਸਮੇਂ ਦੀਆਂ ਹਕੂਮਤਾਂ ਅਕਸਰ ਮਨੁੱਖੀ ਹੱਕਾਂ ਨੂੰ ਦਬਾਉਣ ਦਾ ਯਤਨ ਕਰਦੀਆਂ ਰਹੀਆਂ ਹਨ। ਗੁਰੂ ਸਾਹਿਬਾਨ ਦੇ ਸਮੇਂ ਵੀ ਹਕੂਮਤਾਂ ਦਾ ਜਬਰ ਸਿਖਰ 'ਤੇ ਸੀ, ਜਿਸ ਵਿਰੁੱਧ ਗੁਰੂ ਸਾਹਿਬਾਨ ਨੇ ਆਵਾਜ਼ ਬੁਲੰਦ ਕੀਤੀ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵੀ ਹੱਕ-ਸੱਚ ਦੀ ਆਵਾਜ਼ ਨੂੰ ਬੁਲੰਦ ਕਰਦਿਆਂ ਹੋਈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਹਕੂਮਤ ਦੇ ਜ਼ੁਲਮ ਨਾਲ ਨਜਿੱਠਣ ਲਈ ਛੇਵੇਂ ਪਾਤਸ਼ਾਹ ਨੇ ਸਿੱਖ ਕੌਮ ਨੂੰ ਸ਼ਸਤਰਧਾਰੀ ਹੋਣ ਲਈ ਪ੍ਰੇਰਦਿਆਂ ਘੋੜ ਸਵਾਰੀ ਅਤੇ ਯੁੱਧ ਕਲਾ ਵਿੱਚ ਨਿਪੁੰਨ ਹੋਣ ਦਾ ਸੰਦੇਸ਼ ਦਿੱਤਾ। ਇਸ ਦੇ ਨਾਲ ਆਜ਼ਾਦ ਹੋਂਦ ਹਸਤੀ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਜ਼ਾਦਾਨਾ ਤੇ ਬੁਲੰਦ ਸ਼ਖ਼ਸੀਅਤ ਸਮੇਂ ਦੀ ਹਕੂਮਤ ਨੂੰ ਰੜਕਣ ਲੱਗੀ। ਇਸ ਦੇ ਨਾਲ ਹੀ ਗੁਰੂ ਘਰ ਦੇ ਦੋਖੀਆਂ ਨੇ ਵੀ ਹਕੂਮਤ ਦੇ ਕੰਨ ਭਰੇ। ਬਾਦਸ਼ਾਹ ਜਹਾਂਗੀਰ ਨੇ ਕਪਟੀ ਚਾਲਾਂ ਚੱਲਦਿਆਂ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਲਿਆ। ਇਸ ਕਿਲ੍ਹੇ ਵਿੱਚ ਜਹਾਂਗੀਰ ਨੇ ਵੱਖ-ਵੱਖ ਰਿਆਸਤਾਂ ਦੇ 52 ਰਾਜਿਆਂ ਨੂੰ ਵੀ ਕੈਦ ਰੱਖਿਆ ਹੋਇਆ ਸੀ। ਇਹ ਰਾਜੇ ਆਪਣੀ ਆਜ਼ਾਦੀ ਦਾ ਵਿਚਾਰ ਤਿਆਗ ਕੇ ਘੋਰ ਨਿਰਾਸ਼ਾ ਵਿੱਚ ਜਾ ਚੁੱਕੇ ਸਨ। ਗੁਰੂ ਸਾਹਿਬ ਦੀ ਸੰਗਤ ਦਾ ਇਨ੍ਹਾਂ ਬੰਦੀ ਰਾਜਿਆਂ ਦੇ ਮਨਾਂ 'ਤੇ ਬਹੁਤ ਚੰਗਾ ਅਸਰ ਹੋਇਆ ਅਤੇ ਉਨ੍ਹਾਂ ਅੰਦਰ ਆਸ ਦੀ ਕਿਰਨ ਜਾਗ ਉੱਠੀ। ਇਸ ਦੇ ਨਾਲ ਹੀ ਗੁਰੂ ਸਾਹਿਬ ਨੂੰ ਕਿਲ੍ਹੇ ਵਿੱਚ ਬੰਦੀ ਬਣਾਉਣ ਕਰਕੇ ਸਿੱਖ ਸੰਗਤ ਦੇ ਮਨਾਂ ਵਿੱਚ ਵੀ ਭਾਰੀ ਰੋਸ ਸੀ, ਜਿਸ ਨੂੰ ਵੇਖਦਿਆਂ ਹਕੂਮਤ ਨੂੰ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਐਲਾਨ ਕਰਨਾ ਪਿਆ। ਗੁਰੂ ਸਾਹਿਬ ਨੇ ਆਪਣੇ ਨਾਲ ਬੰਦੀ ਰਾਜਿਆਂ ਦੀ ਰਿਹਾਈ ਲਈ ਹਕੂਮਤ ਅੱਗੇ ਸ਼ਰਤ ਰੱਖੀ ਅਤੇ ਇੰਝ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਮੁਕਤ ਕਰਵਾ ਕੇ ਲੋਕਾਈ ਨੂੰ ਇਕ ਨਵੀਂ ਰੋਸ਼ਨੀ ਦਿੱਤੀ। ਗੁਰੂ ਸਾਹਿਬ ਦੇ ਇਸ ਕਦਮ ਨਾਲ ਮਨੁੱਖਤਾ ਅੰਦਰ ਆਜ਼ਾਦੀ ਦੀ ਲੋਅ ਇਕ ਵਾਰ ਫਿਰ ਰੋਸ਼ਨ ਹੋ ਗਈ।

ਬੰਦੀ ਛੋੜ ਦਿਹਾੜੇ ਨਾਲ ਸਿੱਖ ਇਤਿਹਾਸ ਦਾ ਇਕ ਹੋਰ ਪੰਨਾ ਜੁੜਦਾ ਹੈ। ਸਿੱਖ ਕੌਮ 'ਤੇ ਇੱਕ ਸਮਾਂ ਅਜਿਹਾ ਆਇਆ ਜਦ ਹਕੂਮਤ ਨੇ ਸਿੱਖਾਂ ਨੂੰ ਖਤਮ ਕਰਨ ਦੇ ਮਨਸੂਬੇ ਬਣਾਏ। ਸਿੱਖ ਜੰਗਲਾਂ ਵਿੱਚ ਰਹਿ ਕੇ ਗੁਜ਼ਾਰਾ ਕਰਨ ਲਗੇ। ਇਸੇ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਮਨੀ ਸਿੰਘ ਨੇ ਬੰਦੀ ਛੋੜ ਦਿਵਸ ਮੌਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਸੰਗਤ ਦਾ ਇਕੱਠ ਕਰਨ ਦੀ ਹਕੂਮਤ ਪਾਸੋਂ ਇਜਾਜ਼ਤ ਮੰਗੀ। ਹਕੂਮਤ ਨੇ ਮੰਦਭਾਵਨਾ ਤਹਿਤ ਟੈਕਸ ਦੀ ਅਦਾਇਗੀ ਬਦਲੇ ਇਹ ਮਨਜ਼ੂਰੀ ਦਿੱਤੀ। ਹਕੂਮਤ ਦੀ ਮਨਸ਼ਾ ਇਕੱਠੇ ਹੋਏ ਸਿੱਖਾਂ ਨੂੰ ਖ਼ਤਮ ਕਰਨ ਦੀ ਸੀ। ਭਾਈ ਮਨੀ ਸਿੰਘ ਨੂੰ ਪਤਾ ਲੱਗਣ 'ਤੇ ਉਨ੍ਹਾਂ ਸੰਗਤ ਨੂੰ ਅੰਮ੍ਰਿਤਸਰ ਆਉਣੋਂ ਰੋਕ ਦਿੱਤਾ। ਸਰਕਾਰ ਦੇ ਸਿੱਖਾਂ ਨੂੰ ਨੁਕਸਾਨ ਪਹੁੰਚਾਉਣ ਦੇ ਮਨਸੂਬੇ ਧਰੇ-ਧਰਾਏ ਰਹਿ ਗਏ। ਇਸ 'ਤੇ ਲੋਹੀ ਲਾਖੀ ਹੋਈ ਸਰਕਾਰ ਨੇ ਭਾਈ ਮਨੀ ਸਿੰਘ ਨੂੰ ਨਿਸ਼ਾਨਾ ਬਣਾਇਆ। ਭਾਈ ਮਨੀ ਸਿੰਘ ਨੂੰ ਟੈਕਸ ਨਾ ਤਾਰਨ ਬਦਲੇ ਇਸਲਾਮ ਜਾਂ ਮੌਤ ਕਬੂਲਣ ਦਾ ਫੁਰਮਾਨ ਜਾਰੀ ਕਰ ਦਿੱਤਾ। ਇਸ 'ਤੇ ਭਾਈ ਮਨੀ ਸਿੰਘ ਨੇ ਸਿੱਖ ਕੌਮ ਦੇ ਗੌਰਵਮਈ ਇਤਿਹਾਸ 'ਤੇ ਪਹਿਰਾ ਦਿੰਦਿਆਂ ਸ਼ਹਾਦਤ ਨੂੰ ਪ੍ਰਵਾਨ ਕੀਤਾ। ਮੁਗਲ ਹਕੂਮਤ ਨੇ ਭਾਈ ਮਨੀ ਸਿੰਘ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ।

ਇਸ ਤਰ੍ਹਾਂ ਬੰਦੀ ਛੋੜ ਦਿਹਾੜੇ ਦਾ ਇਤਿਹਾਸ ਮਨੁੱਖੀ ਹੱਕਾਂ ਲਈ ਸੰਘਰਸ਼ ਦੀ ਪ੍ਰੇਰਨਾ ਦਿੰਦਾ ਹੈ। ਸਿੱਖ ਕੌਮ ਦਾ ਇਹ ਖਾਸਾ ਰਿਹਾ ਹੈ ਕਿ ਇਸ ਨੇ ਹਮੇਸ਼ਾਂ ਹੀ ਸਮਾਜਿਕ ਕੁਰੀਤੀਆਂ ਦੇ ਨਾਲ-ਨਾਲ ਜ਼ਬਰ ਜ਼ੁਲਮ ਵਿਰੁੱਧ ਸੰਘਰਸ਼ ਕੀਤਾ। ਚੁਣੌਤੀਆਂ ਅਤੇ ਸੰਘਰਸ਼ ਦੇ ਦੌਰ ਵਿਚ ਸਿੱਖਾਂ ਨੇ ਕਦੇ ਵੀ ਹਿੰਮਤ ਨਹੀਂ ਹਾਰੀ। 18ਵੀਂ ਸਦੀ ਦੇ ਮੁਸ਼ਕਲ ਦੌਰ ਵਿੱਚ ਵੀ ਸਿੱਖ ਪੰਥ ਬੰਦੀ ਛੋੜ ਦਿਵਸ ਮੌਕੇ ਸ੍ਰੀ ਅੰਮ੍ਰਿਤਸਰ ਵਿਚ ਇਕੱਠੇ ਹੋ ਕੇ ਕੌਮੀ ਲੇਖਾ-ਜੋਖਾ ਕਰਿਆ ਕਰਦਾ ਸੀ। ਇਸ ਮੌਕੇ ਬੀਤੇ ਸਮੇਂ ਦੇ ਕਾਰਜਾਂ ਨੂੰ ਵਿਚਾਰ ਕੇ ਭਵਿੱਖਮੁਖੀ ਤਰਜੀਹਾਂ ਨਿਰਧਾਰਤ ਕੀਤੀਆਂ ਜਾਂਦੀਆਂ ਸਨ।

ਮੌਜੂਦਾ ਸਮੇਂ ਦੀ ਗੱਲ ਕਰੀਏ ਤਾਂ ਅੱਜ ਵੀ ਕੌਮ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਰਪੇਸ਼ ਹਨ, ਅੱਜ ਵੀ ਸਮਾਜ ਅੰਦਰ ਕੁਰੀਤੀਆਂ ਦੀ ਭਰਮਾਰ ਦੇ ਨਾਲ-ਨਾਲ ਪੰਥ ਵਿਰੋਧੀ ਸ਼ਕਤੀਆਂ ਸਰਗਰਮ ਹਨ, ਜਿਨ੍ਹਾਂ ਸਬੰਧੀ ਵਿਚਾਰ ਕਰਨ ਲਈ ਪੰਥਕ ਇੱਕਜੁਟਤਾ ਲਾਜਮੀ ਹੈ।

ਇੱਕ ਪਾਸੇ ਛੇਵੇਂ ਪਾਤਸ਼ਾਹ ਸ੍ਰੀ ਹਰਿਗੋਬਿੰਦ ਸਾਹਿਬ ਨੇ ਮੁਗਲ ਹਕੂਮਤ ਵੱਲੋਂ ਕੈਦ ਕੀਤੇ ਦੇਸ਼ ਦੇ ਵੱਖ-ਵੱਖ ਰਾਜਿਆਂ ਦੀ ਬੰਦ ਖਲਾਸੀ ਕੀਤੀ ਸੀ ਜਦਕਿ ਅੱਜ ਇਸ ਦੇਸ਼ ਅੰਦਰ ਉਨ੍ਹਾਂ ਦੇ ਅਨੁਆਈ ਸਿੱਖਾਂ ਨੂੰ 30-30 ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਰੱਖਿਆ ਹੋਇਆ ਹੈ। ਬੰਦੀ ਸਿੰਘਾਂ ਦੇ ਮਾਮਲੇ ਵਿੱਚ ਸਰਕਾਰ ਵੱਲੋਂ ਕੀਤਾ ਜਾ ਰਿਹਾ ਵਿਤਕਰਾ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾ ਰਿਹਾ ਹੈ। ਉਮਰ ਕੈਦ ਤੋਂ ਦੁੱਗਣਾ ਸਮਾਂ ਜੇਲ੍ਹਾਂ ਵਿੱਚ ਬਤੀਤ ਕਰਨ ਦੇ ਬਾਵਜੂਦ ਸਰਕਾਰਾਂ ਸਿੱਖ ਬੰਦੀਆਂ ਨੂੰ ਰਿਹਾਅ ਨਹੀਂ ਕਰ ਰਹੀਆਂ। ਇਸ ਦੇ ਨਾਲ ਹੀ ਸਿੱਖਾਂ ਵੱਲੋਂ ਕੁਰਬਾਨੀਆਂ ਨਾਲ ਸਥਾਪਤ ਕੀਤੀਆਂ ਸਿੱਖ ਸੰਸਥਾਵਾਂ ਨੂੰ ਤੋੜਣ ਤੇ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਦੇ ਕੋਝੇ ਯਤਨਾਂ ਤਹਿਤ ਚਾਲਾਂ ਚੱਲੀਆਂ ਜਾ ਰਹੀਆਂ ਹਨ।

ਅੱਜ ਲੋੜ ਹੈ ਕਿ ਪੰਥ ਵਿਰੋਧੀ ਚਾਲਾਂ ਤੋਂ ਸੁਚੇਤ ਹੁੰਦੇ ਹੋਏ ਆਪਣੀਆਂ ਪੁਰਾਣੀਆਂ ਪ੍ਰੰਪਰਾਵਾਂ ਅਨੁਸਾਰ ਸਿੱਖ ਕੌਮ ਚੁਣੌਤੀਆਂ ਦੇ ਟਾਕਰੇ ਲਈ ਸਿਰਜੋੜ ਬੈਠੇ। ਬੰਦੀ ਛੋੜ ਦਿਵਸ ਦੀ ਸੰਗਤ ਨੂੰ ਵਧਾਈ ਦਿੰਦਾ ਹੋਇਆ ਅਪੀਲ ਕਰਦਾ ਹਾਂ ਕਿ ਸਿੱਖ ਕੌਮ ਇਸ ਇਤਿਹਾਸਕ ਦਿਹਾੜੇ 'ਤੇ ਆਪਣੇ ਇਤਿਹਾਸ ਤੋਂ ਵੀ ਸੇਧ ਲਵੇ। ਬੰਦੀ ਛੋੜ ਦਿਹਾੜੇ ਦਾ ਸੁਨੇਹਾ ਸਿਰਜੋੜ ਕੇ ਬੈਠਣ ਅਤੇ ਪੰਥਕ ਚੁਣੌਤੀਆਂ ਚੋਂ ਉਭਰਨ ਲਈ ਇਕਜੁੱਟ ਹੋਣ ਦਾ ਸੱਦਾ ਹੈ। ਇਸ ਮੌਕੇ 'ਤੇ ਆਪਣੇ ਘਰਾਂ ਨੂੰ ਰੁਸ਼ਨਾਉਣ ਦੇ ਨਾਲ-ਨਾਲ ਸ਼ਬਦ ਗੁਰੂ ਦੇ ਪ੍ਰਕਾਸ਼ ਰਾਹੀਂ ਆਪਣੇ ਹਿਰਦੇ ਨੂੰ ਵੀ ਰੁਸ਼ਨਾਉਣਾ ਹੈ ਅਤੇ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਹਮੇਸ਼ਾਂ ਹੀ ਤਤਪਰ ਰਹਿਣਾ ਹੈ।

# ਬੰਦੀ ਛੋੜ ਦਿਵਸ ਤੇ ਦੀਵਾਲੀ ਦਾ ਆਪਸੀ ਸਬੰਧ !

ਡਾ. ਗੁਰਦੇਵ ਸਿੰਘ



ਸਤਿਗੁਰੁ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ॥

ਗੁਰਮੁਖਿ ਮਨ ਅਪਤੀਜੁ ਪਤੀਣਾ॥

(ਵਾਰਾਂ ਭਾਈ ਗੁਰਦਾਸ : ਵਾਰ 26 ਪਉੜੀ 20)

ਬੰਦੀਛੋੜ ਦਿਵਸ, ਮੀਰੀ-ਪੀਰੀ ਦੇ ਮਾਲਕ, ਮਾਨਵਤਾ ਦੇ ਪਿਆਰੇ, ਮਜ਼ਲੂਮਾਂ ਦੇ ਰੱਖਿਅਕ, ਛੇਵੇਂ ਨਾਨਕ, ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਲ ਸਬੰਧਤ ਹੈ ਜਿਸ ਨੂੰ ਹਰ ਸਾਲ ਸਿੱਖ ਸੰਗਤਾਂ ਸ਼ਰਧਾ ਭਾਵਨਾ ਨਾਲ ਮਨਾਉਂਦੀਆਂ ਹਨ। ਇਸ ਦਿਨ ਸਿੱਖ ਜਗਤ ਆਪਣੇ ਗੌਰਵਮਈ ਇਤਿਹਾਸ ਨੂੰ ਯਾਦ ਕਰਦਿਆਂ ਮਾਣ ਮਹਿਸੂਸ ਕਰਦਾ ਹੈ, ਕਿਉਂਕਿ ਸਿੱਖ ਧਰਮ ਅੰਦਰ ਇਸ ਦਿਨ ਦਾ ਆਪਣਾ ਖਾਸ ਮਹੱਤਵ ਹੈ।

ਸਿੱਖ ਹਵਾਲਿਆਂ ਅਨੁਸਾਰ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗਵਾਲੀਆਰ ਦੇ ਕਿਲੇ ਵਿੱਚ ਕੈਦ ਕੀਤਾ ਹੋਇਆ ਸੀ ਪਰ ਸਿੱਖ ਸੰਗਤਾਂ ਦੇ ਰੋਹ ਨੂੰ ਦੇਖਦਿਆਂ ਹੋਇਆਂ ਉਸ ਨੇ ਗੁਰੂ ਸਾਹਿਬ ਨੂੰ ਆਜ਼ਾਦ ਕਰਨ ਦਾ ਫੈਸਲਾ ਕੀਤਾ ਪਰ ਗੁਰੂ ਸਾਹਿਬ ਨੇ ਕਿਹਾ ਕਿ ਪਹਿਲਾਂ ਸਾਰੇ ਕੈਦੀਆਂ ਨੂੰ ਆਜ਼ਾਦ ਕਰੋ ਤਾਂ ਹੀ ਅਸੀਂ ਜਾਵਾਂਗੇ। ਜਹਾਂਗੀਰ ਨੇ ਕਿਹਾ ਕਿ ਜਿੰਨੇ ਤੁਹਾਡਾ ਪਲਾ ਫੜ ਕੇ ਜਾ ਸਕਦੇ ਉਹ ਚਲੇ ਜਾਣ। ਗੁਰੂ ਸਾਹਿਬ ਨੇ ਵਿਸ਼ੇਸ਼ ਰੂਪ ਵਿੱਚ 52 ਕਲੀਆਂ ਵਾਲਾ ਚੋਲਾ ਪਾ ਕੇ ਜਹਾਂਗੀਰ ਦੀ ਚਲਾਕ ਬਿਰਤੀ ਦੀ ਰੱਖੀ ਸ਼ਰਤ ਨੂੰ ਪੂਰਾ ਕੀਤਾ ਤੇ ਗਵਾਲੀਅਰ ਦੇ ਕਿਲੇ ਵਿੱਚੋਂ ਸਾਰੇ ਕੈਦੀ 52 ਹਿੰਦੂ ਰਾਜਿਆਂ ਨੂੰ ਵੀ ਅਜ਼ਾਦ ਕਰਵਾਇਆ। ਇਸੇ ਕਰਕੇ ਹੀ ਆਪ ਜੀ ਨੂੰ ਬੰਦੀ ਛੋੜ ਦਾਤਾ ਵੀ ਆਖਿਆ ਜਾਂਦਾ ਹੈ। ਸਿੱਖ ਮਾਨਤਾ ਅਨੁਸਾਰ ਗਵਾਲੀਅਰ ਦੇ ਕਿਲੇ ਵਿਚੋਂ ਵਾਪਸ ਅੰਮ੍ਰਿਤਸਰ ਪਰਤਣ ਦੀ ਖੁਸ਼ੀ ਵਿੱਚ ਸਿੱਖਾਂ ਨੇ ਗੁਰੂ ਸਾਹਿਬ ਦਾ ਨਿੱਘਾ ਸਵਾਗਤ ਕੀਤਾ। ਉਦੋਂ ਤੋਂ ਹਰ ਵਰੇ ਇਸ ਦਿਨ ਨੂੰ ਬੰਦੀ ਛੋੜ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਵਰੇ ਵੀ ਸਿੱਖ ਸੰਗਤਾਂ ਇਸ ਦਿਨ ਨੂੰ ਬਹੁਤ ਹੀ ਉਤਸ਼ਾਹ ਤੇ ਸ਼ਰਧਾ ਨਾਲ ਮਨਾ ਰਹੀਆਂ ਹਨ। ਇਸ ਦਿਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸਿੱਖ ਸੰਗਤਾਂ ਦਾ ਇਕੱਠ ਦੇਖਦਿਆਂ ਹੀ ਬਣਦਾ ਹੈ। ਵਿਸ਼ੇਸ਼ ਰੂਪ ਨਾਲ ਸ੍ਰੀ ਦਰਬਾਰ ਸਾਹਿਬ ਵਿਖੇ ਲਾਇਟਿੰਗ ਤੇ ਆਤਿਸ਼ਬਾਜੀ ਕੀਤੀ ਜਾਂਦੀ ਹੈ। ਇਹ ਦਿਹਾੜਾ ਸਿੱਖ ਜਗਤ ਵਿੱਚ ਵਿਸ਼ੇਸ਼ ਤੇ ਮੌਲਿਕ ਸਥਾਨ ਰੱਖਦਾ ਹੈ।

ਭਾਰਤ ਵਿੱਚ ਕੁਝ ਤਿਉਹਾਰ ਅਜਿਹੇ ਹਨ ਜਿਨ੍ਹਾਂ ਨੂੰ ਦੇਸ਼ ਵਿੱਚ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ। ਹਰ ਇੱਕ ਤਿਉਹਾਰ ਨੂੰ ਮਨਾਉਣ ਦੀ ਇੱਕ ਆਪਣੀ ਪਰੰਪਰਾ ਹੈ ਜੋ ਸਦੀਆਂ ਤੋਂ ਚਲਦੀ ਆ ਰਹੀ ਹੈ। ਉਨ੍ਹਾਂ ਵਿਚੋਂ ਹੀ ਇੱਕ ਤਿਉਹਾਰ ਦੀਵਾਲੀ ਹੈ ਜਿਸ ਦਾ ਹਰ ਸਾਲ ਪੂਰਾ ਦੇਸ਼ ਬਹੁਤ ਹੀ ਬੇਸਬਰੀ ਨਾਲ ਇੰਤਜਾਰ ਕਰਦਾ ਹੈ ਤੇ ਉਤਸ਼ਾਹ ਨਾਲ ਮਨਾਉਂਦਾ ਹੈ। ਇਹ ਤਿਉਹਾਰ ਸਿੱਧੇ ਰੂਪ ਵਿੱਚ ਹਿੰਦੂ ਭਾਈਚਾਰੇ ਨਾਲ ਸਬੰਧਤ ਹੈ ਜੋ ਕਿ ਸ੍ਰੀ ਰਾਮ ਚੰਦਰ ਜੀ ਦੇ 14 ਸਾਲਾ ਬਨਵਾਸ ਕੱਟਣ ਤੋਂ ਬਾਅਦ ਆਯੋਧਿਆ ਵਾਪਸੀ ਦੀ ਖੁਸ਼ੀ ਵਿੱਚ ਮਨਾਇਆ ਜਾਂਦਾ ਹੈ। ਸਦੀਆਂ ਤੋਂ ਇਸ ਵਿਸ਼ੇਸ਼ ਦਿਨ ਦੀ ਰਾਤ ਨੂੰ ਮਿੱਟੀ ਦੇ ਦੀਵੇ ਜਗਾਉਣ ਅਤੇ ਆਤਿਸ਼ਬਾਜੀ ਕਰਨ ਦੀ ਰੀਤ ਚੱਲੀ ਆ ਰਹੀ ਹੈ। ਦੀਵੇ ਇੰਨੇ ਵੱਡੇ ਪੱਧਰ 'ਤੇ ਬਾਲੇ ਜਾਂਦੇ ਨੇ ਕਿ ਇਸ ਦਿਨ ਦਾ ਨਾਮ ਹੀ ਦੀਵਾਲੀ ਪੈ ਗਿਆ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਦੀਵਾਲੀ ਦਾ ਜ਼ਿਕਰ ਕੁਝ ਇਸ ਤਰ੍ਹਾਂ ਕਰਦੇ ਨੇ :

ਦੀਵਾਲੀ ਕੀ ਰਾਤਿ ਦੀਵੇ ਬਾਲੀਅਨ।

ਤਾਰੇ ਜਾਤਿ ਸਨਾਤਿ ਅੰਬਰ ਭਾਲੀਅਨ।

(ਭਾਈ ਗੁਰਦਾਸ ਜੀ, ਵਾਰ 19 ਪਉੜੀ 6)

ਜਿਸ ਦੇ ਅਰਥ ਨੇ ਕਿ ਜਿਵੇਂ ਅੰਬਰ ਵਿੱਚ ਤਾਰੇ ਚਮਕਦੇ ਨੇ ਉਸੇ ਤਰ੍ਹਾਂ ਦੀਵਾਲੀ ਦੀ ਰਾਤ ਦੀਵੇ ਚਮਕਦੇ ਨੇ ਪਰ ਜਿਵੇਂ ਹੀ ਸੂਰਜ ਚੜਦਾ ਹੈ ਅੰਬਰ ਦੇ ਤਾਰੇ ਤੇ ਦੀਵਾਲੀ ਦੇ ਦੀਵਿਆਂ ਦੀ ਸਾਰੀ ਚਮਕ ਖਤਮ ਹੋ ਜਾਂਦੀ ਹੈ। ਗੁਰੂ ਦੀ ਬਾਣੀ ਤਾਂ ਅਜਿਹੇ ਸ਼ਬਦ ਰੂਪੀ ਦੀਵੇ ਬਾਲਣ ਦਾ ਉਪਦੇਸ਼ ਕਰਦੀ ਏ ਜਿਸ ਦਾ ਗਿਆਨ ਰੂਪੀ ਚਾਨਣ ਸਦਾ ਸਥਿਰ ਰਹਿਣ ਵਾਲਾ ਹੁੰਦਾ ਹੈ :

ਸਤਿਗੁਰ ਸਬਦਿ ਉਜਾਰੋ ਦੀਪਾ ॥ ॥੧॥

ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲੀ ਅਨੂਪਾ॥ ਰਹਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, 821)

ਵੈਸੇ ਵੀ ਗੁਰਮਤਿ ਦਾ ਸਿਧਾਂਤ ਤਾਂ ਹੈ ਹੀ ਨਿਰਾਲਾ। ਅੱਜ ਲੋੜ ਹੈ ਉਸ ਨੂੰ ਅਪਨਾਉਣ ਦੀ ਨਾ ਕਿ ਭੇਡ ਚਾਲ ਪਿੱਛੇ ਲੱਗਣ ਦੀ। ਅਜੋਕੇ ਸਮੇਂ ਜਦੋਂ ਪ੍ਰਦੂਸ਼ਣ ਹੱਦ ਤੋਂ ਜ਼ਿਆਦਾ ਹੋ ਚੁੱਕਾ ਹੈ ਅਜਿਹੇ ਵਿੱਚ ਸਾਨੂੰ ਇਸ ਤਿਉਹਾਰ ਵਾਲੇ ਦਿਨ ਕੀਤੀ ਜਾਂਦੀ ਆਤਿਸ਼ਬਾਜੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਪਾਸੇ ਸਾਡੇ ਧਾਰਮਿਕ ਅਦਾਰਿਆਂ ਤੇ ਸੰਸਥਾਵਾਂ ਨੂੰ ਵੀ ਜ਼ਰੂਰ ਸੋਚਣਾ ਚਾਹੀਦਾ ਹੈ ਕਿ ਕਾਦਰ ਦੀ ਸੋਹਣੀ ਕੁਦਰਤ ਦਾ ਧਿਆਨ ਰੱਖਿਆ ਜਾਵੇ। ਇਹ ਸਾਡਾ ਸਾਰਿਆਂ ਦਾ ਹੀ ਫਰਜ਼ ਬਣਦਾ ਹੈ। ਅਸੀਂ ਸਾਰਿਆਂ ਨੂੰ ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਮੁਬਾਰਕਾਂ ਦਿੰਦੇ ਹੋਏ ਸਭ ਦੀ ਸਿਹਤਯਾਬੀ ਦੀ ਕਾਮਨਾ ਕਰਦੇ ਹਾਂ।

TRANS-ALLIANCE
TOGETHER WE SAVE

**FUEL DISCOUNTS**
UPTO 80 CENTS PER GALLON DISCOUNT
MAJOR NETWORK OF TRUCK STOPS

**FUEL CARDS**
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

**YOU BREAK DOWN**
WE SHOW UP
24-HOUR ROADSIDE ASSISTANCE

**TRUCK REPAIR & TIRE DISCOUNTS**
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

**FUEL MANAGEMENT**
DAILY FUEL RATES IN PHONE APP

CALL FOR MORE INFO
(855)641-6955, (888)795-7035



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਬੰਦੀ ਛੋੜ ਦਿਵਸ

ਬੰਦੀ ਛੋੜ ਦਿਵਸ ਸੰਸਾਰਕ ਰਾਜਨੀਤਿਕ ਅਤੇ ਆਤਮਿਕ ਗੁਲਾਮੀ ਤੋਂ ਆਜ਼ਾਦ ਹੋਣ ਦਾ ਪ੍ਰਤੀਕ ਹੈ। ਮੁਗਲ ਹਾਕਮਾਂ ਦਾ ਧਾਰਮਿਕ ਤੇ ਸਿਆਸੀ ਜਬਰ, ਸਮਾਜ ਦੀ ਇਖਲਾਕੀ ਬਣਤਰ ਨੂੰ ਢਾਅ ਲਾ ਰਿਹਾ ਸੀ। ਸਿੱਖ ਧਰਮ ਮੂਲ ਰੂਪ ਵਿੱਚ ਇੱਕ ਸਮਾਜ ਸੁਧਾਰ ਲਹਿਰ ਹੈ, ਜਿਸ ਦਾ ਪ੍ਰਬੱਲ ਨਿਸ਼ਾਨਾ ਜਬਰ ਦੇ ਖ਼ਿਲਾਫ਼ ਲੜਨਾ ਹੈ। ਸਾਰੀ ਲੜਾਈ ਬੁਰਾਈ ਦੇ ਖ਼ਿਲਾਫ਼ ਹੈ। ਸਿੱਖ ਗੁਰੂ ਸਾਹਿਬਾਨ ਦਾ ਇਹ ਆਸ਼ਾ ਰਿਹਾ ਹੈ ਕਿ ਸਮਾਜ ਦੇ ਦਬੇ ਕੁਚਲੇ, ਲੁੱਟੇ ਪੁੱਟੇ ਨਿਖਿੱਧ, ਨਿਤਾਣੇ ਕਮਜ਼ੋਰ, ਜਿੰਨਾਂ ਨੂੰ ਮੁਗਲ ਅਨਜਾਣ ਅਤੇ ਨਿਕੰਮੇ ਸਮਝਦੇ ਸਨ, ਉਨ੍ਹਾਂ ਨੂੰ ਇਸ ਕਾਬਿਲ ਬਣਾਇਆ ਕਿ ਉਹ ਆਪਣੀ ਹੋਂਦ ਆਪ ਨਿਸ਼ਚਿਤ ਕਰਨ। ਜ਼ੁਲਮ ਦੇ ਖ਼ਿਲਾਫ਼ ਡੱਟ ਜਾਣ। ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹਾਦਤ ਤੋਂ ਪਹਿਲਾਂ ਇਹ ਭਾਂਪ ਲਿਆ ਸੀ ਕਿ ਧਰਮ ਦੀ ਸੁਤੰਤਰਤਾ ਅਤੇ ਰੱਖਿਆ ਲਈ ਹਥਿਆਰਾਂ ਦੀ ਵਰਤੋਂ ਕੀਤੀ ਜਾਵੇਗੀ। ਗੁਰੂ ਸਾਹਿਬ ਜੀ ਨੇ ਆਪਣੇ ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਜੀ ਵਾਸਤੇ ਅਧਿਆਤਮਕ ਵਿਦਿਆ ਦੇ ਨਾਲ ਨਾਲ ਹਥਿਆਰਾਂ ਦੀ ਸਿਖਲਾਈ ਅਰਥਾਤ ਸ਼ਸ਼ਤਰ ਵਿਦਿਆ ਦਾ ਪ੍ਰਬੰਧ ਕਰ ਲਿਆ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ 25 ਮਈ 1606 ਈ. ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਗੱਦੀ ’ਤੇ ਬਿਰਾਜਮਾਨ ਹੋਏ। ਜਿਹਨਾਂ ਦਾ ਜਨਮ 14 ਜੂਨ 1595 ਈ. ਨੂੰ ਵਡਾਲੀ ਵਿਖੇ ਹੋਇਆ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਆਪਣੀ ਗ੍ਰਿਫਤਾਰੀ ਲਈ ਲਾਹੌਰ ਜਾਣ ਤੋਂ ਪਹਿਲਾਂ ਆਪਣੇ ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਹਦਾਇਤ ਕੀਤੀ ਕਿ ਗੁਰਗੱਦੀ ’ਤੇ ਹਥਿਆਰਬੰਦ ਹੋ ਕੇ ਬੈਠਣਾ ਹੈ। ਲੋੜ ਮੁਤਾਬਿਕ ਫ਼ੌਜ ਵੀ ਰੱਖਣੀ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਜਦੋਂ ਗੁਰਗੱਦੀ ’ਤੇ ਬਿਰਾਜਮਾਨ ਹੋਏ ਤਾਂ ਉਹਨਾਂ ਨੇ ਮੀਰੀ ਪੀਰੀ ਦੀਆਂ ਦੋ ਕ੍ਰਿਪਾਨਾ ਧਾਰਨ ਕੀਤੀਆਂ। ਉਹਨਾਂ ਜ਼ੁਲਮ ਵਿਰੁੱਧ ਡੱਟ ਜਾਣ ਦਾ ਐਲਾਨ ਕੀਤਾ। ਬੁਰਾਈ ਨੂੰ ਖਤਮ ਕਰਨ ਦਾ ਫੈਸਲਾ ਨਿਸ਼ਚਿਤ ਹੋ ਗਿਆ। ਗੁਰੂ ਸਾਹਿਬ ਜੀ ਨੇ ਮਰਹੱਟਿਆ ਦੇ ਗੁਰੂ ਸਮਰਥ ਰਾਮਦਾਸ ਨੂੰ ਸਪਸ਼ਟ ਕੀਤਾ ਕਿ ਅੰਤਰਮੁੱਖੀ ਸਾਧੂ ਹਾਂ, ਬਾਹਰਮੁੱਖੀ ਰਾਜੇ ਹਾਂ। ਸ਼ਸ਼ਤਰ ਗਰੀਬਾਂ ਦੀ ਰਾਖੀ ਅਤੇ ਅੱਤਿਆਚਾਰ ਦੇ ਨਾਸ਼ ਲਈ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਹਿਲੀ ਵਾਰ ਬਕਾਇਦਾ ਫ਼ੌਜੀ ਤਾਕਤ ਦਾ ਸੰਗਠਨ ਕੀਤਾ।

ਸੰਸਾਰਕ ਰਾਜਿਆਂ ਮਹਾਰਾਜਿਆਂ ਦੇ ਦੁਨਿਆਵੀ ਰਾਜ ਤਖਤ ਦੇ ਮੁਕਾਬਲੇ ਅਕਾਲ ਤਖ਼ਤ ਸਾਹਿਬ ਜੀ ਸਥਾਪਨਾ ਕੀਤੀ। ਸੰਗਤਾਂ ਨੂੰ ਸੁਚੇਤ ਕੀਤਾ ਕਿ ਜਿਥੇ ਰਸਦ ਅਤੇ ਮਾਇਆ ਭੇਂਟ ਹੁੰਦੀ ਹੈ, ਉਥੇ ਨਾਲ ਹੀ ਵਧੀਆ ਸ਼ਸ਼ਤਰ ਅਤੇ ਚੰਗੀ ਨਸਲ ਦੇ ਘੋੜੇ ਵੀ ਭੇਂਟ ਕੀਤੇ ਜਾਣ। ਅਣਖੀਲੇ ਗੱਭਰੂ ਸ਼ਾਮਲ ਹੋਣ। ਉਹ ਜੁਆਨੀਆਂ ਕਾਇਮ ਰੱਖਣ ਲਈ ਕਸਰਤ , ਕੁਸ਼ਤੀਆਂ, ਘੋੜ ਸਵਾਰੀ ਅਤੇ ਸ਼ਿਕਾਰ ਖੇਡਣ । ਸੁਡੋਲ ਜਵਾਨਾਂ ਦੀ ਫ਼ੌਜ ਤਿਆਰ ਕਰਕੇ ਉਹਨਾਂ ਨੂੰ ਯੁੱਧ ਲਈ ਹਥਿਆਰਾਂ ਦੀ ਵਰਤੋਂ ਕਰਨ ਦੀ ਸਿਖਲਾਈ ਦਿੱਤੀ ਜਾਣ ਲੱਗੀ। ਚੜ੍ਹਦੀਕਲਾ ਦਾ ਦੌਰ ਸ਼ੁਰੂ ਹੋਇਆ। ਸੂਰਮਿਆਂ ਦੀਆਂ ਵਾਰਾਂ ਸਿੱਖਾਂ ਦੇ ਮਨਾਂ ਵਿੱਚ ਬੀਰ ਰਸ ਭਰਦੀਟਾਂ, ਬੀਰ-ਨਗਾਰਾ ਵੱਜਣ ਲੱਗਾ। ਨਿਸ਼ਾਨ ਝੂਲਣ ਲੱਗੇ। ਸੰਤ ਸਿਪਾਹੀ ਸੂਰਬੀਰ ਧਰਮੀ ਯੋਧਿਆਂ ਦੀ ਕੌਮ ਤਿਆਰ ਹੋਣ ਲੱਗੀ। ਤਖ਼ਤ ’ਤੇ ਬੈਠ ਕੇ ਗੁਰੂ ਸਾਹਿਬ ਜੀ ਸੰਗਤਾਂ ਦੇ ਫੈਸਲੇ ਆਪ ਕਰਨ ਲੱਗੇ। ਆਪਸੀ ਮੇਲ ਮਿਲਾਪ ਵਧਿਆ। ਅੰਮ੍ਰਿਤਸਰ ਨੂੰ ਖੁਦਮੁਖਤਿਆਰ ਅਤੇ ਸੁਰੱਖਿਅਕਤ ਬਣਾਉਣ ਲਈ ‘ਲੋਹਗੜ੍ਹ ਕਿਲਾ’ ਬਣਾਇਆ। ਗੁਰੂ ਜੀ ਦੀ ਵੱਧਦੀ ਤਾਕਤ ਵੇਖ ਕੇ ਹਕੂਮਤ ਨੂੰ ਖਤਰਾ ਮਹਿਸੂਸ ਹੋਣ ਲਗਿਆ। ਗੁਰੂ ਘਰ ਦੇ ਪੁਰਾਣੇ ਦੋਖੀ ਚੰਦੂ ਅਤੇ ਮਿਹਰਬਾਨ ਨੇ ਮੁਗਲ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਸਿੱਖ ਗੁਰੂ ਖੁਦ ਤਖਤ ’ਤੇ ਬੈਠਦਾ ਹੈ ਲੋਕ ਉਸ ਨੂੰ ਸੱਚਾ ਪਾਤਾਸ਼ਾਹ ਕਹਿੰਦੇ ਹਨ। ਉਹ ਸੰਗਤਾਂ ਦੇ ਫੈਸਲੇ ਆਪ ਕਰਦਾ ਹੈ। ਉਸਦਾ ਪੂਰਾ ਸ਼ਾਹੀ ਠਾਠ ਹੈ। ਉਸਦੀ ਵੱਧਦੀ ਜਾਂਦੀ ਫ਼ੌਜੀ ਤਾਕਤ ਮੁਗਲ ਹਕੂਮਤ ਲਈ ਸਿੱਧਾ ਖ਼ਤਰਾ ਹੈ। ਬਾਦਸ਼ਾਹ ਜਹਾਂਗੀਰ ਨੇ ਆਪਣੇ ਅਧਿਕਾਰੀਆਂ ਦੇ ਪ੍ਰਭਾਵ ਹੇਠ ਆ ਕੇ ਸਿੱਖਾਂ ਦੀਆਂ ਸਰਗਰਮੀਆਂ ਨੂੰ ਦਬਾਉਣ ਦਾ ਫੈਸਲਾ ਕਰ ਲਿਆ। ਉਸ ਨੂੰ ਯਕੀਣ ਹੋ ਗਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹਾਦਤ ਨੇ ਸਿੱਖਾਂ ਨੂੰ ਕਮਜ਼ੋਰ ਅਤੇ ਭੈ ਭੀਤ ਕਰਨ ਦੀ ਥਾਂ ਹੋਰ ਵੀ ਦਲੇਰ ਅਤੇ ਨਿਡਰ ਕਰ ਦਿੱਤਾ ਹੈ। ਇਹ ਸੱਚਮੁੱਚ ਹੀ ਹਕੂਮਤ ਲਈ ਖ਼ਤਰਾ ਹੈ। ਬਾਦਸ਼ਾਹ ਨੇ ਗੁਰੂ ਸਾਹਿਬ ਜੀ ਨੂੰ ਗਵਾਲੀਅਰ ਦੇ ਕਿੱਲੇ ਵਿੱਚ ਕੈਦ ਕਰ ਲਿਆ।



ਉਸ ਕਿਲੇ ਵਿੱਚ ਪਹਿਲਾਂ ਹੀ 52 ਰਾਜੇ ਕੈਦ ਵਿੱਚ ਸਨ। ਉਹ ਬਹੁਤ ਹੀ ਮੰਦੀ ਹਾਲਤ ਵਿੱਚ ਕੈਦ ਕੱਟ ਰਹੇ ਸਨ। ਗੁਰੂ ਸਾਹਿਬ ਜੀ ਦੇ ਆਗਮਨ ’ਤੇ ਉਨ੍ਹਾਂ ਦੇ ਦਿਲਾਂ ਵਿੱਚ ਆਸ ਦੀ ਕਿਰਨ ਜਾਗੀ। ਉਹ ਗੁਰੂ ਜੀ ਦੇ ਸਤਿਸੰਗੀ ਸ਼ਰਧਾਲੂ ਬਣ ਗਏ। ਗੁਰੂ ਸਾਹਿਬ ਜੀ ਨੇ ਉਹਨਾਂ ਵਾਸਤੇ ਵਧੀਆ ਪੁਸ਼ਾਕ ਅਤੇ ਚੰਗੀ ਖੁਰਾਕ ਦਾ ਪ੍ਰਬੰਧ ਕਰਵਾ ਲਿਆ। ਗੁਰੂ ਜੀ ਦੀ ਕੈਦ ਲੰਬੀ ਹੁੰਦੀ ਜਾਂਦੀ ਵੇਖ ਕੇ ਸਿੱਖਾਂ ਵਿੱਚ ਰੋਹ ਜਾਗ ਉਠਿਆ ਕਿ ਗੁਰੂ ਸਾਹਿਬ ਜੀ ਨੂੰ ਹੁਣ ਰਿਹਾਅ ਕਰਵਾਉਣਾ ਚਾਹੀਦਾ ਹੈ। ਸਿੰਘ ਥਾਂ ਥਾਂ ਤੋਂ ਜਥੇ ਬਣਾ ਕੇ ਗਵਾਲੀਅਰ ਪਹੁੰਚਣ ਲੱਗੇ ਪਰ ਅੱਗੇ ਉਹਨਾਂ ਨੂੰ ਮੁਲਾਕਾਤ ਦੀ ਇਜਾਜਤ ਨਾ ਮਿਲਦੀ। ਗੁਰੂ ਜੀ ਨੇ ਸੰਗਤਾਂ ਨੂੰ ਧੀਰਜ ਰੱਖਣ ਅਤੇ ਚੜ੍ਹਦੀਕਲਾ ਵਿੱਚ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਜੀ ਦੀ ਕੈਦ ਵਿਰੁੱਧ ਸ਼ਰਧਾਲੂ ਮੁਸਲਮਾਨਾਂ ਨੇ ਵੀ ਆਵਾਜ਼ ਉਠਾਈ। ਸੰਗਤਾਂ ਦਾ ਭਾਰੀ ਵਿਰੋਧ ਵੇਖ ਕੇ ਬਾਦਸ਼ਾਹ ਨੇ ਗੁਰੂ ਸਾਹਿਬ ਜੀ ਨੂੰ ਰਿਹਾਅ ਕਰਨ ਦਾ ਮਨ ਬਣਾ ਲਿਆ। ਗੁਰੂ ਜੀ ਨੇ ਇੱਕਲਿਆ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ ਕਿ ਜਦੋਂ ਤਕ ਉਹਨਾਂ ਦੇ ਨਾਲ 52 ਕੈਦੀ ਰਾਜੇ ਨਹੀਂ ਛੱਡੇ ਜਾਂਦੇ, ਉਹ ਰਿਹਾਅ ਨਹੀਂ ਹੋਣਗੇ। ਗੁਰੂ ਸਾਹਿਬ ਜੀ ਦੀ ਰੂਹਾਨੀ ਸ਼ਕਤੀ ਅੱਗੇ ਬਾਦਸ਼ਾਹ ਨੂੰ ਝੁੱਕਣਾ ਪਿਆ। ਇਸ ਤਰਾਂ ਗੁਰੂ ਸਾਹਿਬ ਜੀ ਗਵਾਲੀਅਰ ਦੇ ਕਿਲੇ ਦੀ ਕੈਦ ਵਿਚੋਂ 52 ਰਾਜਿਆਂ ਨੂੰ ਕੈਦ ਵਿੱਚੋਂ ਛੁਡਵਾ ਕੇ ਬੰਦੀ ਤੋੜ ਦਾਤ ਅਖਵਾਏ। ਗੁਰੂ ਜੀ ਜਦੋਂ ਗਵਾਲੀਅਰ ਦੇ ਕਿਲੇ ਤੋਂ ਰਿਹਾਅ ਹੋ ਕੇ ਗੁਰੂ ਰਾਮਦਾਸ ਜੀ ਦੀ ਨਗਰੀ ਅੰਮ੍ਰਿਤਸਰ ਪੁੱਜੇ ਤਾਂ ਬਾਬਾ ਬੁੱਢਾ ਜੀ ਦੀ ਅਗਵਾਈ ਵਿੱਚ ਸੰਗਤਾਂ ਨੇ ਨਗਰ ਵਿੱਚ ਖੁਸ਼ੀ ਨਾਲ ਘਰਾਂ ਵਿੱਚ ਘਿਓ ਦੇ ਦੀਵੇ ਜਗਾਏ। ਨਾਲ ਹੀ ਗਲੀਆਂ ਬਾਜ਼ਾਰਾਂ ਵਿੱਚ ਵੀ ਸ਼ਾਨਦਾਰ ਦੀਪਮਾਲਾ ਕੀਤੀ। ਸਬੱਬੀ ਉਸ ਦਿਨ ਦੀਵਾਲੀ ਵੀ ਸੀ। ਸੰਗਤਾਂ ਨੇ ਭਾਰੀ ਖੁਸ਼ੀ ਮਨਾਉਂਦਿਆਂ ਇਸ ਦਿਹਾੜੇ ਨੂੰ ਬੰਦੀ ਛੋੜ ਦਿਵਸ ਵਜੋਂ ਯਾਦ ਕਰਨਾ ਸ਼ੁਰੂ ਕਰ ਦਿੱਤਾ।

ਦਸਮ ਪਿਤਾ ਜੀ ਤੋਂ ਬਾਅਦ ਅਤੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ’ਤੇ ਬੜੀ ਮੁਸੀਬਤ ਦਾ ਸਮਾਂ ਸੀ। ਹਕੂਮਤਾਂ ਸਿੱਖਾਂ ਦਾ ਖੁਰਾ ਖੋਜ ਮਿਟਾਉਣ ’ਤੇ ਤੁਲੀਆਂ ਹੋਈਆਂ ਸਨ। ਸਿੱਖਾਂ ਲਈ ਅੰਮ੍ਰਿਤਸਰ ਹਰਿਮੰਦਰ ਸਾਹਿਬ ਜੀ ਦੇ ਦਰਸ਼ਨਾਂ ’ਤੇ ਵੀ ਪਾਬੰਦੀ ਸੀ। ਪ੍ਰੰਪਰਾਗਤ ਅਠਾਰਵੀਂ ਸਦੀ ਵਿੱਚ ਸਰਬੱਤ ਖ਼ਾਲਸਾ ਦੇ ਰੂਪ ਵਿੱਚ ਸੰਗਤਾਂ ਵਿਸਾਖੀ ਤੇ ਬੰਦੀ ਛੋੜ ਦਿਵਸ ਤੇ ਅੰਮ੍ਰਿਤਸਰ ਇਕੱਠੀਆਂ ਹੋਣ ਲੱਗੀਆਂ। ਇਹਨਾਂ ਮੌਕਿਆਂ ਤੇ ਸਵੈ ਪੜਚੋਲ ਹੁੰਦੀ ਸੀ ਅਤੇ ਭਵਿੱਖ ਲਈ ਵਿਉਂਤਬੰਦੀ ਕੀਤੀ ਜਾਂਦੀ ਸੀ। ਭਾਈ ਮਨੀ ਸਿੰਘ ਜੀ ਮੁੱਖ ਗ੍ਰੰਥੀ ਨੇ 1733 ਈਸਵੀ ਦੀ ਬੰਦੀ ਛੋੜ ਦਿਵਸ ਲਈ ਵਿਸ਼ੇਸ ਮਹਿਸੂਲ ਅਦਾ ਕਰਨਾ ਮਨ ਕੇ ਹਕੂਮਤ ਤੋਂ ਇਜਾਜਤ ਲਈ ਪਰ ਨਾਲ ਹੀ ਨਵਾਬ ਜਕਰੀਆ ਖਾਨ ਨੇ ਇੱਕਠੇ ਹੋ ਰਹੇ ਸਿੱਖਾਂ ਨੂੰ ਮਾਰਨ ਦੀ ਯੋਜਨਾ ਵੀ ਬਣਾ ਲਈ ਸੀ। ਭਾਈ ਮਨੀ ਸਿੰਘ ਜੀ ਨੂੰ ਇਸ ਸਾਜਿਸ ਦਾ ਸਮੇਂ ਸਿਰ ਪਤਾ ਲੱਗ ਗਿਆ। ਉਹਨਾਂ ਨੇ ਸਿੱਖਾਂ ਨੂੰ ਅੰਮ੍ਰਿਤਸਰ ਆਉਣ ਤੋਂ ਰੋਕ ਦਿੱਤਾ।

ਬਹੁਤ ਘੱਟ ਗਿਣਤੀ ਵਿੱਚ ਸੰਗਤਾਂ ਪੁਜੀਆਂ। ਫਿਰ ਵੀ ਸਰਕਾਰ ਨੇ ਰਕਮ ਅਦਾ ਕਰਨ ਦੀ ਮੰਗ ਰੱਖ ਦਿੱਤੀ। ਭਾਈ ਮਨੀ ਸਿੰਘ ਜੀ ਨੇ ਸਪਸ਼ਟ ਕੀਤਾ ਕਿ ਦਿਵਾਨ ਤਾਂ ਭਰਿਆ ਨਹੀਂ, ਚੜ੍ਹਤ ਵੀ ਨਹੀਂ ਆਈ। ਅਜਿਹੇ ਹਾਲਾਤ ਵਿੱਚ ਰਕਮ ਅਦਾ ਨਹੀਂ ਹ ਸਕਦੀ। ਸਰਕਾਰ ਨੇ ਇਸ ਬ ਹਾਨੇ ਭਾਈ ਮਨੀ ਸਿੰਘ ਜੀ ਨੂੰ ਜਾਂ ਤਾਂ ਇਸਲਾਮ ਧਾਰਨ ਕਰਨ ਜਾਂ ਮੌਤ ਲਈ ਤਿਆਰ ਹੋ ਜਾਣ ਲਈ ਕਿਹਾ। ਭਾਈ ਮਨੀ ਸਿੰਘ ਜੀ ਨੇ ਕਿਹਾ ਕਿ ਮੈਨੂੰ ਮੌਤ ਪ੍ਰਵਾਨ ਹੈ। ਕਾਜੀ ਨੇ ਭਾਈ ਸਾਹਿਬ ਨੂੰ ਫਤਵੇ ਅਨੁਸਾਰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ। ਇਸ ਤਰਾਂ ਬੰਦੀ ਛੋੜ ਦਿਵਸ ਦਾ ਸਬੰਧ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਨਾਲ ਜੁੜ ਗਿਆ। ਅੰਤਿਕਾ : ਗੁਰੂ ਹਰਿਗੋਬਿੰਦ ਸਿੰਘ ਜੀ ਨੇ ਮੀਰੀ ਪੀਰੀ ਦੇ ਸਿਧਾਂਤ ਨੂੰ ਦ੍ਰਿੜਾਇਆ ਕਿ ਸਿੱਖਾਂ ਨੂੰ ਵਾਹਿਗੁਰੂ ਦੇ ਪਿਆਰ ਵਿੱਚ ਲੀਨ ਹੋ ਕੇ ਵੀ ਆਪਣੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਸੁਚੇਤ ਹੋਣਾ ਹੈ। ਗੁਰੂ ਜੀ ਨੇ ਸਿੱਖਾਂ ਵਿੱਚ ਬਹਾਦਰੀ ਅਤੇ ਚੜ੍ਹਦੀਕਲਾ ਦਾ ਜਜਬਾ ਭਰਿਆ ਕਿ ਉਹ ਆਪਣੀ ਹਥਿਆਰ ਬੰਦ ਤਾਕਤ ਦੇ ਜ਼ੋਰ ’ਤੇ ਹੀ ਆਪਣੀ ਆਜ਼ਾਦੀ ਅਤੇ ਆਪਣੇ ਜੀਵਨ ਢੰਗ ਦੀ ਰੱਖਿਆ ਕਰ ਸਕਦੇ ਹਨ। ‘ਬੰਦੀ ਛੋੜ ਦਿਵਸ’ ਦਾ ਸੁਨੇਹਾ ਹੈ ਕਿ ਹਰ ਮਨੁੱਖ ਦੀ ਪੂਰਨ ਆਜ਼ਾਦੀ ਦੀ ਪ੍ਰਪੱਕਤਾ ਮਨਾ ਅੰਦਰ ਪੈਦਾ ਕਰਨਾ ਹੀ ਮਨੋਰਥ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

WEBSITE DESIGN & DEVELOPMENT
Basic Web packages are available on comparatively economical rates we work as per your requirement and charge only according to work
Services
Web Development
Web Designing
Seo Services
Web Re-Design
Technical Support
Logo Design
ਛੋਟੇ/ਵੱਡੇ ਬਿਜ਼ਨਸ, ਐਨ.ਜੀ.ਓ. ਰੇਡਿਓ ਸਟੇਸ਼ਨ ਅਤੇ ਖ਼ਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ
ਈ ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
WMA WEB MEDIA ART
Mob: +91-8437636421
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ
webmediaart24@gmail.com www. Webmediaart.com

# ਖ਼ਾਲਸਾ ਰਾਜ ਸਮੇਂ ਦੀ ਦੀਵਾਲੀ ਅਤੇ ਅਜੋਕੇ ਖ਼ਾਲਸਿਆਂ ਦੀ ਦੀਵਾਲੀ

ਹਰਪ੍ਰੀਤ ਸਿੰਘ

ਰਾਗੀ ਸਿੰਘ ਦੀਵਾਲੀ ਵਾਲੇ ਦਿਨ ਸਾਰਾ ਦਿਨ ਹੀ ਭਾਈ ਗੁਰਦਾਸ ਜੀ ਦੀ ਇਹ ਵਾਰ ਗਾਉਂਦੇ ਰਹਿੰਦੇ ਹਨ, 'ਦੀਵਾਲੀ ਦੀ ਰਾਤ ਦੀਵੇ ਬਾਲੀਅਨ।' ਕਈ ਸੌ ਸਾਲਾਂ ਤੋਂ ਸੁਣਦੇ-ਸੁਣਦੇ ਇਹ ਸੱਚ ਹੀ ਲੱਗਣ ਲੱਗ ਗਿਆ ਹੈ ਕਿ ਦੀਵਾਲੀ ਵਾਲੇ ਦਿਨ ਦੀਵੇ ਬਾਲਣੇ ਹੀ ਹੁੰਦੇ ਹਨ। ਚਲੋ ਹੁਣ ਇਤਿਹਾਸ ਵਲ ਨਜ਼ਰ ਮਾਰਦੇ ਹਾਂ ਕਿ ਕੀ ਪੁਰਾਤਨ ਖ਼ਾਲਸਾ ਰਾਜ ਸਮੇਂ ਜਾਂ ਗੁਰੂ ਕਾਲ ਸਮੇਂ ਵੀ ਦੀਵਾਲੀ ਇਸੇ ਤਰ੍ਹਾਂ ਮਨਾਈ ਜਾਦੀ ਸੀ, ਜਿਵੇਂ ਅੱਜ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਵਿਖੇ ਮਨਾਈ ਜਾਦੀ ਹੈ?



**ਖ਼ਾਲਸਾ ਰਾਜ ਸਮੇਂ ਦੀ ਦੀਵਾਲੀ**

ਪ੍ਰਿੰਸੀਪਲ ਸੁਰਜੀਤ ਸਿੰਘ ਜੀ (ਦਿੱਲੀ ਵਾਲੇ) ਅਪਣੀ ਛੋਟੀ ਜਿਹੀ ਪੁਸਤਕ 'ਦੀਵਾਲੀ ਅਤੇ ਸਿੱਖ' ਵਿੱਚ ਦਸਦੇ ਹਨ ਕਿ ਖ਼ਾਲਸਾ ਰਾਜ ਸਮੇਂ ਸਿੱਖ ਭਾਰੀ ਗਿਣਤੀ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕੱਠੇ ਹੁੰਦੇ ਸਨ ਜਿਸ ਨੂੰ 'ਸਰਬੱਤ ਖ਼ਾਲਸਾ' ਕਿਹਾ ਜਾਂਦਾ ਸੀ। ਇਹ ਇਕੱਠ ਸਿੱਖ ਜਥੇਬੰਦੀਆਂ ਦੁਆਰਾ ਖ਼ਾਲਸੇ ਦੀ ਚੜ੍ਹਦੀ ਕਲਾ ਲਈ, ਸਿੱਖ ਸਿਆਸਤ ਦੀ ਚੜ੍ਹਦੀ ਕਲਾ ਲਈ ਤੇ ਸਿੱਖ ਰਾਜ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਕੀਤਾ ਜਾਂਦਾ ਸੀ ਪਰ ਅੱਜ ਦੀਵਾਲੀ ਦਾ ਇਕੱਠ ਗੁਰੂਘਰਾਂ ਵਿੱਚ ਮੋਮਬੱਤੀਆਂ ਫ਼ੂਕਣ ਲਈ, ਪਟਾਕੇ ਫ਼ੂਕਣ ਲਈ ਕੀਤਾ ਜਾਂਦਾ ਹੈ।

ਚੇਤੇ ਰਹੇ ਕਿ ਸਿੱਖ ਧਰਮ ਵਿੱਚ, ਦੀਵਾਲੀ ਦਾ ਇਕੱਠ ਕਿਸੇ ਬ੍ਰਾਹਮਣੀ ਤਿਉਹਾਰ ਵਜੋਂ ਕਦੇ ਵੀ ਨਹੀਂ ਸੀ ਮਨਾਇਆ ਜਾਂਦਾ। ਅੱਜ ਅਸੀ ਸਰਬੱਤ ਖ਼ਾਲਸਾ ਦੇ ਉਦੇਸ਼ ਨੂੰ ਭੁਲ ਕੇ ਮੋਮਬੱਤੀਆਂ, ਪਟਾਕਿਆਂ, ਮਠਿਆਈਆਂ ਵਿਚ ਉਲਝ ਕੇ ਰਹਿ ਗਏ ਹਾਂ। ਸਾਡੇ ਪੁਜਾਰੀ, ਗੁਰਦੁਆਰਿਆਂ ਦੇ ਪ੍ਰਬੰਧਕ, ਰਾਗੀ ਇਹ ਸਾਰੇ ਹੀ ਇਤਿਹਾਸ ਨੂੰ ਮਲੀਆਮੇਟ ਕਰਨ ਵਿੱਚ ਪੂਰਾ ਯੋਗਦਾਨ ਪਾ ਰਹੇ ਹਨ।

ਇਨ੍ਹਾਂ ਨੂੰ ਗੁਰੂ ਇਤਿਹਾਸ ਨਾਲ, ਖੋਜ ਕਰਨ ਨਾਲ, ਗੁਰਬਾਣੀ ਸਮਝਣ ਨਾਲ ਕੋਈ ਮਤਲਬ ਨਹੀਂ ਹੈ, ਇਨ੍ਹਾਂ ਨੂੰ ਕੇਵਲ ਤੇ ਕੇਵਲ ਗੋਲਕ ਪਿਆਰੀ ਹੁੰਦੀ ਹੈ। ਇਸ ਇਕੱਠ ਵਿੱਚ ਖ਼ਾਲਸਾ ਅਪਣੀ ਰਣਨੀਤੀ ਤਿਆਰ ਕਰਦਾ ਸੀ ਕਿ ਆਉਣ ਵਾਲੇ ਸਮੇਂ ਵਿੱਚ ਕਰਨਾ ਕੀ ਹੈ। ਮੂਲ ਰੂਪ ਵਿੱਚ ਦੀਵਾਲੀ ਇੱਕ ਬ੍ਰਾਹਮਣੀ ਤਿਉਹਾਰ ਹੈ, ਇਸ ਦਾ ਸਿੱਖਾਂ ਨਾਲ ਕੋਈ ਦੂਰ-ਦੁਰਾਡੇ ਦਾ ਵੀ ਸਬੰਧ ਨਹੀਂ।

**ਬ੍ਰਾਹਮਣੀ ਕੁਟਲਨੀਤੀ ਦਾ ਭਿਅੰਕਰ ਰੂਪ ਦੀਵਾਲੀ**

ਬ੍ਰਾਹਮਣੀ ਜਾਲ ਦਾ ਇੱਕ ਹੋਰ ਰੂਪ ਇਹ ਵੀ ਹੈ ਜੋ ਲੋਕਾਈ ਦੀ ਸਮਝ ਵਿੱਚ ਆਉਣਾ ਸੌਖਾ ਨਹੀਂ ਹੈ। ਅਸੀ ਬਹੁਤ ਭੋਲੇ ਲੋਕ ਹਾਂ। ਬ੍ਰਾਹਮਣ ਵੀਰ ਆਪਣੇ ਹਰ ਇੱਕ ਤਿਉਹਾਰ ਨੂੰ ਮੌਸਮ ਨਾਲ ਜੋੜ ਲੈਂਦਾ ਹੈ। ਉਸ ਨੂੰ ਸਮਾਜਕ ਗੀਤੀ ਰਿਵਾਜਾਂ ਦਾ ਠੱਪਾ ਲਗਾ ਦਿੰਦਾ ਹੈ ਜਾਂ ਫ਼ਿਰ ਦੂਜੇ ਦੇ ਇਤਿਹਾਸ ਦੀਆਂ ਕੁਝ ਘਟਨਾਵਾਂ ਨੂੰ ਅਪਣੇ ਤਿਉਹਾਰਾਂ ਦਾ ਅੰਗ ਬਣਾ ਦਿੰਦਾ ਹੈ। ਉਸ ਨੂੰ ਇਸ ਗੱਲ ਦਾ ਵੀ ਪਤਾ ਹੈ ਕਿ ਬਹੁਤੇ ਸਿੱਖ ਖੋਜੀ ਨਹੀਂ ਹਨ, ਇਹ ਸੁਣੀ-ਸੁਣਾਈ ਗੱਲ ਨੂੰ ਹੀ ਇਤਿਹਾਸ ਮੰਨ ਲੈਂਦੇ ਹਨ। ਕਿਸੇ ਵੀ ਗ਼ਲਤ ਘਟਨਾ ਨੂੰ, ਜੋ ਕਦੇ ਵਾਪਰੀ ਹੀ ਨਹੀਂ, ਗੁਰੂ ਸਾਹਿਬ ਜੀ ਦੇ ਜੀਵਨ ਨਾਲ ਜੋੜ ਕੇ ਪ੍ਰਚਾਰ ਕੀਤਾ ਜਾਣ ਲਗਦਾ ਹੈ।

ਸਿੱਖ ਉਸੇ ਨੂੰ ਹੀ ਅਪਣਾ ਇਤਿਹਾਸ ਮੰਨਣ ਲੱਗ ਜਾਂਦੇ ਹਨ ਤੇ ਇਹੀ ਗੱਲ ਜੇ ਕਿਸੇ ਗੁਰੂ ਘਰ ਦੀ ਸਟੇਜ ਤੋਂ ਕਿਸੇ ਭਾਈ, ਰਾਗੀ ਜਾਂ ਕਥਾਵਾਚਕ ਪਾਸੋਂ ਅਖਵਾ ਦਿਤੀ ਜਾਵੇ ਤਾਂ ਹੋਰ ਵੀ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਹੋਰ ਨਹੀਂ ਤਾਂ, ਦੂਜੇ ਦੀ ਰਹਿਣੀ-ਸੋਚਣੀ ਨੂੰ ਬੜਾ ਮਿੱਠਾ ਬਣ ਕੇ, ਅਪਣੀ ਬੁੱਕਲ ਵਿੱਚ ਲੈ ਲੈਣ ਦਾ ਇਹ ਵੀ ਢੰਗ ਹੈ।

ਭਾਰਤ ਵਿਚੋਂ ਜੈਨ ਅਤੇ ਬੁਧ ਮੱਤ ਦੀ ਚੜ੍ਹਤ ਨੂੰ ਕਿਸੇ ਤਲਵਾਰ ਦੀ ਲੜਾਈ ਨਾਲ ਨਹੀ ਬਲਕਿ ਰਲਗੱਡ ਦੀ ਤਾਕਤ ਨਾਲ ਜ਼ਿਆਦਾ ਨੁਕਸਾਨ ਪਹੁੰਚਾਇਆ ਗਿਆ। ਮਹਾਤਮਾ ਬੁਧ ਅਤੇ ਮਹਾਂਵੀਰ ਦੀਆਂ ਮੂਰਤੀਆਂ ਨੂੰ ਅਪਣੇ ਮੰਦਰਾਂ ਵਿੱਚ ਲਿਆ ਟਿਕਾਇਆ ਗਿਆ। ਲਗਭਗ 1300 ਸਾਲਾਂ ਤੋਂ ਭਾਰਤ ਵਿੱਚ ਹੀ ਪੈਦਾ ਹੋਏ, ਪਰਵਾਨ ਚੜ੍ਹੇ ਬਲਕਿ ਰਾਜ ਸੱਤਾ ਤੱਕ ਪੁੱਜ ਚੁੱਕੇ ਬੁੱਧ ਧਰਮ ਨੂੰ ਵੀ, ਜਦੋਂ ਭਾਰਤ ਵਿਚੋਂ ਹੀ ਚਲਦਾ ਕਰ ਦਿਤਾ ਗਿਆ ਤਾਂ ਵਿਸ਼ੇ ਦੀ ਗੰਭੀਰਤਾ ਨੂੰ ਸਮਝਣ 'ਚ ਬਹੁਤੀ ਦੇਰ ਨਹੀਂ ਲਗਣੀ ਚਾਹੀਦੀ।

ਇਸੇ ਤਰ੍ਹਾਂ ਸਿੱਖਾਂ ਨਾਲ ਵੀ ਕੀਤਾ ਜਾ ਰਿਹਾ ਹੈ। ਸਿੱਖ ਗੁਰੂਧਾਮਾਂ ਤੋਂ ਹੀ ਇਹ ਸੰਦੇਸ਼ ਸਿੱਖਾਂ ਤਕ ਪਹੁੰਚਦਾ ਕੀਤਾ ਜਾ ਰਿਹਾ ਹੈ ਕਿ ਦੀਵਾਲੀ ਵਾਲੇ ਦਿਨ ਦੀਵੇ ਬਾਲੀਦੇ ਹਨ ਜਦਕਿ ਇਸ ਤੁਕ ਦੇ ਅਸਲ ਅਰਥ ਕੁੱਝ ਹੋਰ ਨਿਕਲਦੇ ਹਨ। ਸਾਨੂੰ ਉਚੇਚੇ ਤੌਰ 'ਤੇ ਸਾਵਧਾਨ ਹੋਣ ਦੀ ਲੋੜ ਹੈ। ਅਪਣੇ ਬੱਚਿਆਂ ਨੂੰ ਅਪਣੇ ਅਸਲ ਇਤਿਹਾਸ ਨਾਲ ਜੋੜਨ ਦੀ ਲੋੜ ਹੈ। ਇਹ ਕਿਸੇ ਇਕ ਦੇ ਕਰਨ ਵਾਲਾ ਕੰਮ ਨਹੀਂ, ਅਸੀ ਸਾਰੇ ਹੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਲਗਾਏ ਬਾਗ਼ ਦੇ ਮਾਲੀ ਅਤੇ ਚੌਕੀਦਾਰ ਹਾਂ।

**ਛੇਵੇਂ ਸਤਿਗੁਰੂ ਅਤੇ ਦੀਵਾਲੀ**

ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਹਿਬ ਜੀ ਅਗਸਤ ਦੇ ਮਹੀਨੇ ਸੰਨ 1621 ਵਿੱਚ ਗਵਾਲੀਅਰ ਦੀ ਜੇਲ੍ਹ 'ਚੋਂ 52 ਪਹਾੜੀ ਹਿੰਦੂ ਰਾਜਿਆਂ ਨੂੰ ਆਪਣੇ ਨਾਲ ਰਿਹਾਅ ਕਰਵਾ ਕੇ ਲਿਆਏ, ਜਿਵੇਂ ਕਿ ਅਰੰਭ ਵਿੱਚ ਜ਼ਿਕਰ ਆ ਹੀ ਚੁਕਾ ਹੈ। ਉਹਨੀਂ ਦਿਨੀਂ, ਸਿੱਖ ਧਰਮ ਦੇ ਸਾਲ 'ਚ ਦੋ ਵੱਡੇ ਇਕੱਠ-'ਦੀਵਾਲੀ' ਅਤੇ 'ਵਿਸਾਖੀ' ਹੋਇਆ ਕਰਦੇ ਸਨ ਪਰ ਇਹ ਇਕੱਠ ਕਿਸੇ ਆਤਿਸ਼ਬਾਜ਼ੀ ਜਾਂ ਦੀਪਮਾਲਾ ਵਾਲੀ ਦੀਵਾਲੀ ਵਾਂਗ ਨਹੀਂ ਸਨ ਹੋਇਆ ਕਰਦੇ।

ਗੁਰੂ ਸਾਹਿਬ ਜਿਥੇ ਵੀ ਜਾਂਦੇ ਸਨ, ਸੰਗਤਾਂ ਵੱਡੇ ਇਕੱਠ ਵਿੱਚ ਉਨ੍ਹਾਂ ਦੇ ਦਰਸ਼ਨ ਕਰਨ ਆਉਂਦੀਆਂ ਸਨ। ਉਹ ਗੁਰੂ ਜੀ ਪਾਸੋਂ ਕੁੱਝ ਸਿਖਿਆ ਲੈਣ ਲਈ ਇਕੱਠੇ ਹੁੰਦੇ ਸਨ ਨਾ ਕਿ ਦੀਵੇ ਬਾਲਦੇ ਸਨ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਤਕ ਅਜਿਹੀ ਕਿਸੇ ਵੀ ਤਰ੍ਹਾਂ ਦੀ, ਕਿਸੇ ਵੀ ਦੀਵਾਲੀ ਦਾ ਜ਼ਿਕਰ ਤਕ ਨਹੀਂ ਮਿਲਦਾ ਜਿਸ ਤਰ੍ਹਾਂ ਅੱਜ ਕੱਲ੍ਹ ਕੀਤਾ ਜਾਂਦਾ ਹੈ। ਅੱਠਵੇਂ ਅਤੇ ਦਸਵੇਂ ਪਾਤਸ਼ਾਹ ਆਪਣੇ ਜੀਵਨ ਵਿੱਚ ਕਦੇ ਵੀ ਅੰਮ੍ਰਿਤਸਰ ਸਾਹਿਬ ਗਏ ਹੀ ਨਹੀਂ।

**ਦੀਵਾਲੀ ਅਤੇ ਦਰਬਾਰ ਸਾਹਿਬ**

ਹੁਣ ਤਕ ਦੀ ਵਿਚਾਰ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਦੀਵਾਲੀ ਦਾ ਖ਼ਾਲਸੇ ਨਾਲ ਕੋਈ ਸਬੰਧ ਨਹੀਂ। ਇਹ ਕੇਵਲ 'ਧਨ (ਲਛਮੀ) ਦੇਵੀ' ਦੀ ਪੂਜਾ ਦਾ ਜਾਂ ਵੱਧ ਤੋਂ ਵੱਧ ਸ੍ਰੀ ਰਾਮ ਚੰਦਰ ਜੀ ਦੇ ਬਨਵਾਸ ਤੋਂ ਵਾਪਸੀ ਨਾਲ ਸਬੰਧਤ, ਪੂਰਨ ਤੌਰ 'ਤੇ ਬ੍ਰਾਹਮਣੀ ਤਿਉਹਾਰ ਹੈ ਪਰ ਸਾਡੇ ਅਪਣੇ ਹੀ ਇਸ ਦੀ ਸ਼ੁਰੂਆਤ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਕਰਦੇ ਹਨ। ਉਹ ਦੀਵਾਲੀ ਵਾਲੇ ਦਿਨ ਦਰਬਾਰ ਸਾਹਿਬ ਨੂੰ ਖ਼ੂਬ ਫ਼ੁੱਲਾਂ ਨਾਲ ਸਜਾਉਂਦੇ ਹਨ। ਸਰਕਾਰੀ ਮੀਡੀਆ ਦਾ ਵੀ ਪੂਰਾ ਜ਼ੋਰ ਲੱਗਾ ਹੁੰਦਾ ਹੈ ਕਿ ਉਹ ਸਿੱਖਾਂ ਨੂੰ ਪੂਰੀ ਤਰ੍ਹਾਂ ਬ੍ਰਾਹਮਣਵਾਦ ਦੀ ਝੋਲੀ ਵਿੱਚ ਸੁਟ ਸਕਣ। ਪੰਜਾਬੀ ਚੈਨਲਾਂ ਵਾਲੇ ਸਾਰਾ ਦਿਨ ਦਰਬਾਰ ਸਾਹਿਬ ਦੀ ਸਜਾਵਟ ਅਤੇ ਰਾਤ ਵੇਲੇ ਦੀ ਆਤਿਸ਼ਬਾਜ਼ੀ ਵਿਖਾ ਕੇ ਸਿੱਧ ਕਰਨਾ ਚਾਹੁੰਦੇ ਹਨ ਕਿ ਦੀਵਾਲੀ ਸਿੱਖਾਂ ਦਾ ਬਹੁਤ ਵੱਡਾ ਤਿਉਹਾਰ ਹੈ ਜਦਕਿ ਅਸੀ ਸਿੱਧ ਕਰ ਚੁਕੇ ਹਾਂ ਕਿ ਇਸ ਦਾ ਸਿੱਖ ਧਰਮ ਨਾਲ ਕੋਈ ਸਬੰਧ ਨਹੀਂ। ਭੋਲੀਆਂ-ਭਾਲੀਆਂ ਸੰਗਤਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ਰੇਆਮ ਮੂਰਖ ਬਣਾਇਆ ਜਾ ਰਿਹਾ ਹੈ। ਸਿੱਖ ਆਗੂ, ਵੱਡੇ-ਵੱਡੇ ਜਥੇਦਾਰ, ਵੱਡੀਆਂ ਵੱਡੀਆਂ ਕ੍ਰਿਪਾਨਾਂ ਹੱਥ ਵਿੱਚ ਫ਼ੜ ਕੇ, ਸਿੱਖ ਕੌਮ ਨੂੰ ਸ਼ਰੇਆਮ ਕੁਰਾਹੇ ਪਾ ਰਹੇ ਹਨ। ਇਹ ਇੱਕ ਬਹੁਤ ਹੀ ਵੱਡਾ ਦੁਖਾਂਤ ਹੈ ਕਿ ਜਿੰਨੀ ਆਤਿਸ਼ਬਾਜ਼ੀ ਅਤੇ ਦੀਪਮਾਲਾ ਸਿੱਖ ਸੰਗਤਾਂ ਦੇ ਪੈਸੇ ਨਾਲ ਕੀਤੀ ਜਾਂਦੀ ਹੈ, ਹੋਰ ਕਿਤੇ ਇਸ ਦੀ ਮਿਸਾਲ ਨਹੀਂ ਮਿਲਦੀ। ਵਿਚਾਰੇ ਗ਼ਰੀਬ ਸਿੱਖ ਤਾਂ ਸੋਚਦੇ ਹੀ ਰਹਿ ਜਾਂਦੇ ਹੋਣਗੇ ਕਿ ਗੁਰੂ ਸਾਹਿਬ ਜੀ ਉਪਦੇਸ਼ ਕੀ ਦੇ ਗਏ ਸੀ ਤੇ ਇਹ ਪੁਜਾਰੀ ਲਾਣਾ ਕਰੀ ਕੀ ਜਾ ਰਿਹਾ ਹੈ। ਦਰਬਾਰ ਸਾਹਿਬ ਮੰਜੀ ਹਾਲ 'ਚੋਂ ਜੋ ਕਥਾ ਹੁੰਦੀ ਹੈ, ਉਥੇ ਗੁਰੂ ਸਾਹਿਬ ਜੀ ਦੀ ਰਿਹਾਈ ਦੀ ਕਥਾ ਤਾਂ ਸੁਣਾਈ ਜਾਂਦੀ ਹੈ ਪਰ ਸਰਬੱਤ ਖ਼ਾਲਸੇ ਦੀ ਗੱਲ ਕਦੇ ਨਹੀਂ ਕੀਤੀ ਜਾਂਦੀ। ਇਹ ਸੱਭ ਕੁੱਝ ਵੇਖ ਕੇ ਹੀ ਸਿੱਖ ਅਪਣੇ ਘਰਾਂ ਵਿੱਚ ਵੀ ਗੁਰੂ ਨਾਨਕ ਜੀ ਦੀ ਤਸਵੀਰ ਰੱਖ ਕੇ, ਨਾਲ ਲਛਮੀ ਦੀ ਫ਼ੋਟੋ ਰੱਖ ਲੈਂਦੇ ਹਨ ਤੇ ਪੂਜਾ ਕਰਨੀ ਸ਼ੁਰੂ ਕਰ ਦਿੰਦੇ ਹਨ।

# ਦੀਵਾਲੀ: ਰੌਸ਼ਨੀ ਦਾ ਤਿਉਹਾਰ ਅਤੇ ਵਿਭਿੰਨ ਸੱਭਿਆਚਾਰਕ ਕਹਾਣੀਆਂ

ਦੀਵਾਲੀ, ਜਿਸ ਨੂੰ 'ਰੌਸ਼ਨੀ ਦਾ ਤਿਉਹਾਰ' ਵੀ ਕਿਹਾ ਜਾਂਦਾ ਹੈ, ਭਾਰਤ ਵਿੱਚ ਬੜੇ ਉਤਸ਼ਾਹ ਨਾਲ ਮਨਾਇਆ ਜਾਣ ਵਾਲਾ ਇੱਕ ਮੁੱਖ ਤਿਉਹਾਰ ਹੈ। ਇਹ ਨਾ ਸਿਰਫ਼ ਹਿੰਦੂਆਂ, ਸਗੋਂ ਸਿੱਖ, ਜੈਨ ਅਤੇ ਹੋਰ ਭਾਈਚਾਰਿਆਂ ਦੁਆਰਾ ਵੀ ਵੱਖ-ਵੱਖ ਰੀਤੀ-ਰਿਵਾਜਾਂ ਅਤੇ ਕਹਾਣੀਆਂ ਦੇ ਨਾਲ ਮਨਾਇਆ ਜਾਂਦਾ ਹੈ। ਦੀਵਾਲੀ ਦੀਆਂ ਮਸ਼ਹੂਰ ਕਹਾਣੀਆਂ ਵਿੱਚ ਰਾਮਾਇਣ, ਮਹਾਭਾਰਤ, ਨਰਕਾਸੁਰ ਦੀ ਕਥਾ, ਦੇਵੀ ਲਕਸ਼ਮੀ ਦੀ ਪੂਜਾ ਅਤੇ ਸਿੱਖ ਤੇ ਜੈਨ ਧਰਮ ਨਾਲ ਜੁੜੀਆਂ ਪਰੰਪਰਾਵਾਂ ਸ਼ਾਮਲ ਹਨ। ਇਹ ਤਿਉਹਾਰ ਬੁਰਾਈ ਉੱਤੇ ਚੰਗਿਆਈ ਦੀ ਜਿੱਤ, ਅਗਿਆਨਤਾ ਉੱਤੇ ਗਿਆਨ ਦੀ ਜਿੱਤ ਅਤੇ ਅਧਿਆਤਮਕ ਤੇ ਸਮਾਜਿਕ ਮਹੱਤਤਾ ਦਾ ਪ੍ਰਤੀਕ ਹੈ। ਇਸ ਲੇਖ ਵਿੱਚ, ਅਸੀਂ ਦੀਵਾਲੀ ਦੀਆਂ ਮੁੱਖ ਕਹਾਣੀਆਂ ਅਤੇ ਵੱਖ-ਵੱਖ ਧਰਮਾਂ ਵਿੱਚ ਇਸ ਦੀ ਮਨਾਉਣ ਦੀਆਂ ਵਿਧੀਆਂ 'ਤੇ ਚਰਚਾ ਕਰਾਂਗੇ।

**ਰਾਮਾਇਣ ਅਤੇ ਦੀਵਾਲੀ: ਰਾਮ ਦੀ ਵਾਪਸੀ ਦਾ ਜਸ਼ਨ**

ਉੱਤਰੀ ਭਾਰਤ ਵਿੱਚ ਦੀਵਾਲੀ ਦੀ ਸਭ ਤੋਂ ਪ੍ਰਸਿੱਧ ਕਹਾਣੀ ਰਾਮਾਇਣ ਨਾਲ ਜੁੜੀ ਹੋਈ ਹੈ। ਪੌਰਾਣਿਕ ਕਥਾਵਾਂ ਅਨੁਸਾਰ, ਦੀਵਾਲੀ ਉਸ ਦਿਨ ਦੀ ਯਾਦ ਵਿੱਚ ਮਨਾਈ ਜਾਂਦੀ ਹੈ ਜਦੋਂ ਭਗਵਾਨ ਰਾਮ, ਲਕਸ਼ਮਣ ਅਤੇ ਸੀਤਾ 14 ਸਾਲ ਦਾ ਬਨਵਾਸ ਪੂਰਾ ਕਰਕੇ ਅਯੁੱਧਿਆ ਵਾਪਸ ਪਰਤੇ ਸਨ। ਰਾਵਣ ਨੂੰ ਹਰਾਉਣ ,ਮਾਰਨ ਅਤੇ ਸੀਤਾ ਨੂੰ ਵਾਪਸ ਲਿਆਉਣ ਤੋਂ ਬਾਅਦ, ਰਾਮ ਦੀ ਵਾਪਸੀ ਨੂੰ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦੇ ਪ੍ਰਤੀਕ ਵਜੋਂ ਦੇਖਿਆ ਜਾਂਦਾ ਹੈ। ਅਯੁੱਧਿਆ ਦੇ ਲੋਕਾਂ ਨੇ ਆਪਣੇ ਰਾਜਾ ਦੇ ਸਵਾਗਤ ਲਈ ਘਰਾਂ ਨੂੰ ਸਜਾਇਆ, ਦੀਵੇ ਜਗਾਏ ਅਤੇ ਰੌਸ਼ਨੀ ਕੀਤੀ। ਅੱਜ ਵੀ ਇਹ ਪਰੰਪਰਾ ਜਾਰੀ ਹੈ, ਜਿੱਥੇ ਲੋਕ ਦੀਵੇ, ਮੋਮਬੱਤੀਆਂ ਅਤੇ ਆਤਿਸ਼ਬਾਜ਼ੀ ਨਾਲ ਦੀਵਾਲੀ ਮਨਾਉਂਦੇ ਹਨ।

ਵਾਲਮੀਕਿ ਰਾਮਾਇਣ ਵਿੱਚ ਅਯੁੱਧਿਆ ਦੀ ਸਜਾਵਟ ਦਾ ਜ਼ਿਕਰ ਹੈ, ਪਰ ਇਹ ਸਪੱਸ਼ਟ ਨਹੀਂ ਕਰਦੀ ਕਿ ਇਸ ਦਿਨ ਨੂੰ ਹਰ ਸਾਲ ਮਨਾਉਣਾ ਚਾਹੀਦਾ। ਫਿਰ ਵੀ, ਇਹ ਕਹਾਣੀ ਉੱਤਰੀ ਭਾਰਤ ਵਿੱਚ ਦੀਵਾਲੀ ਦਾ ਮੁੱਖ ਆਧਾਰ ਹੈ। ਲੋਕ ਆਪਣੇ ਘਰਾਂ ਨੂੰ ਸਜਾਉਂਦੇ ਹਨ, ਰੰਗੋਲੀ ਬਣਾਉਂਦੇ ਹਨ ਅਤੇ ਮਿੱਠੇ ਪਕਵਾਨ ਸਾਂਝੇ ਕਰਦੇ ਹਨ, ਜੋ ਸਮਾਜਕ ਏਕਤਾ ਅਤੇ ਖੁਸ਼ੀ ਦਾ ਪ੍ਰਤੀਕ ਹੈ।



**ਨਰਕਾਸੁਰ ਦੀ ਕਥਾ: ਦੱਖਣੀ ਭਾਰਤ ਦੀ ਪਰੰਪਰਾ**

ਦੱਖਣੀ ਭਾਰਤ ਵਿੱਚ, ਦੀਵਾਲੀ ਨੂੰ ਨਰਕਾਸੁਰ ਦੇ ਵਧ ਨਾਲ ਜੋੜਿਆ ਜਾਂਦਾ ਹੈ। ਪੁਰਾਣਾਂ ਅਨੁਸਾਰ, ਨਰਕਾਸੁਰ ਇੱਕ ਸ਼ਕਤੀਸ਼ਾਲੀ ਰਾਕਸ਼ਸ ਸੀ, ਜਿਸ ਨੂੰ ਬ੍ਰਹਮਾ ਦੇ ਵਰਦਾਨ ਕਾਰਨ ਸਿਰਫ਼ ਉਸ ਦੀ ਮਾਂ ਭੂਮਦੇਵੀ ਹੀ ਮਾਰ ਸਕਦੀ ਸੀ। ਨਰਕਾਸੁਰ ਨੇ ਸਵਰਗ 'ਤੇ ਕਬਜ਼ਾ ਕਰ ਲਿਆ ਅਤੇ ਦੇਵਤਿਆਂ ਨੂੰ ਪਰੇਸ਼ਾਨ ਕੀਤਾ। ਇਸ ਦੇ ਜਵਾਬ ਵਿੱਚ, ਭਗਵਾਨ ਵਿਸ਼ਨੂੰ ਨੇ ਕ੍ਰਿਸ਼ਨ ਦੇ ਰੂਪ ਵਿੱਚ ਅਤੇ ਭੂਮਦੇਵੀ ਨੇ ਸਤਿਆਭਾਮਾ ਦੇ ਰੂਪ ਵਿੱਚ ਅਵਤਾਰ ਲਿਆ। ਸਤਿਆਭਾਮਾ ਨੇ ਨਰਕਾਸੁਰ ਨੂੰ ਹਰਾਇਆ ਅਤੇ ਕ੍ਰਿਸ਼ਨ ਨੇ ਆਪਣੇ ਸੁਦਰਸ਼ਨ ਚੱਕਰ ਨਾਲ ਉਸ ਦਾ ਅੰਤ ਕੀਤਾ।

ਕਹਾਣੀ ਅਨੁਸਾਰ, ਨਰਕਾਸੁਰ ਨੇ ਮੌਤ ਤੋਂ ਪਹਿਲਾਂ ਇੱਕ ਵਰ ਮੰਗਿਆ ਕਿ ਉਸ ਦੀ ਮੌਤ ਦਾ ਦਿਨ ਰੰਗੀਨ ਰੌਸ਼ਨੀਆਂ ਅਤੇ ਆਤਿਸ਼ਬਾਜ਼ੀ ਨਾਲ ਮਨਾਇਆ ਜਾਵੇ। ਇਸ ਲਈ ਦੱਖਣੀ ਭਾਰਤ ਵਿੱਚ ਦੀਵਾਲੀ ਨੂੰ 'ਨਰਕ ਚਤੁਰਦਸ਼ੀ' ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਦਿਨ ਲੋਕ ਸਵੇਰੇ ਤੇਲ ਨਾਲ ਇਸ਼ਨਾਨ ਕਰਦੇ ਹਨ, ਨਵੇਂ ਕੱਪੜੇ ਪਾਉਂਦੇ ਹਨ ਅਤੇ ਆਤਿਸ਼ਬਾਜ਼ੀ ਦਾ ਅਨੰਦ ਲੈਂਦੇ ਹਨ। ਅਸਾਮ ਵਿੱਚ ਨਰਕਾਸੁਰ ਦੀਆਂ ਕਹਾਣੀਆਂ ਵਿਸ਼ੇਸ਼ ਤੌਰ 'ਤੇ ਮਸ਼ਹੂਰ ਹਨ, ਜਿੱਥੇ ਇਹ ਤਿਉਹਾਰ ਬੁਰਾਈ 'ਤੇ ਚੰਗਿਆਈ ਦੀ ਜਿੱਤ ਦੇ ਪ੍ਰਤੀਕ ਵਜੋਂ ਮਨਾਇਆ ਜਾਂਦਾ ਹੈ।

**ਸਿੱਖ ਅਤੇ ਜੈਨ ਧਰਮ ਵਿੱਚ ਦੀਵਾਲੀ: ਅਧਿਆਤਮਕ ਅਤੇ ਇਤਿਹਾਸਕ ਮਹੱਤਤਾ**

ਸਿੱਖ ਧਰਮ ਵਿੱਚ ਦੀਵਾਲੀ: ਸਿੱਖ ਭਾਈਚਾਰੇ ਵਿੱਚ ਦੀਵਾਲੀ ਨੂੰ 'ਬੰਦੀ ਛੋੜ ਦਿਵਸ' ਵਜੋਂ ਮਨਾਇਆ ਜਾਂਦਾ ਹੈ। 1619 ਵਿੱਚ, ਮੁਗਲ ਬਾਦਸ਼ਾਹ ਜਹਾਂਗੀਰ ਨੇ ਸਿੱਖਾਂ ਦੇ ਛੇਵੇਂ ਗੁਰੂ, ਗੁਰੂ ਹਰਗੋਬਿੰਦ ਜੀ ਅਤੇ 52 ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਲਿਆ ਸੀ। ਜਦੋਂ ਉਨ੍ਹਾਂ ਦੀ ਰਿਹਾਈ ਦਾ ਸਮਾਂ ਆਇਆ, ਗੁਰੂ ਜੀ ਨੇ ਸਾਰੇ 52 ਰਾਜਿਆਂ ਦੀ ਰਿਹਾਈ ਦੀ ਮੰਗ ਕੀਤੀ। ਜਹਾਂਗੀਰ ਨੇ ਸ਼ਰਤ ਰੱਖੀ ਕਿ ਸਿਰਫ਼ ਉਹੀ ਰਾਜੇ ਰਿਹਾਅ ਹੋਣਗੇ ਜੋ ਗੁਰੂ ਜੀ ਦੇ ਚੋਲ਼ੇ ਦਾ ਪੱਲਾ ਫੜ ਸਕਣ। ਗੁਰੂ ਜੀ ਨੇ 52 ਕਲੀਆਂ ਵਾਲਾ ਚੋਲਾ ਸਿਉਂ ਕੇ ਸਾਰੇ ਰਾਜਿਆਂ ਨੂੰ ਰਿਹਾਅ ਕਰਵਾਇਆ। ਉਨ੍ਹਾਂ ਦੀ ਅੰਮ੍ਰਿਤਸਰ ਵਾਪਸੀ ਦੀਵਾਲੀ ਵਾਲੇ ਦਿਨ ਹੋਈ, ਜਿਸ ਨੂੰ ਮਨਾਉਣ ਲਈ ਦਰਬਾਰ ਸਾਹਿਬ ਨੂੰ ਦੀਵਿਆਂ ਨਾਲ ਸਜਾਇਆ ਗਿਆ। ਸਿੱਖ ਇਸ ਦਿਨ ਨੂੰ ਆਜ਼ਾਦੀ ਅਤੇ ਨਿਆਂ ਦੇ ਪ੍ਰਤੀਕ ਵਜੋਂ ਮਨਾਉਂਦੇ ਹਨ।

ਜੈਨ ਧਰਮ ਵਿੱਚ ਦੀਵਾਲੀ: ਜੈਨ ਧਰਮ ਵਿੱਚ, ਦੀਵਾਲੀ 24ਵੇਂ ਤੀਰਥੰਕਰ ਮਹਾਵੀਰ ਸਵਾਮੀ ਦੇ ਨਿਰਵਾਣ (ਮੋਕਸ਼) ਦੀ ਯਾਦ ਵਿੱਚ ਮਨਾਈ ਜਾਂਦੀ ਹੈ। ਮੰਨਿਆ ਜਾਂਦਾ ਹੈ ਕਿ 15 ਅਕਤੂਬਰ, 527 ਈਸਵੀ ਪੂਰਵ ਵਿੱਚ, ਮਹਾਵੀਰ ਨੇ ਬਿਹਾਰ ਦੇ ਨਾਲੰਦਾ ਜ਼ਿਲ੍ਹੇ ਦੇ ਭਾਵਪੁਰੀ ਵਿੱਚ ਨਿਰਵਾਣ ਪ੍ਰਾਪਤ ਕੀਤਾ। ਉਨ੍ਹਾਂ ਦੇ ਅੰਤਮ ਪ੍ਰਵਚਨ ਤੋਂ ਬਾਅਦ, ਜਦੋਂ ਲੋਕ ਜਾਗੇ ਅਤੇ ਪਤਾ ਲੱਗਾ ਕਿ ਮਹਾਵੀਰ ਨੇ ਮੋਕਸ਼ ਪ੍ਰਾਪਤ ਕਰ ਲਿਆ, ਤਾਂ ਰਾਜੇ ਨੇ ਲੋਕਾਂ ਨੂੰ ਦੀਵੇ ਜਗਾਉਣ ਦਾ ਹੁਕਮ ਦਿੱਤਾ। ਜੈਨੀਆਂ ਲਈ, ਦੀਵਾਲੀ ਗਿਆਨ ਅਤੇ ਅਧਿਆਤਮਕ ਜਾਗਰੂਕਤਾ ਦਾ ਪ੍ਰਤੀਕ ਹੈ, ਅਤੇ ਇਹ ਦਿਨ ਨਵੇਂ ਸਾਲ ਦੀ ਸ਼ੁਰੂਆਤ ਵੀ ਮੰਨਿਆ ਜਾਂਦਾ ਹੈ।

**ਦੇਵੀ ਲਕਸ਼ਮੀ ਅਤੇ ਦੀਵਾਲੀ: ਸੰਪਤੀ ਅਤੇ ਸਮ੍ਰਿਧੀ ਦਾ ਜਸ਼ਨ**

ਦੀਵਾਲੀ ਨੂੰ ਦੌਲਤ ਦੀ ਦੇਵੀ ਲਕਸ਼ਮੀ ਦੇ ਜਨਮ ਜਾਂ ਪ੍ਰਗਟ ਹੋਣ ਨਾਲ ਵੀ ਜੋੜਿਆ ਜਾਂਦਾ ਹੈ। ਪੁਰਾਣਿਕ ਕਥਾਵਾਂ ਅਨੁਸਾਰ, ਜਦੋਂ ਇੰਦਰ ਦੇ ਹੰਕਾਰ ਕਾਰਨ ਲਕਸ਼ਮੀ ਦੇਵਲੋਕ ਛੱਡ ਕੇ ਕਸ਼ੀਰ ਸਾਗਰ ਵਿੱਚ ਚਲੇ ਗਏ, ਤਾਂ ਸੰਸਾਰ ਹਨੇਰੇ ਵਿੱਚ ਡੁੱਬ ਗਿਆ। ਦੇਵਤਿਆਂ ਨੇ ਸਮੁੰਦਰ ਮੰਥਨ ਕੀਤਾ ਅਤੇ ਹਜ਼ਾਰ ਸਾਲ ਬਾਅਦ ਲਕਸ਼ਮੀ ਕਮਲ ਦੇ ਫੁੱਲ 'ਤੇ ਪ੍ਰਗਟ ਹੋਈ। ਇਹ ਘਟਨਾ ਅਮਾਵਸ ਦੀ ਰਾਤ ਨੂੰ ਵਾਪਰੀ ਮੰਨੀ ਜਾਂਦੀ ਹੈ, ਜਿਸ ਕਾਰਨ ਦੀਵਾਲੀ ਨੂੰ ਲਕਸ਼ਮੀ ਪੂਜਾ ਦੇ ਦਿਨ ਵਜੋਂ ਮਨਾਇਆ ਜਾਂਦਾ ਹੈ।

ਇਸ ਦਿਨ, ਵਪਾਰੀ ਅਤੇ ਘਰੇਲੂ ਲੋਕ ਲਕਸ਼ਮੀ ਪੂਜਾ ਕਰਦੇ ਹਨ, ਆਪਣੇ ਖਾਤਿਆਂ ਦੀ ਸ਼ੁਰੂਆਤ ਕਰਦੇ ਹਨ ਅਤੇ ਸੰਪਤੀ ਦੀ ਕਾਮਨਾ ਕਰਦੇ ਹਨ। ਘਰਾਂ ਨੂੰ ਸਜਾਇਆ ਜਾਂਦਾ ਹੈ, ਦੀਵੇ ਜਗਾਏ ਜਾਂਦੇ ਹਨ ਅਤੇ ਮਿੱਠੇ ਪਕਵਾਨ ਬਣਾਏ ਜਾਂਦੇ ਹਨ। ਇਹ ਪਰੰਪਰਾ ਵਪਾਰਕ ਅਤੇ ਆਰਥਕ ਸਮ੍ਰਿਧੀ ਦੀ ਮਹੱਤਤਾ ਨੂੰ ਦਰਸਾਉਂਦੀ ਹੈ।

ਦੀਵਾਲੀ ਭਾਰਤ ਦਾ ਇੱਕ ਅਜਿਹਾ ਤਿਉਹਾਰ ਹੈ ਜੋ ਵਿਭਿੰਨ ਸਭਿਆਚਾਰਕ ਅਤੇ ਧਾਰਮਿਕ ਪਰੰਪਰਾਵਾਂ ਨੂੰ ਇੱਕਠਾ ਕਰਦਾ ਹੈ। ਰਾਮਾਇਣ ਦੀ ਰਾਮ ਵਾਪਸੀ ਤੋਂ ਲੈ ਕੇ ਨਰਕਾਸੁਰ ਦੇ ਕਤਲ, ਸਿੱਖਾਂ ਦੇ ਬੰਦੀ ਛੋੜ ਦਿਵਸ ਅਤੇ ਜੈਨਾਂ ਦੇ ਮਹਾਵੀਰ ਦੇ ਨਿਰਵਾਣ ਤੱਕ, ਹਰ ਕਹਾਣੀ ਦੀਵਾਲੀ ਨੂੰ ਇੱਕ ਵਿਸ਼ੇਸ਼ ਮਹੱਤਤਾ ਪ੍ਰਦਾਨ ਕਰਦੀ ਹੈ। ਦੇਵੀ ਲਕਸ਼ਮੀ ਦੀ ਪੂਜਾ ਇਸ ਤਿਉਹਾਰ ਨੂੰ ਸਾਂਝੀਵਾਲਤਾ ਨਾਲ ਜੋੜਦੀ ਹੈ। ਵੱਖ-ਵੱਖ ਧਰਮਾਂ ਵਿੱਚ ਦੀਵਾਲੀ ਦੀਆਂ ਵਿਧੀਆਂ ਵਿੱਚ ਰੌਸ਼ਨੀ, ਆਤਿਸ਼ਬਾਜ਼ੀ, ਮਿੱਠੇ ਪਕਵਾਨ ਅਤੇ ਸਮਾਜਕ ਮਿਲਣੀ ਦੀ ਸਾਂਝੀ ਵਿਸ਼ੇਸ਼ਤਾ ਹੈ, ਜੋ ਇਸ ਨੂੰ ਸੱਚਮੁੱਚ ਭਾਰਤੀ ਸੱਭਿਆਚਾਰ ਦਾ ਪ੍ਰਤੀਕ ਬਣਾਉਂਦੀ ਹੈ।

ਪ੍ਰਿੰਸੀ. ਗਿਆਨੀ ਸੁਰਜੀਤ ਸਿੰਘ

# ਕੀ ਦੀਵਾਲੀ ਦਾ ਸਿੱਖ ਧਰਮ ਵਿੱਚ ਮਹੱਤਵ ਹੈ ?

'ਦੀਵਾਲੀ ਕੀ ਰਾਤਿ, ਦੀਵੇ. . ?' ਹੋਰ ਤਾਂ ਹੋਰ ਦਿਵਾਲੀ ਦੇ ਦਿਨਾਂ ਵਿੱਚ ਸਿੱਖ ਧਰਮ ਦੇ ਕੇਂਦਰ ਦਰਬਾਰ ਸਾਹਿਬ ਤੋਂ ਹੀ ਅਰੰਭ ਹੋ ਕੇ ਅੱਜ ਸਾਡੇ ਬਹੁਤੇ ਪ੍ਰਚਾਰਕ-ਰਾਗੀ- 'ਦੀਵਾਲੀ ਕੀ ਰਾਤਿ, ਦੀਵੇ ਬਾਲੀਅਨਿ' ਪੰਕਤੀ ਨੂੰ ਮੂਲ ਅਰਥਾਂ ਦੇ ਬਿਲਕੁਲ ਉਲਟ ਪੇਸ਼ ਕਰ ਰਹੇ ਹੁੰਦੇ ਹਨ। ਅਸਲ ਵਿੱਚ ਭਾਈ ਗੁਰਦਾਸ ਜੀ ਦੀ ਵਾਰ 19/6 ਦੀ ਇਹ ਪਹਿਲੀ ਪੰਕਤੀ ਹੈ ਅਤੇ ਪਉੜੀ ਇਸ ਤਰ੍ਹਾਂ ਹੈ: 'ਦੀਵਾਲੀ ਕੀ ਰਾਤਿ, ਦੀਵੇ ਬਾਲੀਅਨਿ॥ ਤਾਰੇ ਜਾਤਿ ਸਨਾਤਿ, ਅੰਬਰ ਭਾਲੀਅਨਿ॥ ਫੁਲਾਂ ਦੀ ਬਾਗਾਤਿ, ਚੁਣਿ ਚੁਣਿ ਚਾਲਿਆਨਿ॥ ਤੀਰਥ ਜਾਤੀ ਜਾਤਿ ਨੈਨਿ ਨਿਹਾਲੀਅਨਿ॥ ਹਰਿ ਚੰਦਉਰੀ ਝਾਤਿ, ਵਸਾਇ ਉਚਾਲੀਅਨਿ॥ ਗੁਰਮੁਖਿ ਸੁਖ ਫਲਦਾਤਿ, ਸਬਦਿ ਸਮਾਲੀਅਨਿ॥'

ਅਰਥ ਇਹ ਹੈ ; 'ਜਿਵੇਂ ਦੀਵਾਲੀ ਦੀ ਰਾਤ ਨੂੰ ਲੋਕੀਂ ਦੀਵੇ ਬਾਲਦੇ ਹਨ ਪਰ ਇਹ ਰੌਸ਼ਨੀ ਕੁੱਝ ਦੇਰ ਲਈ ਹੀ ਹੁੰਦੀ ਹੈ। ਰਾਤ ਨੂੰ ਤਾਰੇ ਦਿਖਾਈ ਦੇਂਦੇ ਹਨ, ਕੇਵਲ ਦਿਨ ਚੜ੍ਹਣ ਤੀਕ। ਪੌਦਿਆਂ ਨਾਲ ਫੁਲ ਖਿੱੜਦੇ ਹਨ ਪਰ ਲੱਗੇ ਰਹਿਣ ਲਈ ਨਹੀਂ। ਤੀਰਥਾਂ 'ਤੇ ਜਾਣ ਵਾਲੇ ਯਾਤਰੀ ਦਿਖਾਈ ਤਾਂ ਦੇਂਦੇ ਹਨ, ਪਰ ਉਥੇ ਰਹਿਣ ਨਹੀਂ ਜਾਂਦੇ। ਬੱਦਲਾਂ ਦੇ ਆਕਾਸ਼ੀ ਮਹੱਲ ਨਜ਼ਰ ਆਉਂਦੇ ਹਨ ਪਰ ਉਹਨਾਂ ਦੀ ਹੋਂਦ ਨਹੀਂ ਹੁੰਦੀ। ਅੰਤ ਫ਼ੈਸਲਾ ਦੇਂਦੇ ਹਨ- 'ਗੁਰਮੁਖ ਸੰਸਾਰ ਦੀ ਇਸ ਨਸ਼ਵਰਤਾ ਨੂੰ ਪਛਾਣ ਲੈਂਦੇ ਹਨ ਤੇ ਇਸ ਵਿੱਚ ਖੱਚਿਤ ਨਹੀਂ ਹੁੰਦੇ। ਗੁਰਮੁਖ ਪਿਅਰੇ, ਗੁਰੂ ਦੇ ਸ਼ਬਦ ਨਾਲ ਜੁੜ ਕੇ ਆਪਣੇ ਜੀਵਨ ਦੀ ਸੰਭਾਲ ਕਰਦੇ ਹਨ।' ਅੰਦਾਜ਼ਾ ਲਗਾਓ ! ਸਮਝਣਾ ਤਾਂ ਹੈ ਕਿ ਪਉੜੀ ਦਾ ਫ਼ੈਸਲਾ ਕੀ ਹੈ ? ਉਲਟਾ ਪਉੜੀ ਵਿੱਚ ਆਏ ਪ੍ਰਮਾਣ ਨੂੰ ਟੇਕ ਬਣਾ ਰਹੇ ਹਾਂ। ਆਖਿਰ ਪ੍ਰਚਾਰ ਕਿਸ ਗੱਲ ਦਾ ਕਰ ਰਹੇ ਹਾਂ ? ਗੁਰਮਤਿ ਦਾ ਜਾਂ ਮਨਮੱਤ ਦਾ ?

ਇੰਨਾ ਹੀ ਨਹੀਂ, ਗੁਰਬਾਣੀ ਵਿੱਚ ਲਫ਼ਜ਼ ਦੀਵਾ ਹੋਰ ਵੀ ਬਹੁਤ ਵਾਰੀ ਆਇਆ ਹੈ, ਕਿਥੇ ਤੇ ਕਿਸ ਅਰਥ ਵਿੱਚ ਆਇਆ, ਕਿਸੇ ਨੂੰ ਇਸ ਨਾਲ ਲੈਣ-ਦੇਣਾ ਨਹੀਂ। ਦਿਵਾਲੀ ਦੇ ਦਿਹਾੜੇ ਸੰਬੰਧਤ ਸ਼ਬਦਾਂ ਨੂੰ ਇਸ ਪ੍ਰਭਾਵ ਵਿੱਚ ਲਿਆ ਜਾ ਰਿਹਾ ਹੁੰਦਾ ਹੈ ਕਿ ਸੰਗਤਾਂ ਨੂੰ ਗੁਰਬਾਣੀ ਵਿਚਾਰਧਾਰਾ ਤੋਂ ਤੋੜ ਕੇ ਅਨਮੱਤੀ ਵਿਸ਼ਵਾਸਾਂ ਵਿੱਚ ਉਲਝਾਇਆ ਜਾਵੇ। ਕੀ ਇਹੀ ਹੈ ਅੱਜ ਦਾ ਸਾਡਾ ਗੁਰਮਤਿ ਪ੍ਰਚਾਰ ?

ਇਸ ਤਰ੍ਹਾਂ ਜਿੱਥੇ ਸਾਡੇ ਅਜਿਹੇ ਰਾਗੀ-ਪ੍ਰਚਾਰਕ, ਗੁਰਮਤਿ-ਗੁਰਬਾਣੀ ਵਿਰੁੱਧ ਪ੍ਰਚਾਰ ਦੇ ਦੋਸ਼ੀ ਹੁੰਦੇ ਹਨ ਉਥੇ ਨਾਲ ਹੀ ਭੋਲੀਆਂ ਭਾਲੀਆਂ ਸੰਗਤਾਂ ਨੂੰ ਗੁਮਰਾਹ ਕਰਣ ਦਾ ਵੀ ਕਾਰਨ ਬਣਦੇ ਹਨ। ਆਖਿਰ ਕਾਹਦੇ ਲਈ ? ਜਾਣੇ--ਅਣਜਾਣੇ ਬਹੁਤਾ ਕਰਕੇ ਆਪਣੇ ਹੱਲਵੇ ਮਾਂਡੇ, ਨੋਟਾਂ-ਡਾਲਰਾਂ-ਪੌਂਡਾਂ ਲਈ। ਅਸਲ ਵਿੱਚ ਅਜਿਹੇ ਪ੍ਰਚਾਰਕ ਸੰਗਤਾਂ ਨੂੰ ਨਿਰੋਲ ਬ੍ਰਾਹਮਣੀ 'ਦਿਵਾਲੀਆਂ' ਵਿੱਚ ਉਲਝਾਉਣ ਵਾਲਾ ਬਜਰ ਗੁਨਾਹ ਹੀ ਕਰ ਰਹੇ ਹੁੰਦੇ ਹਨ, ਗੁਰਮਤਿ ਪ੍ਰਚਾਰ ਨਹੀਂ। ਲੋੜ ਹੈ ਤਾਂ ਸੰਗਤਾਂ ਨੂੰ ਜਾਗਣ ਦੀ।

ਦੀਵਾਲੀ ਦਾ ਤਿਉਹਾਰ ਹੈ ਕੀ ? 'ਦਿਵਾਲੀ' ਜਾਂ ਦੀਪਾਵਲੀ' - ਅਰਥ ਹੈ ਦੀਵਿਆਂ ਦਾ ਤਿਉਹਾਰ। ਜਿਨ੍ਹਾਂ ਦਿਨ੍ਹਾਂ ਵਿੱਚ ਇਸ ਦਾ ਅਰੰਭ ਹੋਇਆ, ਰੋਸ਼ਨੀ ਦਾ ਸਾਧਨ ਹੀ ਦੀਵੇ ਸਨ। ਇਸ ਤਿਉਹਾਰ ਨਾਲ ਸੰਬੰਧਤ ਲੋਕ ਅੱਜ ਵੀ ਰੌਸ਼ਨੀ ਦੇ ਅਨੇਕਾਂ ਮਾਧਿਅਮ ਦੇ ਹੁੰਦੇ ਦੀਵੇ ਬਾਲਣਾ, ਆਪਣਾ ਧਰਮ ਮੰਨਦੇ ਹਨ। ਦਿਵਾਲੀ ਦਾ ਪਿਛੋਕੜ ਹੈ-ਪਹਿਲਾ, ਬ੍ਰਾਹਮਣ ਨੇ ਸਮਾਜ ਨੂੰ ਚਾਰ ਵਰਣਾਂ ਵਿੱਚ ਵੰਡਿਆ ਹੋਇਆ ਹੈ-ਬ੍ਰਾਹਮਣ, ਕਸ਼ਤਰੀ, ਵੈਸ਼, ਸ਼ੂਦਰ। ਹੋਰ ਵਿਤਕਰਿਆਂ ਵਾਂਗ ਤਿਉਹਾਰ ਵੀ ਵੱਖ-ਵੱਖ ਵਰਣਾਂ ਲਈ ਮਿੱਥੇ ਹੋਏ ਸਨ। ਬ੍ਰਾਹਮਣਾ ਲਈ 'ਵਿਸਾਖੀ', ਕਸ਼ਤਰੀਆਂ ਲਈ 'ਦੁਸਿਹਰਾ', ਅਖੌਤੀ ਸ਼ੂਦਰਾਂ ਲਈ ਘੱਟਾ-ਮਿੱਟੀ ਉਡਾਉਣ-ਖੜਮੱਸਤੀਆਂ ਲਈ 'ਹੋਲੀਆਂ'। ਵੈਸ਼ਾਂ ਭਾਵ ਕੀਰਤੀਆਂ, ਕਾਮਿਆਂ, ਬਾਬੂਆਂ ਲਈ ਦਿਵਾਲੀ। ਦਿਵਾਲੀ ਦੇ ਦਿਨ ਇਹ ਲੋਕ



'ਧੰਨ ਦੀ ਦੇਵੀ' 'ਲੱਛਮੀ' ਦੀ ਪੂਜਾ ਕਰਦੇ ਹਨ। ਦੂਜਾ- ਦਿਵਾਲੀ ਨਾਲ ਸ੍ਰੀ ਰਾਮ ਚੰਦਰ ਰਾਹੀਂ ਰਾਵਣ ਨੂੰ ਮਾਰ ਕੇ ਅਯੁਧਿਆ ਵਾਪਸ ਆਉਣ ਦੀ ਘਟਨਾ ਵੀ ਜੁੜੀ ਹੋਈ ਹੈ। ਇਸ ਤਰ੍ਹਾਂ ਇਹ ਤਿਉਹਾਰ ਸ੍ਰੀ ਰਾਮਚੰਦਰ ਨੂੰ ਅਵਤਾਰ ਮੰਨਣ ਵਾਲਿਆਂ ਨਾਲ ਵੀ ਸੰਬੰਧਤ ਹੈ। ਸਾਰੇ ਦੇ ਉਲਟ ਗੁਰਬਾਣੀ ਨਾ ਹੀ ਬ੍ਰਾਹਮਣੀ ਵਰਣ-ਵੰਡ ਵਿੱਚ ਵਿਸ਼ਵਾਸ ਰਖਦੀ ਹੈ, ਨਾ ਧਨ ਆਦਿ ਦੇਵੀ-ਦੇਵ ਪੂਜਾ ਵਿੱਚ ਤੇ ਨਾ ਅਵਤਾਰ ਵਾਦ ਵਿੱਚ।

ਦਿਵਾਲੀ ਵਿਸਾਖੀ ਦੇ ਪੰਥਕ ਇਕੱਠ- ਸਾਲ ਵਿੱਚ ਦਿਵਾਲੀ-ਵਿਸਾਖੀ ਦੋ ਦਿਨ ਹਨ, ਜਦੋਂ ਪੰਥ ਦੇ ਦੋ ਭਾਰੀ ਇਕੱਠ ਹੋਇਆ ਕਰਦੇ ਸਨ। ਗੁਰੂ ਨਾਨਕ ਸਾਹਿਬ ਦਾ ਆਗਮਨ ਵਿਸਾਖ ਸੁਦੀ ਦੂਜ (15 ਅਪ੍ਰੈਲ) ਕਾਰਨ ਵਿਸਾਖੀ। ਚੂੰਕਿ ਸਾਲ ਦੀ ਵਿੱਥ ਲੰਮੀ ਸੀ, ਤੀਜੇ ਪਾਤਸ਼ਾਹ ਨੇ ਇਸ ਨੂੰ ਦੀਵਾਲੀ-ਵਿਸਾਖੀ ਵਿੱਚ ਬਦਲ ਦਿੱਤਾ। ਦੇਸੀ ਹਿਸਾਬ ਨਾਲ ਇਹਨਾਂ ਵਿੱਚ ਛੇ ਮਹੀਨੇ ਦਾ ਅੰਤਰ ਹੈ ਤੇ ਸੰਗਤਾ ਨੂੰ ਵੀ ਚੇਤੇ ਰਖਣਾ ਆਸਾਨ ਹੁੰਦਾ ਸੀ। ਉਂਝ ਸਿੱਖ ਧਰਮ ਵਿੱਚ, ਇਹ ਦੋਵੇਂ ਇਕੱਠ, ਬ੍ਰਾਹਮਣੀ ਤਿਉਹਾਰਾਂ ਵਜੋਂ ਕਦੇ ਨਹੀਂ ਸਨ ਜਿਵੇਂ ਪੰਥ ਅੱਜ ਇਸ ਜਿੱਲਣ ਵਿੱਚ ਫੱਸ ਕੇ, ਸਿੱਖ ਪਨੀਰੀ ਨੂੰ ਬ੍ਰਾਹਮਣੀ ਸਭਿਅਤਾ ਵੱਲ ਧੱਕਣ ਦਾ ਜਿੰਮੇਵਾਰ ਬਣਿਆ ਪਿਆ ਹੈ। ਦੋਨਾਂ ਸਮਾਗਮਾਂ ਸਮੇਂ, ਜਿੱਥੇ ਕਿੱਥੇ ਵੀ ਗੁਰੂ ਸਾਹਿਬ ਹੁੰਦੇ, ਸੰਗਤਾਂ ਉਥੇ ਪੁੱਜ ਕੇ ਅਗਵਾਈ ਲੈਂਦੀਆਂ। ਪਾਤਸ਼ਾਹ ਵੀ ਦੂਰੋਂ-ਪਾਰੋਂ ਪੁੱਜੀਆਂ ਸੰਗਤਾਂ ਦੀਆਂ ਤਕਲੀਫਾਂ-ਲੋੜਾਂ-ਦੁੱਖਾਂ-ਦਰਦਾਂ ਨੂੰ ਸੁਣਦੇ 'ਤੇ ਹਲ ਦੇਂਦੇ। ਸਿੱਖਾਂ ਲਈ ਦੀਵਾਲੀ-ਦੀਵਿਆਂ, ਮਠਿਆਈਆਂ, ਆਤਿਸ਼ਬਾਜ਼ੀਆਂ ਦਾ ਤਿਉਹਾਰ ਕਦੇ ਵੀ ਨਹੀਂ ਸੀ।

ਛੇਵੇਂ ਸਤਿਗੁਰੂ ਅਤੇ ਦੀਵਾਲੀ- ਜਿਵੇਂ ਗੁਰੂ ਨਾਨਕ ਸਾਹਿਬ ਵੀ ਬਾਬਰ ਦੀ ਕੈਦ 'ਚੋਂ ਤਾਂ ਹੀ ਬਾਹਰ ਆਏ ਜਦੋਂ ਉਸ ਨੇ ਸਾਰੇ ਕੈਦੀਆਂ ਨੂੰ ਰਿਹਾਅ ਕੀਤਾ। ਛੇਵੇਂ ਪਾਤਸ਼ਾਹ, ਗੁਰੂ ਹਰਿਗੋਬਿੰਦ ਜੀ ਛੇ ਮਹੀਨੇ ਦੀ ਕੈਦ ਬਾਅਦ ਅਗਸਤ 1621 ਨੂੰ ਗਵਾਲੀਅਰ ਦੀ ਜੇਲ੍ਹ ਵਿਚੋਂ 52 ਪਹਾੜੀ ਹਿੰਦੂ ਰਾਜਿਆਂ ਨੂੰ ਆਪਣੇ ਨਾਲ ਰਿਹਾਅ ਕਰਵਾ ਕੇ ਲਿਆਏ। ਉਸ ਦਿਨ ਤੋਂ ਆਪ ਦਾ ਨਾਂ 'ਬੰਦੀ ਛੋੜ' ਛੇਵੇਂ ਸਤਿਗੁਰੂ ਵੀ ਪ੍ਰਚਲਤ ਹੋ ਗਿਆ। ਰਿਹਾਈ ਬਾਅਦ ਦੀਵਾਲੀ, ਪੰਥ ਦਾ ਪਹਿਲਾ ਵੱਡਾ ਇਕੱਠ ਸੀ। ਪ੍ਰਚਲਣ ਹੈ, ਓਦੋਂ ਦਰਬਾਰ ਸਾਹਿਬ ਭਾਰੀ ਦੀਪਮਾਲਾ ਕੀਤੀ ਗਈ। ਫਿਰ ਜਦੋਂ ਇਸ ਦੀਪਮਾਲਾ ਨੂੰ ਵੀ ਬ੍ਰਹਮਗਿਆਨੀ ਬਾਬਾ ਬੁੱਢਾ ਜੀ ਨਾਲ ਜੋੜਿਆ ਜਾਂਦਾ ਹੈ ਤਾਂ ਉਹ ਬ੍ਰਾਹਮਣੀ ਮਿਲਾਵਟ ਹੀ ਸਾਬਤ ਹੁੰਦੀ ਹੈ। ਉਪਰੰਤ ਦਸਵੇਂ ਪਾਤਸ਼ਾਹ ਤੀਕ ਦਰਬਾਰ ਸਾਹਿਬ ਵਿਖੇ ਕਿਸੇ ਦੀਵਾਲੀ-ਦੀਪਮਾਲਾ ਦੀ ਸੂਚਨਾ ਨਹੀਂ ਅਤੇ ਨਾ ਹੀ ਅਠਵੇਂ ਤੇ ਦਸਵੇਂ ਪਾਤਸ਼ਾਹ ਕਦੇ ਅੰਮ੍ਰਿਤਸਰ ਪਧਾਰੇ ਹੀ। ਹੋਰ, ਜੇ ਕਰ ਰਿਹਾਈ ਹੀ ਪੰਥ ਲਈ ਵੱਡਾ ਖੁਸ਼ੀ ਦਾ ਵਿਸ਼ਾ ਸੀ ਤਾਂ ਉਨ੍ਹੀਂ ਦਿਨੀ ਹੋਈ ਪੰਜਵੇਂ ਪਾਤਸ਼ਾਹ ਦੀ, ਤਸੀਹੇ ਭਰਪੂਰ ਸ਼ਹਾਦਤ ਬਾਰੇ ਕੀ ਕਿਹਾ ਜਾਵੇਗਾ ? ਉਪਰੰਤ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਬਾਰੇ ਪੰਥ ਦੀ ਕੀ ਸੋਚ ਹੋਵੇਗੀ ? ਕਿਉਂਕਿ ਅਜਿਹੇ ਖੁਸ਼ੀ-ਗ਼ਮ ਦੇ ਉਚੇਚੇ ਪ੍ਰਗਟਾਵੇ ਗੁਰਬਾਣੀ ਸਿਧਾਂਤ ਨਾਲ ਵੀ ਮੇਲ ਨਹੀਂ ਖਾਂਦੇ। ਤਾਂ ਫ਼ਿਰ ਅੱਜ ਹਰ ਸਾਲ ਦਰਬਾਰ ਸਾਹਿਬ ਵਿਖੇ ਦੀਪਮਾਲਾ, ਆਤਿਸ਼ਬਾਜ਼ੀ ਕਿਉਂ ?

ਭਾਈ ਮਨੀ ਸਿੰਘ ਅਤੇ ਦੀਵਾਲੀ- ਪਿਛਲੇ ਲੰਮੇਂ ਸਮੇਂ ਤੋਂ ਹੀ ਪੰਥ 'ਤੇ ਭੀੜ ਬਣੀ ਰਹਿਣ ਕਾਰਨ ਵਿਸਾਖੀ-ਦਿਵਾਲੀ ਦੇ ਇਕੱਠ ਨਹੀਂ ਸਨ ਹੋ ਸਕੇ। ਕਾਫੀ ਸਮਾਂ ਬਾਅਦ ਸੰਨ 1737 ਵਿੱਚ ਭਾਈ ਮਨੀ ਸਿੰਘ ਜੀ ਨੇ ਸਿੱਖਾਂ ਦੇ 'ਦੀਵਾਲੀ ਇਕੱਠ' ਦਾ ਫ਼ੈਸਲਾ ਕੀਤਾ। ਇਹ ਇਕੱਠ, ਸਰਕਾਰੀ ਮਨਜ਼ੂਰੀ ਨਾਲ ਹੀ ਕੀਤਾ ਜਾ ਰਿਹਾ ਸੀ ਪਰ ਭੇਦ ਖੁੱਲਣ 'ਤੇ ਕਿ ਸਰਕਾਰ ਦੀ ਨੀਯਤ ਸਾਫ਼ ਨਹੀਂ; ਰੋਕ ਦਿੱਤਾ ਗਿਆ। ਭਾਈ ਮਨੀ ਸਿੰਘ ਜੀ ਨੇ ਆਪਣੇ ਬੰਦ ਬੰਦ ਤਾਂ ਕਟਵਾ ਲਏ ਪਰ ਸੰਗਤ ਦਾ ਇੱਕ ਪੈਸਾ ਵੀ ਸਰਕਾਰੀ ਖਜ਼ਾਨੇ ਵਿੱਚ ਟੈਕਸ-ਜੁਰਮਾਨੇ ਆਦਿ ਵਜੋਂ ਦੇਣ ਤੋਂ ਸਾਫ਼ ਮਨ੍ਹਾ ਕਰ ਦਿੱਤਾ। ਉਤਰ ਸੀ ਜੇ ਇਕੱਠ ਹੋ ਜਾਂਦਾ ਤਾਂ ਟੈਕਸ ਦੇਣਾ ਸੀ,

(ਬਾਕੀ ਸਫ਼ਾ 27 'ਤੇ)



ਡਾ. ਪ੍ਰਿਤਪਾਲ ਸਿੰਘ ਮਹਿਰੋਕ

# ਦੀਵਾਲੀ ਦਾ ਬਹੁਪੱਖੀ ਮਹੱਤਵ



ਦੀਵਾਲੀ ਨੂੰ ਖੁਸ਼ੀਆਂ ਤੇ ਰੌਸ਼ਨੀਆਂ ਦੇ ਤਿਉਹਾਰ ਵਜੋਂ ਜਾਣਿਆਂ ਜਾਂਦਾ ਹੈ। ਇਹ ਭਾਰਤ ਦੇ ਪ੍ਰਮੁੱਖ ਤਿਉਹਾਰਾਂ ਵਿਚੋਂ ਇਕ ਹੈ ਜਿਸਨੂੰ ਪੂਰੇ ਦੇਸ਼ ਵਿੱਚ ਬਹੁਤ ਸ਼ਰਧਾ ਭਾਵਨਾ, ਸਤਿਕਾਰ, ਉਤਸ਼ਾਹ ਅਤੇ ਚਾਅ ਨਾਲ ਮਨਾਇਆ ਜਾਂਦਾ ਹੈ। ਮਨੁੱਖ ਦੇ ਸੰਘਰਸ਼, ਉਸਦੇ ਰਸਤਿਆਂ ਵਿੱਚ ਆਉਂਦੀਆਂ ਰਹੀਆਂ ਰੁਕਾਵਟਾਂ, ਉਸਦੀ ਲੰਮੀ ਜੱਦੋ-ਜਹਿਦ ਦੀ ਇਬਾਰਤ ਤੇ ਉਸਦੇ ਹਾਰਨ-ਜਿੱਤਣ ਦੀਆਂ ਗਾਥਾਵਾਂ ਉਸਦੇ ਸਿਰੜ ਜਿੰਨੀਆਂ ਹੀ ਪੁਰਾਣੀਆਂ ਹਨ। ਮਨੁੱਖ ਜਦੋਂ ਵੀ ਆਪਣੇ ਸੰਘਰਸ਼ ਦੀ ਯਾਤਰਾ ਵਿਚੋਂ ਜੇਤੂ ਬਣ ਕੇ ਨਿਕਲਦਾ ਹੈ ਤਾਂ ਆਪਣੀ ਜਿੱਤ ਦੇ ਅਵਸਰ 'ਤੇ ਉਹ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ ਤੇ ਰੱਜ ਕੇ ਜਸ਼ਨ ਮਨਾਉਂਦਾ ਹੈ। ਜਦੋਂ ਉਹ ਖੁਸ਼ੀ ਨੂੰ ਦੂਜਿਆਂ ਨਾਲ ਸਾਂਝਿਆਂ ਕਰਦਾ ਹੈ ਤਾਂ ਉਸਦੀ ਖੁਸ਼ੀ ਦੂਣ-ਸਵਾਈ ਹੋ ਜਾਂਦੀ ਹੈ। ਦੀਵਾਲੀ ਦਾ ਤਿਉਹਾਰ ਆਉਂਦਾ ਹੈ ਤਾਂ ਲੋਕ ਇਸ ਅਵਸਰ ਦੀਆਂ ਅਥਾਹ ਖੁਸ਼ੀਆਂ ਨੂੰ ਦੂਜਿਆਂ ਨਾਲ ਵੰਡਾਉਂਦੇ ਹਨ। ਰਲ-ਮਿਲ ਕੇ ਕਿਸੇ ਨਾ ਕਿਸੇ ਰੂਪ ਵਿੱਚ ਖੁਸ਼ੀਆਂ ਮਨਾਉਣ ਵਾਲਾ ਅਜਿਹਾ ਕੋਈ ਨਾ ਕੋਈ ਤਿਉਹਾਰ ਲਗਭਗ ਹਰੇਕ ਸਮਾਜ ਵਿੱਚ ਮਨਾਇਆ ਜਾਂਦਾ ਹੈ। ਮਨੁੱਖ ਆਪਣੀ ਸੰਪੰਨਤਾ ਦੇ ਜਸ਼ਨ ਮਨਾਉਂਦਾ ਹੈ ਤਾਂ ਉਹ ਖੁਸ਼ੀ ਵਿੱਚ ਫੁਲਿਆ ਨਹੀਂ ਸਮਾਉਂਦਾ।

ਦੀਵਾਲੀ ਦਾ ਤਿਉਹਾਰ ਮਨੁੱਖ ਲਈ ਕਈ ਤਰ੍ਹਾਂ ਦੇ ਸੁਨੇਹੇ ਲੈ ਕੇ ਆਉਂਦਾ ਹੈ। ਲੋਕ ਆਪਣੇ ਘਰਾਂ, ਦਫਤਰਾਂ, ਕਾਰੋਬਾਰੀ ਅਦਾਰਿਆਂ, ਸਾਂਝੇ ਅਸਥਾਨਾਂ, ਵਸਤੂਆਂ, ਵਸਤਰਾਂ ਤੇ ਹੋਰ ਵੀ ਬਹੁਤ ਕੁਝ ਦੀ ਸਫਾਈ ਕਰਦੇ ਹਨ। ਸਾਫ ਸੁਥਰਾ ਘਰ, ਦਫਤਰ, ਵਸਤਰ ਆਦਿ ਸਭ ਨੂੰ ਚੰਗੇ ਲੱਗਦੇ ਹਨ। ਇਸ ਮੌਕੇ 'ਤੇ ਮਨੁੱਖ ਨੂੰ ਉਜਵਲ ਵਿਚਾਰ ਧਾਰਨ ਕਰਨ ਤੇ ਉਨ੍ਹਾਂ ਨੂੰ ਅਮਲ ਵਿੱਚ ਲਿਆਉਣ ਦਾ ਸੰਕਲਪ ਵੀ ਕਰਨਾ ਚਾਹੀਦਾ ਹੈ। ਉਸ ਕੋਲ ਉਜਾਲਾ ਕਰਨ ਦੇ ਵਿਭਿੰਨ ਸਾਧਨ ਪ੍ਰਾਪਤ ਹਨ ਜੋ ਹਰ ਕਿਸੇ ਨੂੰ ਚੰਗੇ ਲੱਗਦੇ ਹਨ। ਭਾਂਤ-ਸੁਭਾਂਤੀ ਮਹਿੰਗੀ ਤੋਂ ਮਹਿੰਗੀ ਆਤਿਸ਼ਬਾਜ਼ੀ ਹੈ, ਖਾਣ ਪੀਣ ਦੇ ਬੇਅੰਤ ਪਦਾਰਥ ਹਨ, ਰੰਗ ਤਮਾਸ਼ਿਆਂ ਤੇ ਖੁਸ਼ੀਆਂ ਮਨਾਉਣ ਦੇ ਅਨੇਕ ਸਾਧਨ ਹਨ। ਇਸੇ ਸੰਦਰਭ ਵਿੱਚ ਦੀਵਾਲੀ ਦੇ ਮਹੱਤਵ ਨੂੰ ਪਛਾਨਣ ਦੀ ਲੋੜ ਹੈ। ਦੀਵਾਲੀ ਦੀਆਂ ਬਹੁਰੰਗੀ ਰੌਸ਼ਨੀਆਂ ਦਾ ਮਤਲਬ ਇਹ ਲਿਆ ਜਾਣਾ ਚਾਹੀਦਾ ਹੈ ਕਿ ਮਨੁੱਖ ਹਨੇਰੇ ਤੋਂ ਪ੍ਰਕਾਸ਼ ਵੱਲ ਵਧਦਾ ਜਾਵੇ। ਹਨੇਰਾ ਵੀ ਤਾਂ ਜੀਵਨ ਦਾ ਇਕ ਹਿੱਸਾ ਹੈ... ਜਿਸਨੂੰ ਹਰ ਕੋਈ ਸਵੀਕਾਰ ਕਰਦਾ ਹੈ। ਮਨੁੱਖ ਦੀ ਇੱਕ ਵੱਡੀ ਪ੍ਰਾਪਤੀ ਇਹ ਹੈ ਕਿ ਹਨੇਰੇ ਨੂੰ ਦੂਰ ਕਰਨ ਦੀ ਕਲਾ ਵੀ ਮਨੁੱਖ ਕੋਲ ਹੈ। ਹਨੇਰੇ ਨੂੰ ਪਛੰਡਣ ਲਈ ਨਵੇਂ ਉਤਸ਼ਾਹ ਦੀ ਲੋੜ ਹੁੰਦੀ ਹੈ। ਨਵੇਂ ਦਿਸਹੱਦੇ ਢੂੰਹਦੇ ਰਹਿਣ ਦੀ ਇੱਛਾ ਸ਼ਕਤੀ ਰੱਖਣ ਵਾਲੇ ਸਮਾਜ ਨਵੀਂ ਨਵੇਲੀ ਰੌਸ਼ਨੀ ਦੀ ਤਲਾਸ਼ ਕਰ ਹੀ ਲੈਂਦੇ ਹਨ। ਅਜਿਹਾ ਕਰਕੇ ਉਹ ਆਪਣੀ ਹਰ ਦੀਵਾਲੀ ਰੌਸ਼ਨੀਆਂ ਨਾਲ ਭਰ ਸਕਦੇ ਹਨ। ਸਿਹਤਮੰਦ



ਵਿਚਾਰ ਤਰੰਗਾਂ ਤੇ ਮਨੁੱਖ ਦੀ ਰੱਜਵੀਂ ਨੀਅਤ ਵਾਲੇ ਮਜ਼ਬੂਤ ਇਰਾਦੇ ਦੀਵਾਲੀ ਦਾ ਅਸਲ ਤੇ ਸਹੀ ਆਨੰਦ ਦੇ ਸਕਦੇ ਹਨ।ਅਜੋਕੇ ਮਨੁੱਖ ਦੀਆਂ ਮਨੋ-ਗ੍ਰੰਥੀਆਂ ਦਾ ਜੰਜਾਲ ਉਸਨੂੰ ਰੌਸ਼ਨੀ ਤੋਂ ਦੂਰ ਲਿਜਾ ਰਿਹਾ ਹੈ। ਉਲਝਣਾਂ, ਤਣਾਓ, ਗੁੰਝਲਾਂ ਆਦਿ ਵਧ ਰਹੀਆਂ ਹਨ। ਕਦੇ ਅਜਿਹਾ ਸਮਾਂ ਵੀ ਆਉਂਦਾ ਹੈ ਕਿ ਛਿਨ-ਭੰਗਰ ਲਈ ਹਨੇਰੇ ਦੀ ਜਿੱਤ ਹੁੰਦੀ ਪ੍ਰਤੀਤ ਹੁੰਦੀ ਹੈ ਪਰੰਤੂ ਇਹ ਇਕ ਭੁਲਾਂਦਰਾ ਹੁੰਦਾ ਹੈ। ਰੌਸ਼ਨੀ ਕਰਨ, ਰੌਸ਼ਨੀ ਵਲ ਵਧਣ ਤੇ ਆਪਣੇ ਅੰਦਰ ਨੂੰ ਜਗਮਗਾਉਣ ਤੋਂ ਬਿਨਾਂ ਨਾ ਕਿਸੇ ਨੂੰ ਅਸਲ ਜਿੱਤ ਪ੍ਰਾਪਤ ਹੁੰਦੀ ਹੈ, ਨਾ ਹੁਲਾਸ, ਨਾ ਹੁਲਾਰਾ ਮਿਲਦਾ ਹੈ। ਦੀਵਾਲੀ ਦੇ ਇਸ ਸੰਦੇਸ਼ ਤੇ ਇਸ ਮਹੱਤਵ ਨੂੰ ਸਮਝਣ ਦੀ ਲੋੜ ਹੈ। ਦੀਵਾਲੀ ਦਾ ਉਤਸਵ ਮਹਾਨਤਾ ਅਤੇ ਪਵਿੱਤਰਤਾ ਦੇ ਜਿਨ੍ਹਾਂ ਆਦਰਸ਼ਾਂ ਨੂੰ ਮਿਥ ਕੇ ਪ੍ਰਾਰੰਭ ਹੋਇਆ ਹੋਵੇਗਾ, ਉਹ ਮਹੱਤਵ ਅਤੇ ਸੰਦੇਸ਼ ਅਸੀਂ ਭੁੱਲਦੇ ਜਾ ਰਹੇ ਹਾਂ। ਪੈਸੇ, ਵਸੀਲਿਆਂ ਤੇ ਆਧੁਨਿਕਤਾ ਦੀ ਅੰਨ੍ਹੀ ਦੌੜ ਵਿੱਚ ਅਸੀਂ ਦੀਵਾਲੀ ਦੇ ਵਾਸਤਵਿਕ ਮਹੱਤਵ ਨੂੰ ਵਿਸਾਰ ਕੇ ਫੋਕੇ ਵਿਖਾਵੇ, ਖੋਖਲੀ ਸ਼ਾਨੋ-ਸ਼ੌਕਤ, ਇਸ ਤਿਉਹਾਰ ਨੂੰ ਇਕ ਮੌਕੇ ਵਜੋਂ ਵਰਤਣ ਦੀ ਉਡੀਕ ਅਤੇ ਫ਼ਜ਼ੂਲ ਕਿਸਮ ਦੇ ਆਡੰਬਰਾਂ ਵਿਚ ਉਲਝਦੇ ਜਾ ਰਹੇ ਹਾਂ। ਅਜਿਹੇ ਆਡੰਬਰ ਤੇ ਵਿਖਾਵਾ ਇਸ ਤਿਉਹਾਰ ਨੂੰ ਬਹੁਤ ਮਹਿੰਗਾ ਤੇ ਖਰਚੀਲਾ ਬਣਾ ਦਿੰਦੇ ਹਨ। ਖਰੀਦ ਕੇ ਜਾਂ ਕਿਰਾਏ 'ਤੇ ਲਿਆਂਦੇ ਬਿਜਲੀ ਦੇ ਬਹੁ ਰੰਗੇ ਬਲਬਾਂ ਨਾਲ ਘਰ ਨੂੰ ਸਜਾਉਣਾ, ਬੱਚਿਆਂ ਲਈ ਨਵੇਂ ਕੱਪੜੇ ਖਰੀਦਣੇ, ਖਿਡਾਉਣੇ ਖਰੀਦਣੇ, ਵਿਤੋਂ ਬਾਹਰੀ ਅਣਲੋੜੀਂਦੀ ਆਤਿਸ਼ਬਾਜ਼ੀ ਖਰੀਦਣੀ, ਦੋਸਤਾਂ, ਰਿਸ਼ਤੇਦਾਰਾਂ, ਆਂਢ-ਗੁਆਂਢ ਨੂੰ ਰੱਖ ਰਖਾਓ ਲਈ ਮਹਿੰਗੇ ਤੋਹਫਿਆਂ ਦਾ ਦੇਣ-ਲੈਣ ਕਰਨਾ, ਘਰ ਨੂੰ ਅਣਲੋੜੀਂਦਾ ਰੰਗ-ਰੋਗਨ ਕਰਵਾਉਣਾ, ਬੱਚਿਆਂ ਦੀਆਂ

ਮੰਗਾਂ ਦੀ ਲੰਮੀ ਸੂਚੀ ਨੂੰ ਪੂਰਿਆਂ ਕਰਨ ਲਈ ਪੂਰਾ ਤਾਣ ਲਾ ਦੇਣਾ ਆਦਿ ਦੀਵਾਲੀ ਦੇ ਅਵਸਰ 'ਤੇ ਅਜਿਹਾ ਕੁਝ ਕਰਨਾ ਜ਼ਰੂਰੀ ਸਮਝਿਆ ਜਾਣ ਲੱਗ ਪਿਆ ਹੈ। ਗਲਤ ਕਿਸਮ ਦੀ ਧਾਰਨਾ ਇਹ ਬਣ ਗਈ ਹੈ ਕਿ ਜੇ ਇਹ ਕੁਝ ਨਾ ਕੀਤਾ ਗਿਆ ਤਾਂ ਲੋਕ ਕੀ ਕਹਿਣਗੇ ? ਇਹ ਪ੍ਰਸ਼ਨ ਆਮ ਆਦਮੀ ਲਈ ਮੁਸ਼ਕਲਾਂ ਖੜੀਆਂ ਕਰਦਾ ਹੈ। ਅਸਲ ਵਿੱਚ ਅਣਕਿਆਸੀ ਮਹਿੰਗਾਈ ਦੇ ਇਸ ਸਮੇਂ ਵਿੱਚ ਸਾਧਾਰਨ ਆਦਮੀ ਲਈ ਦੀਵਾਲੀ ਮਨਾਉਣੀ ਮੁਸ਼ਕਲ ਵੀ ਹੋ ਗਈ ਹੈ ਤੇ ਪਹੁੰਚ ਤੋਂ ਬਾਹਰ ਵੀ। ਇਥੇ ਫਿਰ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਫੋਕਾ ਵਿਖਾਵਾ ਕਰਕੇ ਤੇ ਆਡੰਬਰ ਰਚ ਕੇ ਹੀ ਦੀਵਾਲੀ ਮਨਾਈ ਜਾ ਸਕਦੀ ਹੈ ? ਕੀ ਇਸ ਸਭ ਕੁਝ ਤੋਂ ਬਗੈਰ ਦੀਵਾਲੀ ਦੀਆਂ ਖੁਸ਼ੀਆਂ ਨਹੀਂ ਮਨਾਈਆਂ ਜਾ ਸਕਦੀਆਂ ? ਕੀ ਉਪਰੋਕਤ ਗੱਲਾਂ ਦੀ ਪੂਰਤੀ ਕਰਕੇ ਹੀ ਦੀਵਾਲੀ ਦੇ ਮਹੱਤਵ ਨੂੰ ਸਮਝਿਆ ਜਾ ਸਕਦਾ ਹੈ ? ਦੀਵਾਲੀ ਦੇ ਮਹੱਤਵ ਨੂੰ ਸਮਝਣ ਲਈ ਇਹ ਪ੍ਰਸ਼ਨ ਬੜੇ ਮਹੱਤਵਪੂਰਨ ਹਨ ਜਿਨ੍ਹਾਂ 'ਤੇ ਸੰਜੀਦਗੀ ਨਾਲ ਵਿਚਾਰ ਕਰਨੀ ਬਣਦੀ ਹੈ। ਚੀਜ਼ਾਂ ਦਾ ਖਿਲਾਰਾ ਪਾਉਣ, ਫ਼ਜ਼ੂਲਖਰਚੀ ਕਰਨ, ਖਾਹਮਖਾਹ ਅਣਲੋੜੀਂਦਾ ਵਿਖਾਵਾ ਕਰਨ, ਬੇਹਿਸਾਬੇ ਆਡੰਬਰ ਰਚਣ ਤੋਂ ਬਗੈਰ ਵੀ ਦੀਵਾਲੀ ਦੀਆਂ ਖੁਸ਼ੀਆਂ ਮਨਾਈਆਂ ਜਾ ਸਕਦੀਆਂ ਹਨ। ਆਤਿਸ਼ਬਾਜ਼ੀ ਨਾ ਚਲਾਈ ਜਾਵੇ ਜਾਂ ਘੱਟ ਤੋਂ ਘੱਟ ਪ੍ਰਤੀਕ ਮਾਤਰ ਚਲਾਈ ਜਾਵੇ ਤਾਂ ਅਸੀਂ ਹਵਾ ਦੇ ਪ੍ਰਦੂਸ਼ਣ ਦੇ ਨਾਲ ਨਾਲ ਸ਼ੋਰ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਆਪਣੀ ਭੂਮਿਕਾ ਨਿਭਾ ਰਹੇ ਹੋਵਾਂਗੇ। ਉਸ ਦਿਨ/ਰਾਤ ਵਤਾਵਰਣ ਵਿੱਚ ਜ਼ਹਿਰੀਲੀਆਂ ਗੈਸਾਂ ਰਲਣ ਦੀ ਮਾਤਰਾ ਨੂੰ ਕੁਝ ਹੱਦ ਤੱਕ ਘਟਾਇਆ ਜਾ ਸਕਦਾ ਹੈ। ਦੀਵਾਲੀ ਦੇ ਤਿਉਹਾਰ 'ਤੇ ਬਾਜ਼ਾਰਾਂ ਵਿੱਚ ਹਰੇਕ ਚੀਜ਼ ਦੀਆਂ ਕੀਮਤਾਂ ਵਧ ਜਾਂਦੀਆਂ ਹਨ। ਮੁੱਲ ਵੱਧ, ਵਸਤੂ ਘਟੀਆ। ਚੋਰ ਬਾਜ਼ਾਰੀ ਹੁੰਦੀ ਹੈ। ਕੀ ਲੋਕਾਂ ਵਲੋਂ ਖਰੀਦੀ ਜਾਣ ਵਾਲੀ ਚੀਜ਼ ਦੀ ਮੰਗ ਵਧ ਜਾਣ ਕਰਕੇ ਵੱਡੇ ਵਪਾਰੀਆਂ, ਕਾਰੋਬਾਰੀਆਂ ਤੇ ਛੋਟੇ ਦੁਕਾਨਦਾਰਾਂ ਵਲੋਂ ਮਹਿੰਗਾਈ ਵਧਾ ਦੇਣੀ ਸਰਾਸਰ ਲੁੱਟ ਅਤੇ ਮੌਕੇ ਦਾ ਅਣ-ਉਚਿਤ ਲਾਭ ਉਠਾਉਣਾ ਨਹੀਂ ? ਕੀ ਇਹੀ ਦੀਵਾਲੀ ਦਾ ਸੁਨੇਹਾ ਹੈ ? ਤਿਉਹਾਰਾਂ ਦੇ ਦਿਨੀਂ ਥਾਂ ਥਾਂ ਲੱਗੇ ਸੇਲ ਦੇ ਬੈਨਰ, ਫਲੈਕਸ, ਵੱਡੇ ਵੱਡੇ ਹੋਰਡਿੰਗਜ਼ ਤੇ ਹੋਰ ਮਾਧਿਅਮਾਂ ਰਾਹੀਂ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ ਦੀਵਾਲੀ ਦੇ ਨਾਂ 'ਤੇ ਗਾਹਕਾਂ ਨਾਲ ਨਿਰਾ ਧੋਖਾ ਨਹੀਂ ?

(ਬਾਕੀ ਸਫ਼ਾ 27 'ਤੇ)

# ‘ਲੋਰੀ’

ਅਰਸ਼ਦੀਪ ਸਿੰਘ ਨਿੱਝਰ



ਦਾਰੂ ਦਾ ਗਿਲਾਸ ਖ਼ਾਲੀ ਕਰ ਕੇ ਰੱਖਦਿਆਂ ਨਸੀਬ ਬੋਲਿਆ। ਇਸ ਮਸ਼ੀਨੀ ਯੁੱਗ ’ਚ ਬੰਦਾ ਵੀ ਤਾਂ ਮਸ਼ੀਨ ਹੀ ਹੋ ਗਿਐ, ਜਿਵੇਂ ਪ੍ਰੋਗਰਾਮਿੰਗ ਕਰ ਕੇ ਛੱਡਿਆ ਹੋਵੇ....ਰੋਜ਼ ਦਾ ਉਹੀ ਰੂਟੀਨ...ਸਵੇਰ ਤੋਂ ਸ਼ਾਮ ਤੱਕ। ਚੱਲ ਸੋ ਚੱਲ...ਚੱਲ ਸੋ ਚੱਲ।

ਇਹ ਮਸ਼ੀਨੀ ਰਾਹ ਵੀ ਤਾਂ ਆਪਾਂ ਆਪ ਹੀ ਚੁਣਿਆ....ਉਦੋਂ ਤਾਂ ਮਾਪਿਆਂ ਦੇ ਗੱਲ ’ਗੂਠਾ ਦੇ ’ਤਾ ਸੀ ਬਈ ਬਾਹਰ ਜਾਣਾ...ਬਾਹਰ ਜਾਣਾ...। ਗੁਰੀ ਨੇ ਜਵਾਬ ਦਿੱਤਾ।

ਨਸੀਬ ਤੇ ਗੁਰੀ ਬਚਪਨ ਦੇ ਯਾਰ, 2-4 ਮਹੀਨਿਆਂ ਦੇ ਵਕਫ਼ੇ ਨਾਲ ਕੈਨੇਡਾ ਆਏ ਸੀ। ਅੱਜ ਦੋਵਾਂ ਨੂੰ ਲਗਭਗ 12 ਸਾਲ ਹੋ ਗਏ ਸੀ ਇਸ ਧਰਤੀ ’ਤੇ ਆਇਆਂ। ਪਹਿਲਾਂ ਪੜ੍ਹਾਈ, ਫ਼ੀਸ ਪੂਰੀ ਕਰਨ ਦੇ ਲਈ ਦਿਹਾੜੀਆਂ, ਫੇਰ ਵਰਕ ਪਰਮਿਟ ’ਤੇ ਪੀਆਰ ਦੇ ਚੱਕਰ, ਡਬਲ-ਡਬਲ ਸ਼ਿਫਟਾਂ, ਸਵੇਰੇ ਕੰਸਟ੍ਰਕਸ਼ਨ ਸਾਈਟ ’ਤੇ ਦਿਹਾੜੀਆਂ ਤਾਂ ਸ਼ਾਮ ਨੂੰ ਰੈਸਟੋਰੈਂਟ ’ਤੇ ਵੇਟਰ ਦਾ ਕੰਮ। ਵੇਟਰ ਦਾ ਕੰਮ ਵੀ ਇਸ ਲਈ ਚੁਣਿਆ ਕਿ ਕੰਮ ਦਾ ਕੰਮ ਉੱਤੋਂ ਸ਼ਾਮ ਦੀ ਰੋਟੀ ਦਾ ਜੁਗਾੜ, ਇੱਕ ਪੰਤ ਦੋ ਕਾਜ। ਕੁਝ ਸਮੇਂ ਬਾਅਦ ਨਸੀਬ ਨੇ ਸੰਦੀਪ ਨਾਂ ਦੀ ਇੱਕ ਪੰਜਾਬ ਕੁੜੀ ਨਾਲ ਵਿਆਹ ਕਰਵਾ ਲਿਆ ਸੀ, ਜੋ ਕੈਨੇਡਾ ਦੀ ਹੀ ਜੰਮਪਲ ਸੀ। ਸੰਦੀਪ ਜ਼ਿਆਦਾਤਰ ਅੰਗਰੇਜ਼ੀ ਹੀ ਬੋਲਦੀ ਸੀ, ਪੰਜਾਬੀ ਦੇ ਤਾਂ ਗਿਣਤੀ ਹੀ ਕੁਝ ਸ਼ਬਦ ਆਉਂਦੇ ਸਨ। ਉਹ ਸੰਦੀਪ ਦੀ ਥਾਂ ਆਪਣੇ ਆਪ ਨੂੰ ਸੈਂਡੀ ਕਹਾਉਣਾ ਵਧੇਰੇ ਪਸੰਦੀ ਕਰਦੀ ਸੀ। ਵਿਆਹ ਤੋਂ ਸਾਲ ਕੁ ਬਾਅਦ ਜਦੋਂ ਨਸੀਬ ਨੇ ਸੈਂਡੀ ਨਾਲ ਫੈਮਿਲੀ ਪਲੈਨਿੰਗ ਦੀ ਗੱਲ ਕੀਤੀ ਤਾਂ ਉਹ ਬੋਲੀ,

ਮੇਰਾ ਬੱਚਿਆਂ ਵਿੱਚ ਕੋਈ ਇੰਟਰਸਟ ਨਹੀਂ, ਅੱਗੇ ਜਾ ਕੇ ਜੇਕਰ ਬਣਿਆ ਤਾਂ ਕਰ ਲਵਾਂਗੇ ਪਲੈਨ, ਪਰ ਫਿਲਹਾਲ ਨਹੀਂ। ਨਸੀਬ ਹੁਰੀਂ ਆਪ 4 ਭੈਣ ਭਾਈ ਸਨ, ਜਿਨ੍ਹਾਂ ਵਿੱਚੋਂ ਉਹ ਆਪ ਸਭ ਤੋਂ ਵੱਡਾ ਸੀ। ਉਸ ਨੇ ਆਪਣੀ ਮਾਂ ਨੂੰ ਨਿੱਕੇ ਭੈਣ ਭਰਾਵਾਂ ਨੂੰ ਬੜੇ ਚਾਅ ਨਾਲ ਲੋਰੀਆਂ ਦਿੰਦੇ ਹੋਏ ਸੁਣਿਆ ਸੀ। ਉਸਦਾ ਵੀ ਦਿਲ ਕਰਦਾ ਸੀ ਕਿ ਉਸਦੇ ਬੱਚੇ ਹੋਣ, ਉਹ ਉਨ੍ਹਾਂ ਨੂੰ ਲੋਰੀਆਂ ਸੁਣਾਵੇ, ਘੁੱਟ-ਘੁੱਟ ਪਿਆਰ ਕਰੇ, ਲਾਡ ਕਰੇ...। ਪਰ ਸੈਂਡੀ ਨੇ ਤਾਂ ਉਸਦੇ ਇਨ੍ਹਾਂ ਅਰਮਾਨਾਂ ’ਤੇ ਪ੍ਰਸ਼ਨ ਚਿੰਨ੍ਹ ਹੀ ਲਗਾ ਦਿੱਤਾ ਸੀ। ਉਸਨੂੰ ਭੂਆ ਕੋਲੇ ਕਹੀ ਮਾਂ ਦੀ ਗੱਲ ਚੇਤੇ ਆ ਰਹੀ ਸੀ, ਭੈਣ ਜੀ! ਔਰਤ ਤਾਂ ਪੂਰੀ ਹੀ ਮਾਂ ਬਣ ਕੇ ਹੁੰਦੀ ਹੈ। ‘ਤਾਂ ਕੀ ਉਹ ਇੱਕ ਅਧੂਰੀ ਔਰਤ ਨਾਲ ਰਹਿ ਰਿਹਾ ਹੈ..!’ ਉਸਨੇ ਆਪਣੇ ਹੀ ਆਪ ਨਾਲ ਸਵਾਲ ਕੀਤਾ ਸੀ। ਉਸਦੇ ਕੰਨਾਂ ’ਚ ਸੈਂਡੀ ਦੇ ਬੋਲ ਗੂੰਜੇ, ਅਜੇ ਮਾਂ ਬਨਣਾ ਇੰਮਪੋਰਟੈਂਟ ਨਹੀਂ, ਅਜੇ ਕੈਰੀਅਰ ਜ਼ਿਆਦਾ ਇੰਮਪੋਰਟੈਂਟ ਹੈ। ਉਸਨੇ ਆਪਣੇ ਹੀ ਆਪਣੇ ਹੀ ਆਪ ਨੂੰ ਸਵਾਲ ਕੀਤਾ, ‘ਦੋ ਵੱਖ-ਵੱਖ ਔਰਤਾਂ, ਦੋ ਵੱਖ-ਵੱਖ ਪੀੜ੍ਹੀਆਂ, ਦੋ ਵੱਖ-ਵੱਖ ਮੁਲਕ, ਦੋ ਵੱਖ-ਵੱਖ ਸੋਚਾਂ....ਪਰ ਸਹੀ ਕੀ ਹੈ...ਇਹ ਜਾਂ ਉਹ..!’ ਨਸੀਬ ਇੱਕਦਮ ਵਰਤਮਾਨ ’ਚ ਪਰਤਿਆ ਤਾਂ ਉਸਨੇ ਦੇਖਿਆ ਗੁਰੀ ਸੌਂ ਚੁੱਕਿਆ ਸੀ। ਗੁਰੀ ਨੇ ਅਜੇ ਤੱਕ ਵਿਆਹ ਨਹੀਂ ਸੀ ਕਰਵਾਇਆ ਜਾਂ ਇਹ ਕਹਿ ਲਵੋ ਅਜੇ ਤੱਕ ਹੋਇਆ ਹੀ ਨਹੀਂ ਸੀ। ‘ਇਹ ਜ਼ਿੰਦਗੀ ਵਧੀਆ...ਨਾ ਫ਼ਿਕਰ ਨਾ ਫਾਕੇ...ਅਰਾਮ ਨਾਲ ਮਸਤਾਂ ਵਾਂਗੂੰ ਸੌਂ ਜਾਈਏ...।’ ਨਸੀਬ ਦੇ ਮਨ ਅੰਦਰ ਗੁਰੀ ਨੂੰ ਦੇਖ ਕੇ ਖਿਆਲ ਆਇਆ।

ਨਸੀਬ ਨੇ ਬੋਤਲ ਵਿੱਚੋਂ ਇਕ ਹੋਰ ਪੈੱਗ ਪਾ ਲਿਆ ਸੀ। ਇਹ ਸ਼ਰਾਬ ਦਾ ਸਰੂਰ ਸੀ ਜਾਂ ਉਸਦੇ ਮਨ ਅੰਦਰ ਇਕੱਠਾ ਹੋਇਆ ਕੋਈ ਗੁੱਭ-ਗੁਭਾਟ ਜੋ ਉਸਨੂੰ ਮੁੜ-ਮੁੜ ਯਾਦਾਂ ਦੇ ਉੱਡਣ ਖਟੋਲੇ ’ਤੇ ਸਵਾਰ ਕਰ ਦਿੰਦਾ ਸੀ। ਇਸੇ ਉੱਡਣ ਖਟੋਲੇ ’ਤੇ ਸਵਾਰ ਹੋਇਆ ਉਹ ਪਿੰਡ ਪਹੁੰਚ ਗਿਆ ਸੀ। ਉਸਦੇ ਕੰਨਾਂ ਵਿੱਚ ਬਾਪੂ ਦੇ ਬੋਲ ਗੂੰਜੇ, ਇਸ ਮਿੱਟੀ ਨਾਲ ਆਪ ਮਿੱਟੀ ਹੋਣਾ ਪੈਂਦਾ ਹੈ, ਤਾਂ ਕਿਤੇ ਜਾ ਕੇ ਇਹ ਮੁੱਲ ਮੋੜਦੀ ਹੈ...ਉਹ ਵੀ ਤਾਂ ਜੇ ਉਸ ਨੀਲੀ ਛੱਤ ਵਾਲੇ ਦੀ ਨਿਗ੍ਹਾ ਸਵੱਲੀ ਰਹੇ। ਇਕਦਮ ਕਣਕਾਂ ’ਤੇ ਡਿੱਗੀ ਤਰੇਲ ਦੀ ਖ਼ੁਸ਼ਬੂ ਉਸਦੇ ਨੱਕ ਵਿੱਚ ਦੌੜ ਪਈ, ਉਸਨੂੰ ਇੰਝ ਮਹਿਸੂਸ ਹੋਣ ਲੱਗਿਆ ਜਿਵੇਂ ਉਹ ਸਵੇਰੇ-ਸਵੇਰੇ ਖੇਤਾਂ ਦਾ ਗੇੜਾ ਮਾਰ ਰਿਹਾ ਹੋਵੇ। ਪਰ ਅਚਾਨਕ ਆਈ ਧੁੜਧੁੜੀ ਨੇ ਉਸਨੂੰ ਮੁੜ ਵਰਤਮਾਨ ਵਿੱਚ ਲੈ ਆਂਦਾ। ਗੁਰੀ ਅਜੇ ਵੀ ਡੂੰਘੀ ਨਿੰਦਰ ਸੁੱਤਾ ਪਿਆ ਸੀ। ਉਸਨੇ ਘੜੀ ਵੱਲ ਦੇਖਿਆ ਤਾਂ ਰਾਤ ਦਾ 1 ਵੱਜ ਚੁੱਕਿਆ ਸੀ। ਕੋਈ ਇੱਕ-ਡੇਢ ਸਾਲ ਪਹਿਲਾਂ ਇਸੇ ਸਮੇਂ ਤਾਂ ਸੈਂਡੀ ਘਰ ਛੱਡ ਕੇ ਚਲੀ ਗਈ ਸੀ। ਉਸ ਦਿਨ ਵੀ ਉਹ ਰਾਤ ਨੂੰ ਪੀ ਕੇ ਘਰ ਆਇਆ ਸੀ। ਸੈਂਡੀ ਨੇ ਸਵਾਲ ਕੀਤਾ ਸੀ,

ਤੈਨੂੰ ਹੋਰ ਕੋਈ ਕੰਮ ਰਿਹਾ ਜਾਂ ਨਹੀਂ?...ਪ੍ਰਾਪਰਟੀ ਟੈਕਸ ਪਿਛਲੇ 5 ਮਹੀਨੇ ਤੋਂ ਨਹੀਂ ਭਰਿਆ ਹੈ...ਮੋਰਟਗੇਜ਼ ਵੀ ਪਤਾ ਨਹੀਂ ਕਦੋਂ ਟੁੱਟ ਜਾਵੇ...ਤੇਰੀ ਹੀ ਜ਼ਿੱਦ ਸੀ ਘਰ ਲੈਣ ਦੀ...’ਤੇ ਹੁਣ ਤੂੰ ਹੀ ਇਸ ਪੱਖੋਂ ਅਵੇਸਲਾ ਹੋ ਰਿਹੈਂ...!

ਮੋਰਟਗੇਅਅਅਜ਼ਜ਼ਜ਼!...ਪ੍ਰਾਅਅਪਰਰਰਟੀ ਟੈਕਸ!...ਸਾਰਾ ਕੁਝ ਮੇਰੀ ਹੀ ਸਿਰਦਰਦੀ ਹੈ?...ਮੈਂ ਨਹੀਂ ਲੈਣੀ ਹੋਰ ਸਿਰਦਰਦੀ...ਤੈਨੂੰ ਤਾਂ ਰੱਤੀ ਭਰ ਵੀ ਪ੍ਰਵਾਹ ਨਹੀਂ...ਆਹੋ ਕੋਈ ਮਰੇ ਕੋਈ ਜਿਵੇ ਸੁਥਰਾ ਘੋਲ ਪਤਾਸੇ ਪੀਵੇ...। ਨਹੀਂ ਕਹਿੰਦੀ...ਬਿਲਕੁਲ ਨਹੀਂ ਕਹਿੰਦੀ...ਸੌਰੀ...ਤੇਰੀ ਜ਼ਿੰਦਗੀ ਤੈਨੂੰ ਮੁਬਾਰਕ। ਕਹਿੰਦਿਆਂ ਸੈਂਡੀ ਚਲੀ ਗਈ ਸੀ। ਮੁੜ ਕੇ ਉਸਨੇ ਕਈ ਵਾਰ ਕੋਸ਼ਿਸ਼ ਵੀ ਕੀਤੀ ਸੀ ਸੈਂਡੀ ਨਾਲ ਗੱਲ ਕਰਨ ਦੀ, ਪਰ ਉਸਦਾ ਫੈਸਲਾ ਤਾਂ ਪੱਥਰ ’ਤੇ ਲਕੀਰ ਹੋ ਨਿਬੜਿਆ ਸੀ। ਮਗਰੋਂ ਉਸਨੇ ਤਲਾਕ ਦੀ ਅਰਜ਼ੀ ਵੀ ਲਗਾ ਦਿੱਤੀ ਸੀ। ਅਦਾਲਤ ਵੱਲੋਂ ਸਮਝੌਤੇ ਦਾ ਦਰਵਾਜ਼ਾ ਖੁੱਲ੍ਹਾ ਰੱਖਦਿਆਂ ਇੱਕ ਡਾਇਵੋਰਸ ਕਾਊਂਸਲਰ ਵੀ ਲਗਾ ਦਿੱਤਾ ਗਿਆ ਸੀ, ਪਰ ਦੋਵਾਂ ਵਿੱਚੋਂ ਕੋਈ ਵੀ ਝੁੱਕਣ ਲਈ ਤਿਆਰ ਨਹੀਂ ਸੀ, ਖ਼ਾਸਕਰ ਸੈਂਡੀ ਤਾਂ ਬਿਲਕੁਲ ਵੀ ਨਹੀਂ। ਇਹ ਘਟਨਾ ਯਾਦ ਕਰਦਿਆਂ ਹੀ ਨਸੀਬ ਜ਼ੋਰ ਨਾਲ ਬੁੜਬੁੜਾਇਆ ਅਤੇ ਉਸਨੇ ਦਾਰੂ ਦਾ ਗਲਾਸ ਇਤਨੀ ਜ਼ੋਰ ਨਾਲ ਟੇਬਲ ’ਤੇ ਪਟਕਿਆ ਕਿ ਗਲਾਸ ਟੁੱਟ ਗਿਆ। ਖੜਾਕ ਸੁਣ ਕੇ ਗੁਰੀ ਵੀ ਉੱਠ ਗਿਆ। ਉਸ ਨੇ ਦੇਖਿਆ ਨਸੀਬ ਦਾ ਚਿਹਰਾ ਲਾਲ ਹੋਇਆ ਪਿਆ ਸੀ ਅਤੇ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਹੁਣੇ ਕੋਈ ਵਿਸਫੋਟ ਹੋਵੇਗਾ ਤੇ ਨਸੀਬ ਦਾ ਚਿਹਰਾ ਫੱਟ ਜਾਵੇਗਾ। ਉਸਦੇ ਹੱਥ ਵਿੱਚੋਂ ਖ਼ੂਨ ਵੀ ਨਿਕਲ ਰਿਹਾ ਸੀ। ਗੁਰੀ ਬਿਜਲੀ ਦੀ ਫੁਰਤੀ ਨਾਲ ਉੱਠਿਆ ’ਤੇ ਉਸ ਨੇ ਨਸੀਬ ਨੂੰ ਪੂਰੇ ਜ਼ੋਰ ਨਾਲ ਹਲੂਣਿਆ। ਇਹ ਤੂੰ ਕੀ ਕਰ ਰਿਹਾ ਹੈਂ?...ਕਮਲਾ ਹੋ ਗਿਐਂ...? ਦੋ ਮਹੀਨੇ...ਬਸ ਦੋ ਮਹੀਨੇ...ਦੋ ਮਹੀਨੇ ਪਿੰਡ ਕੀ ਲਾ ਆਇਆ ਉਸ ਫਿਰੰਗਣ (ਸੈਂਡੀ) ਦੇ ਭਾਅ ਦੀ ਬਣ ਗਈ...ਮੈਂ ਠੇਕਾ ਥੋੜ੍ਹਾ ਨਾ ਲਿਆ ਸਭ ਕਾਸੇ ਦਾ...। ਨਸੀਬ ਅਜੇ ਵੀ ਫੁਣਕਾਰੇ ਮਾਰ ਰਿਹਾ ਸੀ। ਗੁਰੀ ਉਸਨੂੰ ਸਹਾਰਾ ਦੇ ਕੇ ਵਾਸ਼ ਬੈਸਿਨ ਵੱਲ ਲੈ ਗਿਆ ਅਤੇ ਉਸਦਾ ਹੱਥ ਧੁਵਾਇਆ, ਉਸਦੇ ਮੂੰਹ ’ਤੇ ਪਾਣੀ ਦੇ ਛਿੱਟੇ ਮਾਰੇ ਅਤੇ ਇਸ ਉਪਰੰਤ ਉਸਨੂੰ ਨਿੰਬੂ ਪਾਣੀ ਪੀਣ ਨੂੰ ਦਿੱਤਾ ਤਾਂ ਜੋ ਉਸਦਾ ਨਸ਼ਾ ਕੁੱਝ ਉੱਤਰ ਸਕੇ।ਪਰ ਸੈਂਡੀ ਤੇ ਨਸੀਬ ਵਿੱਚ ਤਣਾਅ ਸਿਰਫ਼ ਇਸੇ ਗੱਲ ਨੂੰ ਲੈ ਕੇ ਨਹੀਂ ਸੀ ਹੋਇਆ। ਇਸ ਤੋਂ ਪਹਿਲਾਂ ਇੱਕ ਵਾਰ ਜਦੋਂ ਉਸ ਨੇ ਸੈਂਡੀ ਨੂੰ ਆਪਣੇ ਬੌਸ ਨਾਲ ਸ਼ੌਪਿੰਗ ਮਾਲ ਵਿੱਚ ਘੁੰਮਦਿਆਂ ਦੇਖਿਆ ਸੀ ਉਦੋਂ ਵੀ ਦੋਵਾਂ ਵਿਚਕਾਰ ਬਹੁਤ ਤਿੱਖੀ ਬਹਿਸ ਹੋਈ ਸੀ। ਨਸੀਬ ਨੇ ਜਦੋਂ ਉਸ ’ਤੇ ਬਦਚਲਣ ਹੋਣ ਦਾ ਇਲਜ਼ਾਮ ਲਗਾਇਆ ਸੀ ਤਾਂ ਸੈਂਡੀ ਬੋਲੀ ਸੀ, ਯੂ ਆਰ ਮੈਂਟਲੀ ਸਿੱਕ...ਤੈਨੂੰ ਆਪਣੇ ਦਿਮਾਗ ਦਾ ਇਲਾਜ ਕਰਵਾਉਣਾ ਚਾਹੀਦਾ ਹੈ...ਇਹ ਸਭ ਨੌਰਮਲ ਹੈ...ਤੈਨੂੰ ਸਮਝ ਕਦੋਂ ਆਵੇਗੀ? ਫੇਰ ਜਦੋਂ ਨਸੀਬ ਪਿੰਡ ਜਾਣ ਲੱਗਿਆ ਸੀ ਤਾਂ ਉਸਨੇ ਸੈਂਡੀ ਨੂੰ ਵੀ ਨਾਲ ਆਉਣ ਦਾ ਕਿਹਾ ਸੀ, ਪਰ ਸੈਂਡੀ ਨੇ ਉਸਨੂੰ ਇਹ ਕਹਿ ਕਿ ਮਨ੍ਹਾ ਕਰ ਦਿੱਤਾ ਸੀ ਕਿ, ਇਨ੍ਹਾਂ ਫਾਲਤੂ ਚੀਜ਼ਾਂ ਲਈ ਮੇਰੇ ਕੋਲ ਸਮਾਂ ਨਹੀਂ ਹੈ। ਨਸੀਬ ਨੇ ਤਰਲਾ ਲੈਂਦੇ ਹੋਏ ਕਿਹਾ ਸੀ, ਤੂੰ ਇੱਕ ਵਾਰ ਚੱਲ ਤਾਂ ਸਹੀ ਆਪਣੇ ਦੇਸ਼, ਆਪਣੀ ਮਿੱਟੀ ਦਾ ਸਰੂਰ ਕੀ ਹੁੰਦਾ ਤੈਨੂੰ ਉੱਥੇ ਜਾ ਕੇ ਹੀ ਪਤਾ ਲੱਗੂ... ਮੰਮੀ ਪਾਪਾ ਵੀ ਤੈਨੂੰ ਦੇਖ ਕੇ ਖ਼ੁਸ਼ ਹੋਣਗੇ, ਨਾਲੇ ਉਹ ਵੀ ਚਾਰ ਸ਼ਗਨ ਕਰ ਲੈਣਗੇ।

ਮੇਰਾ ਦੇਸ਼ ਕੈਨੇਡਾ ਹੈ ਮਿਸਟਰ...ਇੰਡੀਆ ਨਹੀਂ...ਨਾਲੇ ਆਪਣੇ ਮੰਮੀ ਪਾਪਾ ਨਾਲ ਵੀਡੀਓ ਕਾਲ ’ਤੇ ਗੱਲ ਕਰਵਾਈ ਤਾਂ ਹੈ ਤੂੰ...ਨਾ ਉਨ੍ਹਾਂ ਦੀ ਮੇਰੇ ਕੁਝ ਪੱਲੇ ਪੈਂਦੀ ਹੈ ਨਾ ਮੇਰੀ ਉਨ੍ਹਾਂ ਦੇ...ਕੀ ਕਰਾਂਗੀ ਮੈਂ ਉੱਥੇ ਜਾ ਕੇ...ਨਾਲੇ ਇਹ ਸ਼ਗਨ ਵਗੈਰਾ ਸਭ ਫਾਲਤੂ ਦੇ ਢਕਵੰਜ਼ ਮੈਨੂੰ ਪਸੰਦੀ ਨਹੀਂ। ਸੈਂਡੀ ਦੇ ਬੋਲ ਕਿਸੇ ਜ਼ਹਿਰੀ ਤੀਰ ਵਾਂਗ ਨਸੀਬ ਦੀ ਛਾਤੀ ਵਿੱਚ ਲੱਗੇ ਸਨ ਅਤੇ ਉਹ ਤੜਫ ਉੱਠਿਆ ਸੀ। ਉਸਨੇ ਸੈਂਡੀ ਨੂੰ ਮਾਰਨ ਲਈ ਹੱਥ ਹਵਾ ਵਿੱਚ ਚੁੱਕ ਲਿਆ ਸੀ ਪਰ ਫੇਰ ਰੁੱਕ ਗਿਆ ਸੀ। ਹਾਂ..ਹਾਂ..ਚੁੱਕ ਹੱਥ...ਰੁੱਕ ਕਿਉਂ ਗਿਐਂ...ਡਰਪੋਕ ਕਿਸੇ ਥਾਂ ਦਾ...। ਸੈਂਡੀ ਦੇ ਇਨ੍ਹਾਂ ਬੋਲਾਂ ਤੇ ਬਿਨਾਂ ਕੋਈ ਪ੍ਰਤੀਕਿਰਿਆ ਦਿੱਤਿਆਂ ਨਸੀਬ ਚਲਾ ਗਿਆ ਸੀ। ਇਤਨੇ ਵਿੱਚ ਗੁਰੀ ਰੋਟੀ ਪਰੋਸ ਕੇ ਲੈ ਆਇਆ ਸੀ ਅਤੇ ਉਹ ਨਸੀਬ ਦੇ ਅੱਗੇ ਰੱਖਦਿਆਂ ਬੋਲਿਆ, ਸਭ ਭੁੱਲ ਜਾ ਤੇ ਰੋਟੀ ਖਾਹ...ਇਹ ਜ਼ਿੰਦਗੀ ਹੈ ਮੇਰੇ ਯਾਰ...ਇਸ ’ਚ ਫੁੱਲਾਂ ਦੇ ਨਾਲ ਕੰਡੇ ਵੀ ਆਉਂਦੇ ਹਨ ’ਤੇ ਕੰਡਿਆ ਨਾਲ ਫੁੱਲ ਵੀ...ਸਾਨੂੰ ਬਸ ਸੰਤੁਲਨ ਬਣਾ ਕੇ ਚੱਲਣਾ ਚਾਹੀਦਾ। ਬਹੁਤ ਚਿਰ ਹੋ ਗਿਆ ਯਾਰ, ਚੈਂਨ ਨਾਲ ਸੁੱਤਿਆਂ...ਕੀ ਤੂੰ ਮੈਨੂੰ ਅੱਜ ਲੋਰੀ ਦੇ ਕੇ ਸੁਲਾਵੇਂਗਾ। ਰੋਟੀ ਮੁਕਾ ਕੇ ਨਸੀਬ ਬੋਲਿਆ ਸੀ। ਹੁਣ ਉਸਦੇ ਚਿਹਰੇ ’ਤੇ ਸਹਿਜਤਾ ਫੈੱਲ ਚੁੱਕੀ ਸੀ।

# ਵਜੂਦ ਬਚਾਓ

ਜਤਿੰਦਰ ਮੋਹਨ

ਟੋਭੇ ਕੋਲ ਇੱਕ ਪਾਸੇ ਇੱਕ ਨੁੱਕਰ ’ਤੇ ਬੋਹੜ ਦਾ ਵੱਡਾ ਦਰੱਖਤ ਲੱਗਾ ਹੋਣ ਕਰਕੇ ਉੱਥੇ ਲੋਕਾਂ ਦਾ ਬੈਠਣਾ ਸੁਭਾਵਿਕ ਹੀ ਸੀ ਕਿਉਂਕਿ ਕੁਝ ਲੋਕ ਪਸ਼ੂ ਲੈ ਕੇ ਛੱਪੜ ’ਤੇ ਆ ਜਾਂਦੇ ਅਤੇ ਕੁਝ ਆਪਣਾ ਟਾਈਮ ਪਾਸ ਕਰਨ ਵਾਸਤੇ ਆਉਂਦੇ। ਇਸ ਥਾਂ ’ਤੇ ਲੋਕਾਂ ਨੇ ਇੱਕ ਥੜ੍ਹਾ ਬਣਾ ਲਿਆ ਸੀ ਤਾਂ ਕਿ ਉੱਥੇ ਸਾਰੇ ਬੈਠ ਸਕਣ। ਇੱਥੇ ਬੈਠ ਕੇ ਲੋਕ ਤਾਸ਼ ਖੇਡਦੇ ਦੁੱਖ ਸੁੱਖ ਦੀਆਂ ਗੱਲਾਂ ਕਰਦੇ।

ਇਸੇ ਤਰ੍ਹਾਂ ਇੱਕ ਦਿਨ ਮੁੰਡੇ ਅਤੇ ਅੱਧਖੜ੍ਹ ਤਾਸ਼ ਦੀ ਖੇਡ ਦਾ ਆਨੰਦ ਲੈ ਰਹੇ ਸਨ ਅਤੇ ਬਜ਼ੁਰਗ ਇੱਕ ਪਾਸੇ ਬੈਠ ਕੇ ਗੱਲਾਂ ਕਰ ਰਹੇ ਸਨ। ਬਹੁਤ ਹੀ ਖ਼ੁਸ਼ਗਵਾਰ ਮਾਹੌਲ ਸੀ। ਅਚਾਨਕ ਇੱਕ ਧਾਰਮਿਕ ਸਥਾਨ ਤੋਂ ਕੋਈ ਸੂਚਨਾ ਸੁਣੀ। ਸਾਰਿਆਂ ਦੇ ਕੰਨ ਖੜ੍ਹੇ ਹੋ ਗਏ। ਆਮ ਕਰਕੇ ਪਿੰਡਾਂ ਵਿੱਚ ਸੂਚਨਾਵਾਂ ਸ਼ਾਮ ਵੇਲੇ ਜਾਂ ਫਿਰ ਅੰਮ੍ਰਿਤ ਵੇਲੇ ਹੀ ਬੋਲੀਆਂ ਜਾਂਦੀਆਂ ਹਨ ਪਰ ਦੁਪਹਿਰ ਦੀ ਸੂਚਨਾ ਜ਼ਰੂਰ ਬਿਪਤਾ ਦੀ ਸੂਚਕ ਹੀ ਹੁੰਦੀ ਹੈ। ਇਸ ਲਈ ਸਭ ਨੇ ਕੰਨ ਖੋਲ੍ਹ ਕੇ ਸੂਚਨਾ ਸੁਣਨੀ ਸ਼ੁਰੂ ਕਰ ਦਿੱਤੀ।

ਸੂਚਨਾ ਦੇਣ ਵਾਲੇ ਨੇ ਸੰਬੋਧਨ ਕਰਦੇ ਹੋਏ ਕਿਹਾ, “ਨਗਰ ਨਿਵਾਸੀਓ, ਤੁਹਾਨੂੰ ਬੜੇ ਹੀ ਦੁੱਖ ਨਾਲ ਦੱਸਿਆ ਜਾਂਦਾ ਹੈ ਕਿ ਆਪਣੇ ਪਿੰਡ ਦੇ ਮੱਘਰ ਸਿੰਘ ਦਾ ਲੜਕਾ ਸਵਰਗ ਸਿਧਾਰ ਗਿਆ ਹੈ। ਕੁਝ ਚਿਰ ਬਾਅਦ ਉਸ ਦਾ ਸਸਕਾਰ ਹੋਵੇਗਾ ਸੋ ਸਭ ਨੇ ਦੁੱਖ ਦੀ ਘੜੀ ਵਿੱਚ ਪਹੁੰਚਣਾ ਹੈ ਜੀ।” ਸੂਚਨਾ ਸੁਣਦਿਆਂ ਸਾਰ ਹੀ ਤਾਸ਼ ਖੇਡਣ ਵਾਲਿਆਂ ਦੇ ਹੱਥਾਂ ਵਿੱਚ ਪੱਤੇ ਫੜੇ ਹੀ ਰਹਿ ਗਏ ਤੇ ਇਉਂ ਜਿਵੇਂ ਸੁੰਨ ਹੀ ਹੋ ਗਏ ਹੋਣ। ਇਸੇ ਭੀੜ ਵਿੱਚ ਬੈਠਾ ਸੁਰਜਨ ਸਿੰਘ ਉੱਚੀ ਉੱਚੀ ਰੋਣ ਲੱਗਾ ਤਾਂ ਵਿੱਚੋਂ ਕਿਸੇ ਨੇ ਪੁੱਛਿਆ,

“ਤਾਇਆ ਕਿਉਂ ਰੋਨੈ?”

ਏਨਾ ਪੁੱਛਣ ’ਤੇ ਉਸ ਦਾ ਰੋਣ ਹੋਰ ਵੀ ਵਧ ਗਿਆ।

“ਤਾਇਆ ਕਿਉਂ ਕਮਲਾ ਹੋ ਗਿਆ ਉਹਨੇ ਤਾਂ ਮਰਨਾ ਹੀ ਸੀ। ਜਦੋਂ ਨਸ਼ੇ ਦਾ ਖਹਿੜਾ ਹੀ ਨਾ ਛੱਡਿਆ।”

“ਨਹੀਂ ਪੁੱਤ!” ਉਸ ਤੋਂ ਅੱਗੇ ਨਾ ਬੋਲਿਆ ਗਿਆ।

“ਬਾਬਾ, ਤੇਰੇ ਟੱਬਰ ਵਿੱਚ ਨਾ ਕੋਈ ਨਸ਼ਾ ਕਰਦੈ ਤੇ ਨਾ ਕੋਈ ਪਹਿਲਾਂ ਕਰਦਾ ਸੀ। ਫਿਰ ਤੂੰ ਮਨ ਕਿਉਂ ਖਰਾਬ ਕਰਦੈਂ?” ਇੱਕ ਬੋਲਿਆ।

“ਉਂਝ ਤਾਂ ਇਸ ਕੰਮ ਤੋਂ ਆਪਣਾ ਸਾਰਾ ਵਿਹੜਾ ਹੀ ਬਚਿਆ ਹੋਇਐ। ਸਾਰੇ ਜਵਾਕ ਹਾਲ ਦੀ ਘੜੀ ਸ਼ੁੱਧ ਨੇ।” ਗੁਰਮੁਖ ਸਿੰਘ ਬੋਲਿਆ।

“ਬੱਚਿਓ! ਤੁਸੀਂ ਹਾਲੇ ਨਿਆਣੇ ਹੋ। ਅੱਗ ਲੱਗੀ ਤੋਂ ਜੇ ਹਨੇਰੀ ਚੱਲ ਪਵੇ ਤਾਂ ਸਾਰੇ ਹੀ ਚਪੇਟ ’ਚ ਆ ਜਾਂਦੇ ਨੇ। ਫਿਰ ਤੁਹਾਨੂੰ ਪਤਾ ਹੀ ਹੈ ਕਿ ਬਚਦਾ ਕੀ ਹੈ? ਸਭ ਕੁਝ ਤਬਾਹ ਹੋ ਜਾਂਦਾ ਹੈ।”

“ਗੱਲ ਤਾਂ ਤਾਇਆ ਤੇਰੀ ਠੀਕ ਐ ਪਰ ਆਪਾਂ ਕਰ ਕੀ ਸਕਦੇ ਹਾਂ?”

“ਆਪਾਂ ਸਾਰੇ ਰਲ ਕੇ ਸਭ ਕੁਝ ਕਰ ਸਕਦੇ ਹਾਂ।”

“ਇਹ ਤੁਸੀਂ ਕੀ ਕਹਿ ਰਹੇ ਹੋ ਬਾਬਾ ਜੀ?” ਇੱਕ ਨੌਜਵਾਨ ਬੋਲਿਆ।

“ਹਾਂ, ਤੁਸੀਂ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੇ ਹੋ?”

“ਕਿਵੇਂ?” ਸਭ ਉਤਸੁਕ ਹੋ ਕੇ ਪੁੱਛਣ ਲੱਗੇ।

“ਆਪਣੇ ਪਿੰਡ ਦਾ ਇਹ ਕਿੰਨਵਾਂ ਮੁੰਡੈ?”

“ਪੰਜਵਾਂ!”

“ਫਿਰ ਵੀ ਦੇਖ ਲਓ ਆਪਾਂ ਕੋਈ ਉਪਰਾਲਾ ਨਹੀਂ ਕੀਤਾ?”

“ਆਪਾਂ ਕੀ ਕਰ ਸਕਦੇ ਆਂ? ਇਹ ਤਾਂ ਪੁਲਿਸ ਦਾ ਕੰਮ ਐ।”

“ਆਪਾਂ ਕੁਝ ਨਹੀਂ ਕਰ ਸਕਦੇ?”

“ਆਪਾਂ?”

“ਆਪਾਂ ਬਹੁਤ ਕੁਝ ਕਰ ਸਕਦੇ ਹਾਂ।”

“ਕਿਵੇਂ?”

“ਦਰਅਸਲ, ਪੁਲਿਸ ਕਿਸੇ ਅਪਰਾਧ ਨੂੰ ਓਨਾ ਚਿਰ ਨਹੀਂ ਰੋਕ ਸਕਦੀ ਜਿੰਨਾ ਚਿਰ ਆਪਸੀ ਸਹਿਯੋਗ ਨਾ ਹੋਵੇ।”

“ਆਪਾਂ ਕੀ ਸਹਿਯੋਗ ਦੇ ਸਕਦੇ ਆਂ?”

“ਜਦੋਂ ਵੀ ਕੋਈ ਪਿੰਡ ਵਿੱਚ ਨਸ਼ਾ ਵੇਚਣ ਵਾਲਾ ਆਉਂਦਾ ਹੈ ਤਾਂ ਆਪਾਂ ਨੂੰ ਰੋਕਣਾ ਚਾਹੀਦਾ ਹੈ। ਇਸ ਕੰਮ ਵਾਸਤੇ ਸਾਰਿਆਂ ਨੂੰ ਇਕੱਠੇ ਹੋ ਕੇ ਚੱਲਣਾ ਚਾਹੀਦਾ ਹੈ। ਕਿਸੇ ਵੀ ਧਰਮ ਅਤੇ ਜਾਤ ਦਾ ਕੋਈ ਵੀ ਬੱਚਾ ਹੋਵੇ ਜੋ ਕੋਈ ਨਸ਼ਾ ਕਰਦਾ ਹੈ ਤਾਂ ਉਸ ਨੂੰ ਸਮਝਾ ਕੇ ਬਚਾਉਣ ਦੀ ਕੋਸ਼ਿਸ਼ ਕਰੋ ਅਤੇ ਬਚਾਓ। ਉਧਰ ਨਸ਼ਾ ਤਸਕਰਾਂ ਦਾ ਚਾਹੇ ਕੋਈ ਰਿਸ਼ਤੇਦਾਰ ਵੀ ਹੋਵੇ ਮੁਕੰਮਲ ਬਾਈਕਾਟ ਕਰੋ। ਆਪਣੇ ਅਤੇ ਦੂਜਿਆਂ ਦੇ ਬੱਚਿਆਂ ’ਤੇ ਨਜ਼ਰ ਰੱਖੋ। ਸਾਰੇ ਬੱਚੇ ਆਪਣੇ ਹੀ ਹਨ।”

“ਤਾਇਆ, ਅੱਜਕੱਲ੍ਹ ਕਿਸੇ ਨੂੰ ਕਹਿਣ ਦਾ ਵਕਤ ਨਹੀਂ। ਕਿਸੇ ਨੂੰ ਕਹਿੰਦੇ ਆਂ ਕਿ ਤੁਹਾਡਾ ਮੁੰਡਾ ਨਸ਼ਾ ਕਰਦੈ ਤਾਂ ਅਗਲਾ ਗੁੱਸਾ ਕਰਦੈ।”

“ਗੱਲ ਤਾਂ ਸ਼ੇਰਾ ਤੇਰੀ ਠੀਕ ਹੈ ਪਰ ਆਪਣਾ ਫ਼ਰਜ਼ ਪਛਾਣੋ। ਸਭ ਨੂੰ ਸੁਚੇਤ ਕਰੋ। ਗੁੱਸਾ ਛੱਡ ਕੇ ਪਿੰਡ ਦੇ ਸੁਧਾਰ ਵੱਲ ਧਿਆਨ ਦਿਓ।” ਇਹ ਕਹਿ ਕੇ ਸੁਰਜਨ ਸਿੰਘ ਦਾ ਮਨ ਫਿਰ ਭਰ ਆਇਆ।

“ਤਾਇਆ, ਰੋ ਨਾ। ਅਸੀਂ ਸਾਰੇ ਕੋਸ਼ਿਸ਼ ਕਰਾਂਗੇ,” ਸਾਰਿਆਂ ਨੇ ਸੁਰਜਨ ਸਿੰਘ ਨੂੰ ਬਚਨ ਦਿੱਤਾ।

“ਓਏ ਪੁੱਤਰੋ! ਮੈਨੂੰ ਇਹ ਡਰ ਹੈ ਕਿਤੇ ਇਸੇ ਦਲਦਲ ’ਚ ਫਸ ਕੇ ਆਪਣੀ ਆਦਮ ਜਾਤ ਤਬਾਹ ਹੀ ਨਾ ਹੋ ਜਾਵੇ ਤੇ ਇਸ ਦੁਨੀਆ ਤੋਂ ਸਾਡਾ ਵਜੂਦ ਹੀ ਮਿਟ ਜਾਵੇ। ਓਏ ਆਪਣਾ ਵਜੂਦ ਬਚਾ ਲਓ।”

# ਮਾਂ ਦਾ ਪਿਆਰ ਤੇ ਮਨੁੱਖਤਾ

ਰਾਜਿੰਦਰ ਸਿੰਘ ਰਾਜਨ

ਸਵੇਰੇ ਦੀ ਗਹਿਰੀ ਖ਼ਾਮੋਸ਼ੀ ਵਿੱਚ ਸੜਕ ਦੇ ਇੱਕ ਪਾਸੇ ਖੜ੍ਹਾ ਮੈਂ ਸੋਚ ਰਿਹਾ ਸੀ ਕਿ ਜ਼ਿੰਦਗੀ ਕਿੰਨੀ ਅਜੀਬ ਅਤੇ ਬੇਰਹਿਮ ਹੋ ਸਕਦੀ ਹੈ। ਇੱਕ ਕੁੱਤੀ ਆਪਣੇ ਦੋ ਬੱਚਿਆਂ ਨਾਲ ਹੌਲੀ-ਹੌਲੀ ਸੜਕ ਪਾਰ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਉਸ ਦੇ ਹਰ ਕਦਮ ’ਚ ਸਾਵਧਾਨੀ ਅਤੇ ਮਮਤਾ ਸੀ। ਉਸ ਦੀ ਮਾਵਾਂ ਵਾਲੀ ਤਾਕਤ ਉਸ ਦੇ ਹਰ ਕਦਮ ਵਿੱਚ ਦਿਖਾਈ ਦੇ ਰਹੀ ਸੀ। ਪਰ ਇਹ ਅਜੀਬੋ-ਗਰੀਬ ਜ਼ਿੰਦਗੀ ਕਦੇ ਕਦੇ ਸਮਝਦਾਰੀ ਦੀ ਵੀ ਕਦਰ ਨਹੀਂ ਕਰਦੀ। ਇੱਕ ਅਣਜਾਣ ਵਾਹਨ ਆਇਆ, ਬੇਰਹਿਮੀ ਨਾਲ ਉਸ ਨੂੰ ਟੱਕਰ ਮਾਰਕੇ ਅਗਾਂਹ ਵਧ ਗਿਆ। ਮਾਂ ਦੀ ਤੁਰੰਤ ਮੌਤ ਹੋ ਗਈ। ਉਹ ਦੋ ਨਿਰਦੋਸ਼ ਬੱਚੇ, ਜੋ ਉਸ ਦੇ ਪਿੱਛੇ ਹੀ ਸਨ, ਬਚ ਗਏ।ਪਰ ਦਾਸਤਾਨ ਇੱਥੇ ਨਹੀਂ ਮੁੱਕਦੀ। ਆਪਣੀ ਮਰੀ ਹੋਈ ਮਾਂ ਦੀ ਲਾਸ਼ ਨਾਲ ਉਹ ਦੋ ਛੋਟੇ ਬੱਚੇ ਦਿਨ ਭਰ ਜੁੜੇ ਰਹੇ। ਉਨ੍ਹਾਂ ਦੀਆਂ ਮਾਸੂਮ ਹਰਕਤਾਂ ਜਿਸ ਵੀ ਰਾਹਗੀਰ ਨੇ ਦੇਖੀਆਂ, ਉਹ ਭਾਵੁਕ ਹੋਏ ਬਿਨਾਂ ਰਹਿ ਨਾ ਸਕਿਆ। ਇਹ ਬੱਚੇ ਕਦੇ ਆਪਣੀ ਮਾਂ ਦੀ ਲਾਸ਼ ਉੱਤੇ ਚੜ੍ਹ ਕੇ ਉਸ ਨੂੰ ਜਗਾਉਣ ਦੀ ਕੋਸ਼ਿਸ਼ ਕਰਦੇ, ਤਾਂ ਕਦੇ ਉਸ ਦੇ ਸਰੀਰ ਨੂੰ ਚੁੰਮਦੇ ਜਿਵੇਂ ਮਾਂ ਦੇ ਦੁੱਧ ਦੀ ਤਲਾਸ਼ ਕਰ ਰਹੇ ਹੋਣ।ਇਸ ਦਰਦ ਭਰੇ ਦ੍ਰਿਸ਼ ਨੂੰ ਦੇਖ ਕੇ ਇੱਕ ਇਨਸਾਨ ਨੇ ਹਿੰਮਤ ਕੀਤੀ। ਉਸ ਨੇ ਮਰੀ ਹੋਈ ਕੁੱਤੀ ਨੂੰ ਉੱਥੋਂ ਹਟਾ ਕੇ ਨੇੜੇ ਦੇ ਇੱਕ ਖਾਲੀ ਪਲਾਟ ਵਿੱਚ ਦੱਬ ਦਿੱਤਾ। ਉਸ ਨੂੰ ਲੱਗਾ ਕਿ ਹੁਣ ਇਹ ਸਥਿਤੀ ਸੁਧਰ ਜਾਵੇਗੀ, ਪਰ ਅਸਲ ਕਹਾਣੀ ਤਾਂ ਅਗਲੀ ਰਾਤ ਸੁਰਜੀਤ ਹੋਈ। ਉਹ ਦੋ ਨੰਨ੍ਹੇ ਕਤੂਰੇ ਉਸ ਜਗ੍ਹਾ ਪਹੁੰਚ ਗਏ, ਜਿੱਥੇ ਮਾਂ ਨੂੰ ਦੱਬਿਆ ਗਿਆ ਸੀ। ਉਨ੍ਹਾਂ ਨੇ ਆਪਣੀਆਂ ਨਾਜ਼ੁਕ ਨਹੁੰਦਰਾਂ ਨਾਲ ਮਿੱਟੀ ਖੋਦਣੀ ਸ਼ੁਰੂ ਕਰ ਦਿੱਤੀ। ਸਾਰੀ ਰਾਤ ਉਨ੍ਹਾਂ ਦੀਆਂ ਚੀਕਾਂ ਆਸਮਾਨ ਤੱਕ ਗੂੰਜ ਰਹੀਆਂ ਸਨ। ਉਹ ਹਾਰਨਹਾਰ ਸਨ, ਪਰ ਥੱਕੇ ਨਹੀਂ। ਇਹ ਮੰਜ਼ਰ ਹਰ ਲੰਘਣ ਵਾਲੇ ਦੇ ਦਿਲ-ਦਿਮਾਗ਼ ’ਤੇ ਜਿਵੇਂ ਸੱਟ ਮਾਰ ਰਿਹਾ ਹੋਵੇ।ਅਗਲੇ ਦਿਨ ਸਵੇਰੇ ਮੈਨੂੰ ਇੱਕ ਹੋਰ ਚੀਜ਼ ਨੇ ਹਿਲਾ ਕੇ ਰੱਖ ਦਿੱਤਾ। ਮੈਂ ਅਖ਼ਬਾਰ ਦੇ ਪਹਿਲੇ ਪੰਨੇ ’ਤੇ ਖ਼ਬਰ ਪੜ੍ਹੀ, ਜਿਸ ਨੇ ਮੇਰੇ ਦਿਮਾਗ਼ ਵਿੱਚ ਤੂਫ਼ਾਨ ਪੈਦਾ ਕਰ ਦਿੱਤਾ।

ਬੇਟੇ ਨੇ ਮਾਂ ਨੂੰ ਤੇਜ਼ਧਾਰ ਹਥਿਆਰ ਨਾਲ ਮੌਤ ਦੇ ਘਾਟ ਉਤਾਰਿਆ। ਖ਼ਬਰ ਵਿੱਚ ਲਿਖਿਆ ਸੀ ਕਿ ਮਾਂ ਨੇ ਆਪਣੇ ਬੇਟੇ ਨੂੰ ਗ਼ਲਤ ਕੰਮ ਕਰਨ ਤੋਂ ਰੋਕਿਆ ਸੀ, ਪਰ ਬੇਟਾ ਇਸ ਗੱਲ ਨੂੰ ਸਹਾਰ ਨਹੀਂ ਸਕਿਆ। ਗੁੱਸੇ ਵਿੱਚ ਅੰਨ੍ਹਾ ਹੋ ਕੇ ਉਸ ਨੇ ਮਾਂ ਦਾ ਕਤਲ ਕਰ ਦਿੱਤਾ।

# ਮੇਰੀ ਕਲਮ

## ਆ ਨੀਂ ਦੀਵਾਲੀਏ

ਗੋਗੀ ਜ਼ੀਰਾ

ਆ ਨੀਂ ਦੀਵਾਲੀਏ ਆ ਨੀਂ ਦੀਵਾਲੀਏ
ਸਾਰਿਆਂ ਨੂੰ ਤੇਰਾ ਬੜਾ ਚਾਅ ਨੀਂ ਦੀਵਾਲੀਏ
ਆ ਨੀਂ ਦੀਵਾਲੀਏ...।
ਚਿਰਾਂ ਤੋਂ ਉਦਾਸ ਬੈਠੇ ਪਰਿਵਾਰ ਨੀਂ
ਮਾਪੇ ਨੇ ਉਡੀਕਦੇ ਤੇ ਬੱਚੇ ਬਾਹਰ ਨੀਂ
ਆਪਸ 'ਚ ਇਨ੍ਹਾਂ ਨੂੰ ਮਿਲਾ ਨੀਂ ਦੀਵਾਲੀਏ
ਆ ਨੀਂ ਦੀਵਾਲੀਏ...।
ਨਿੱਕੇ ਬੱਚਿਆਂ ਦੀ ਮੁੱਕ ਜੇ ਉਡੀਕ ਨੀਂ
ਰਟੀ ਬੈਠੇ ਤੇਰੇ ਆਉਣ ਦੀ ਤਰੀਕ ਨੀਂ
ਭੋਲ਼ਿਆਂ ਦਾ ਚਿਤ ਪਰਚਾ ਨੀਂ ਦੀਵਾਲੀਏ
ਆ ਨੀਂ ਦੀਵਾਲੀਏ...।
ਵਪਾਰੀ ਤੇਰੇ ਕੋਲੋਂ ਲਾਈ ਬੈਠੇ ਆਸ ਨੀਂ
ਕਾਰੋਬਾਰ ਲਈ ਇਹ ਤਿਉਹਾਰ ਖਾਸ ਨੀਂ
ਦਿਲ ਦੀਆਂ ਰੀਝਾਂ ਪੁਗਾ ਨੀਂ ਦੀਵਾਲੀਏ
ਆ ਨੀਂ ਦੀਵਾਲੀਏ...।
ਘਰਾਂ ਦੀਆਂ ਦੇਖ ਲੈ ਸਫਾਈਆਂ ਹੋਣ ਨੀਂ
ਫੇਰਾ ਤੇਰੇ ਪਾਉਣ 'ਤੇ ਵਧਾਈਆਂ ਹੋਣ ਨੀਂ
ਖੁਸ਼ੀਆਂ ਦੇ ਦੀਪ ਜਗਾ ਨੀਂ ਦੀਵਾਲੀਏ
ਆ ਨੀਂ ਦੀਵਾਲੀਏ...।
ਦੇਖੀਂ ਕਿਸੇ ਵਿਹੜੇ ਵਿੱਚ ਵੈਣ ਪੈਣ ਨਾ
ਕਾਲੀ ਏ ਦੀਵਾਲੀ ਲੋਕੀਂ ਤੈਨੂੰ ਕਹਿਣ ਨਾ
ਕੋਈ ਕਿਸੇ ਨੂੰ ਨਾ ਦੇਵੇ ਦਗਾ ਨੀਂ ਦੀਵਾਲੀਏ
ਆ ਨੀਂ ਦੀਵਾਲੀਏ ਆ ਨੀਂ ਦੀਵਾਲੀਏ।

## ਦੀਵਾਲੀ ਤੇ ਜਗਾਈਏ...

ਮਲਕੀਅਤ 'ਸੁਹਲ'



ਚੰਨਾ ਵੇ ਦੀਵਾਲੀ ਤੇ ਜਗਾਈਏ ਮੋਮ ਬੱਤੀਆਂ।
ਬ੍ਰਿਹੋਂ ਦੀਆਂ ਪੂਣੀਆਂ ਮੈਂ ਦੋ ਕੁ ਅਜੇ ਕੱਤੀਆਂ।

ਸਿਖ਼ਰ ਦੁਪਹਿਰਾ ਵੀ ਹਨੇਰਾ ਮੈਨੂੰ ਜਾਪਦਾ ।
ਲਗਦਾ ਭੁਲੇਖਾ ਮੈਨੂੰ ਆਪਣੇ ਹੀ ਆਪ ਦਾ ।
ਦੇਂਦੀਆਂ ਨੇ ਮਿਹਣੇ ਮੈਨੂੰ ਕੁੜੀਆਂ ਨਿੱਖ਼ਤੀਆਂ,
ਬ੍ਰਿਹੋਂ ਦੀਆਂ ਪੂਣੀਆਂ ਮੈਂ ਦੋ ਕੁ ਅਜੇ ਕੱਤੀਆਂ ,
ਚੰਨਾ ਵੇ ਦੀਵਾਲੀ ਤੇ ਜਗਾਈਏ ਮੋਮਬੱਤੀਆਂ ।

ਸੋਹਣਿਆਂ ਵੇ ਮੇਰਾ ਪੱਲ-ਪੱਲ ਔਖਾ ਲੰਘਦਾ ।
ਸ਼ਗਨਾ ਦਾ ਚੂੜਾ ਮੇਰਾ ਖ਼ੈਰ ਤੇਰੀ ਮੰਗਦਾ ।
ਸੁਪਨੇ 'ਚ ਵੇਖਾਂ ਤੇਰੇ ਕੰਨੀ ਪਾਈਆਂ ਨੱਤੀਆਂ,
ਚੰਨਾ ਵੇ ਦੀਵਾਲੀ ਤੇ ਜਗਾਈਏ ਮੋਮਬੱਤੀਆਂ ।
ਬ੍ਰਿਹੋਂ ਦੀਆਂ ਪੂਣੀਆਂ ਮੈਂ ਦੋ ਕੁ ਅਜੇ ਕੱਤੀਆਂ ।

ਚੱਰਖ਼ੀ ਦਾ ਇੱਕ-ਇੱਕ ਗੇੜਾ ਲੰਮਾ ਹੋ ਗਿਆ।
ਅੱਖੀਆਂ ਚੋਂ ਹੰਝੂ ਤੇਰੀ ਯਾਦ ਬਣ ਚੋ ਗਿਆ।
ਵੇ ਠੰਡੀਆਂ ਹਵਾਵਾਂ ਮੈਨੂੰ ਲਗਦੀਆਂ ਤੱਤੀਆਂ,
ਚੰਨਾ ਵੇ ਦੀਵਾਲੀ ਤੇ ਜਗਾਈਏ ਮੋਮਬੱਤੀਆਂ ।
ਬ੍ਰਿਹੋਂ ਦੀਆਂ ਪੂਣੀਆਂ ਮੈਂ ਦੋ ਕੁ ਅਜੇ ਕੱਤੀਆਂ ।

ਦੀਵਾਲੀ ਦਾ ਤਿਉਹਾਰ ਫਿਰ ਸਾਲ ਬਾਦ ਆਊਗਾ।
'ਸੁਹਲ' ਵਿਹੜੇ ਨੱਚੂ ਨਾਲ ਮੈਨੂੰ ਵੀ ਨੱਚਾਊਗਾ ।
ਹੋਈਆਂ ਬੁੱਲੀਆਂ ਸੁਰਖ਼ ਇਹ ਗ਼ੁਲਾਬੀ ਪੱਤੀਆਂ ,
ਚੰਨਾ ਵੇ ਦੀਵਾਲੀ ਤੇ ਜਗਾਈਏ ਮੋਮਬੱਤੀਆਂ ।
ਬ੍ਰਿਹੋਂ ਦੀਆਂ ਪੂਣੀਆਂ ਮੈਂ ਦੋ ਕੁ ਅਜੇ ਕੱਤੀਆਂ ।

## ਪਿੰਡਾਂ ਦੀ ਦੀਵਾਲੀ

ਸਰੂਪ ਚੰਦ ਹਰੀਗੜ੍ਹ



ਕਿਸੇ ਘਰ ਬਣੀ ਗੋਭੀ, ਕਿਸੇ ਮਟਰ ਪਨੀਰ ਜੀ
ਦੁੱਧ ਸੇਵੀਆਂ ਵਿੱਚ ਪਾਇਆ, ਕਿਸੇ ਰਿੰਨ੍ਹੀ ਅੱਜ ਖੀਰ ਜੀ।
ਸਰਬ ਸਾਂਝਾ ਹੈ ਤਿਉਹਾਰ, ਲੱਗੇ ਸਭ ਨੂੰ ਪਿਆਰਾ ਏ
ਪਿੰਡਾਂ ਦੀ ਦੀਵਾਲੀ ਦਾ ਜੀ, ਵੱਖਰਾ ਨਜ਼ਾਰਾ ਏ।
ਗੋਹਾ ਮਿੱਟੀ ਲਾ ਕੇ ਪੋਚੇ, ਚੁੱਲ੍ਹੇ ਚੌਂਕੇ ਸੋਹਣੇ ਲੱਗਦੇ
ਹਰੇ ਪੀਲੇ ਰੰਗਾਂ 'ਚ ਮਕਾਨ ਬੜੇ ਫੱਬਦੇ।
ਜਗਦੇ ਨੇ ਦੀਵੇ, ਸਜੇ ਵਾੜਾ ਤੇ ਗਹਾਰਾਂ ਏ
ਪਿੰਡਾਂ ਦੀ ਦੀਵਾਲੀ ਦਾ ਜੀ, ਵੱਖਰਾ ਨਜ਼ਾਰਾ ਏ।
ਘਰ ਦੇ ਬਣਾਏ ਲੱਡੂ, ਖੋਏ ਦੀਆਂ ਪਿੰਨੀਆਂ
ਆਟੇ ਦੀਆਂ ਮੱਠੀਆਂ ਸੁਆਦ ਰਸਭਿੰਨੀਆਂ।
ਤੇਲ ਦੇ ਪਕੌੜੇ ਚਿੱਤ ਕਰਦੇ ਕਰਾਰਾ ਏ
ਪਿੰਡਾਂ ਦੀ ਦੀਵਾਲੀ ਦਾ ਜੀ, ਵੱਖਰਾ ਨਜ਼ਾਰਾ ਏ।
ਚਲਾਉਂਦੇ ਨੇ ਪਟਾਕੇ ਰਲ, ਚੱਲਦੀ ਹਵਾਈ ਏ
ਫੁੱਲਝੜੀ ਚੱਕਰਾਂ ਨੇ ਕੀਤੀ ਰੋਸ਼ਨਾਈ ਏ।
ਸੱਥਾਂ ਵਿੱਚ ਸਬੂਤ ਬੱਚੇ, ਬੁੱਢੇ, ਪੇਂਡੂ ਭਾਈਚਾਰਾ ਏ
ਪਿੰਡਾਂ ਦੀ ਦੀਵਾਲੀ ਦਾ ਜੀ, ਵੱਖਰਾ ਨਜ਼ਾਰਾ ਏ।
ਵੜੇਵਿਆਂ ਵਿੱਚ ਤੇਲ ਪਾ ਕੇ, ਜਗਣ ਮਸ਼ਾਲਾਂ ਨੇ
ਮਿੱਟੀ ਦਿਆਂ ਚੂੰਗੜਿਆਂ ਕੀਤੀਆਂ ਕਮਾਲਾਂ ਨੇ।
ਹਰ ਘਰ ਵਿਹੜਾ ਲੱਗੇ, ਸਰੂਪ ਚਾਨਣ ਮੁਨਾਰਾ ਏ
ਪਿੰਡਾਂ ਦੀ ਦੀਵਾਲੀ ਦਾ ਜੀ ਵੱਖਰਾ ਨਜ਼ਾਰਾ ਏ।

## ਦੀਵਾਲੀ ਦੀਆਂ ਮੁਬਾਰਕਾਂ

ਨਿਸ਼ਾਨ ਸਿੰਘ ਰਾਠੌਰ



ਆਪਣੀ ਪਤਨੀ ਨੂੰ
ਦੀਵਾਲੀ ਦੀਆਂ ਮੁਬਾਰਕਾਂ
ਕਹਿ ਜਿਵੇਂ ਹੀ ਉਹ ਜਾਣ ਲੱਗਾ
ਘਰ ਤੋਂ ਬਾਹਰ
ਆਪਣੀ ਸ਼ਾਮ ਰੰਗੀਨ ਕਰਨ
ਤਾਂ ਪਤਨੀ ਨੇ ਯਾਦ ਕਰਵਾਇਆ
ਅੱਜ ਤਾਂ ਬਾਪੂ ਜੀ ਦੀ ਬਰਸੀ ਹੈ
ਇਕ ਪਲ ਲਈ ਉਹ ਠਠੰਬਰ ਗਿਆ
ਤੇ ਮੱਥੇ ਤੇ ਵੱਟ ਜਿਹਾ ਪਾ ਕੇ
ਗੁੱਸੇ ਨਾਲ ਬੋਲਿਆ
ਤਿਉਹਾਰ ਦੇ ਦਿਨ
ਕਿਸੇ ਮਰੇ ਹੋਏ ਨੂੰ ਯਾਦ ਨਹੀਂ ਕਰੀਦਾ
ਐਵੇਂ ਮਜ਼ਾ ਖਰਾਬ ਹੋ ਜਾਂਦੈ
ਨਾਲ ਦੇ ਕਮਰੇ ਵਿਚ ਬੈਠੀ
ਬੁੱਢੀ ਮਾਂ ਦੇ ਕੰਨਾਂ ਵਿਚ ਇਹ
ਆਵਾਜ਼ ਕਿਸੇ
ਵੱਡੇ ਬੰਬ ਧਮਾਕੇ ਤੋਂ ਘੱਟ ਨਹੀਂ ਸੀ
ਤੇ ਉਸ ਦਾ ਪੋਤਰਾ
ਘਰ ਦੇ ਵਿਹੜੇ ਵਿਚ
ਨਿੱਕੇ ਬੰਬ ਚਲਾ ਰਿਹਾ ਸੀ
ਜਿਸ ਦੀ ਆਵਾਜ਼
ਸ਼ਾਇਦ ਉਸ ਬੁੱਢੀ ਮਾਂ ਨੂੰ
ਸੁਣਨੀ ਬੰਦ ਹੋ ਗਈ ਸੀ

## ਦੀਵਾਲੀ

ਓਮਕਾਰ ਸੂਦ ਬਹੋਨਾ

ਸੱਚੇ ਮਨ 'ਚੋਂ ਗੀਤ ਪਿਆਰ ਦਾ ਆਪਾਂ ਗਾਈਏ
ਆਓ ਸਾਰੇ ਰਲ ਮਿਲ ਕੇ ਦੀਵਾਲੀ ਮਨਾਈਏ।
ਧੂੰਆਂ ਰਹਿਤ ਮੁਹੱਬਤ ਵਾਲੀ ਹਰੀ ਦੀਵਾਲੀ
ਹੁੰਦੀ ਸਦਾ ਹੀ ਚਾਵਾਂ ਦੇ ਨਾਲ ਭਰੀ ਦੀਵਾਲੀ
ਦੂਸ਼ਤ ਹੋਣੋਂ ਆਪਾਂ ਵਾਤਾਵਰਨ ਬਚਾਈਏ
ਆਓ ਸਾਰੇ ਰਲ ਮਿਲ ਕੇ ਦੀਵਾਲੀ ਮਨਾਈਏ।
ਖਾਈਏ ਕਸਮ ਕਿ ਸ਼ੁੱਧ ਮਿਠਾਈ ਆਪਾਂ ਖਾਣੀ
ਵਿਕਦੀ ਵਿੱਚ ਬਾਜ਼ਾਰਾਂ ਜੋ ਉਹ ਮੂੰਹ ਨਹੀਂ ਲਾਣੀ
ਮਿਲਾਵਟ ਖੋਰਾਂ ਨੂੰ ਆਪਣਾ ਰੋਸ ਦਿਖਾਈਏ।
ਆਓ ਸਾਰੇ ਰਲ ਮਿਲ ਕੇ ਦੀਵਾਲੀ ਮਨਾਈਏ।
ਹਿੰਮਤ ਕਰਕੇ ਸ਼ੁੱਧ ਮਿਠਾਈ ਘਰੇ ਬਣਾਈਏ
ਖਾਈਏ ਭਾਵੇਂ ਥੋੜ੍ਹੀ ਆਪਾਂ ਸ਼ੁੱਧ ਹੀ ਖਾਈਏ
ਮਿਲਾਵਟ ਖੋਰਾਂ ਦੀ ਸਭ ਚਾਲ ਅਸਫਲ ਬਣਾਈਏ।
ਆਓ ਸਾਰੇ ਰਲ ਮਿਲ ਕੇ ਦੀਵਾਲੀ ਮਨਾਈਏ।
ਪਟਾਕੇ ਘੱਟ ਵਜਾਉਣੇ ਹੈ ਮਤਾ ਪਕਾਉਣਾ
ਚਾਰ ਚੁਫ਼ੇਰਾ ਆਪਾਂ ਹੈ ਸ਼ੁੱਧ ਬਣਾਉਣਾ
ਜੂਏ ਸ਼ਰਾਬ ਜਿਹੇ ਨਸ਼ੇ ਨੂੰ ਦੁਰਕਾਰ ਵਖਾਈਏ।
ਆਓ ਸਾਰੇ ਰਲ ਮਿਲ ਕੇ ਦੀਵਾਲੀ ਮਨਾਈਏ।

## ਦੀਵਾਲੀ

ਬੂਟਾ ਗ਼ੁਲਾਮੀ ਵਾਲਾ



ਘਿਉ ਦੇ ਦੀਪ ਜਲਾਈਏ, ਇਸ ਦੀਵਾਲੀ 'ਤੇ
ਸ਼ੁਧ ਵਾਤਾਵਰਣ ਬਣਾਈਏ, ਇਸ ਦੀਵਾਲੀ 'ਤੇ
ਆਲਾ ਦੁਆਲਾ, ਆਪਾਂ ਦੂਸ਼ਿਤ ਕਰਨਾ ਨਹੀਂ
ਗੰਦ ਪਿੱਲ ਵੀ ਖਾ ਕੇ, ਢਿੱਡ ਨੂੰ ਭਰਨਾ ਨਹੀਂ
ਹਰ ਇੱਕ ਨੂੰ ਸਮਝਾਈਏ, ਇਸ ਦੀਵਾਲੀ 'ਤੇ
ਘਿਉ ਦੇ ਦੀਪ ਜਲਾਈਏ, ਇਸ ਦੀਵਾਲੀ 'ਤੇ
ਪਟਾਕੇ ਨਾ ਚਲਾਈਏ, ਇਸ ਦੀਵਾਲੀ 'ਤੇ
ਮਿਠਾਈਆਂ ਦੇ ਵਿੱਚ, ਖੰਡ ਪਾ ਕੇ ਨੇ ਵੇਚ ਰਹੇ
ਲੋਕੀਂ ਸਾਰੇ ਆਪਣੀ, ਅੱਖੀਂ ਵੇਖ ਰਹੇ
ਆਉ ਰਲ ਕੇ ਸਮਝਾਈਏ, ਇਸ ਦੀਵਾਲੀ 'ਤੇ
ਘਿਉ ਦੇ ਦੀਪ ਜਲਾਈਏ, ਇਸ ਦੀਵਾਲੀ 'ਤੇ
ਪਟਾਕੇ ਨਾ ਚਲਾਈਏ, ਇਸ ਦੀਵਾਲੀ 'ਤੇ
ਨਾ ਕੋਈ ਆਤਿਸ਼ਬਾਜ਼ੀ, ਨਾ ਪਟਾਕੇ ਬਈ
ਹਰ ਵਾਰੀ ਹੀ ਹੁੰਦੇ, ਰਹਿੰਦੇ ਵਾਕੇ ਬਈ
ਬਸ ਇਨ੍ਹਾਂ ਤੋਂ ਬਚ ਜਾਈਏ, ਇਸ ਦੀਵਾਲੀ 'ਤੇ
ਘਿਉ ਦੇ ਦੀਪ ਜਲਾਈਏ ਇਸ ਦੀਵਾਲੀ 'ਤੇ
ਪਟਾਕੇ ਨਾ ਚਲਾਈਏ, ਇਸ ਦੀਵਾਲੀ 'ਤੇ
ਗ਼ੁਲਾਮੀ ਵਾਲੇ ਬੂਟੇ, ਖ਼ੁਸ਼ੀ ਮਨਾਵਾਂਗੇ
ਸਾਫ਼ -ਸਫ਼ਾਈ ਕਰ ਕੇ, ਘਰ ਸਜਾਵਾਂਗੇ
ਸਾਰੇ ਕੰਮ ਮੁਕਾਈਏ, ਇਸ ਦੀਵਾਲੀ 'ਤੇ
ਘਿਉ ਦੇ ਦੀਪ ਜਲਾਈਏ, ਇਸ ਦੀਵਾਲੀ 'ਤੇ
ਪਟਾਕੇ ਨਾ ਚਲਾਈਏ, ਇਸ ਦੀਵਾਲੀ 'ਤੇ

## ਦੀਵਾਲੀ

-ਮਨਜੀਤ ਸਿੰਘ ਘੁੰਮਣ

ਸਾਰੇ ਇਸ ਵਾਰ ਭਾਈ ਦੀਵਾਲੀ ਉਤੇ, ਬਣ ਜਾਈਏ ਇਕ ਮਿਸਾਲ ਆਪਾਂ
ਸਾਰੇ ਇਸ ਵਾਰ ਭਾਈ ਦੀਵਾਲੀ ਉਤੇ, ਬਣ ਜਾਈਏ ਇਕ ਮਿਸਾਲ ਆਪਾਂ,
ਜ਼ਹਿਰ ਵਿਕਦਾ ਵਿਚ ਬਜ਼ਾਰਾਂ ਦੇ, ਨਾ ਲਿਜਾਈਏ ਉਹ ਘਰ ਨਾਲ ਆਪਾਂ,
ਉਹ ਜ਼ਿੰਦਗੀ ਵਿਚ ਨੁਕਸਾਨ ਕਰੇ, ਜ਼ਰੂਰ ਕਰਨਾ ਇਹ ਖ਼ਿਆਲ ਆਪਾਂ,
ਸਾਰਾ ਘਰ ਵਿਚ ਬਣਾ ਕੇ ਖਾਵਾਂਗੇ, ਵੇਖ ਦੁਨੀਆਂ ਦਾ ਇਹ ਹਾਲ ਆਪਾਂ,
ਵਾਤਾਵਰਣ ਹੈ ਬਹੁਤ ਖ਼ਰਾਬ ਹੁੰਦਾ, ਉਠਾਈਏ ਨਾ ਬੰਬਾਂ ਨਾਲ ਭੂਚਾਲ ਆਪਾਂ,
ਖ਼ੁਸ਼ੀ ਬੱਚਿਆਂ ਨਾਲ ਮਨਾਵਾਂਗੇ, ਦੀਵੇ ਮਿੱਟੀ ਦੇ ਘਰ ਬਾਲ ਆਪਾਂ,
ਪੈਸੇ ਦੇ ਕੇ ਜ਼ਹਿਰ ਲਿਜਾਇਉ ਨਾ, ਘਰ ਬੱਚਿਆਂ ਤਾਈਂ ਖੁਆਉਣ ਲਈ,
ਦੇਸੀ ਘਿਉ ਬੇਬੇ ਨੇ ਜੋੜਿਆ ਏ, ਸੇਵੀਆਂ ਵਿਚ ਸੱਭ ਨੂੰ ਪਾਉਣ ਲਈ।



# ਉਲੰਪਿਕ ਖੇਡਾਂ ’ਚੋਂ ਤਿੰਨ ਗੋਲਡ ਮੈਡਲ ਜਿੱਤਣ ਵਾਲਾ ਵਿਸ਼ਵ ਪ੍ਰਸਿੱਧ ਹਾਕੀ ਖਿਡਾਰੀ ਊਧਮ ਸਿੰਘ ‘ਊਧੀ’



ਪ੍ਰਿੰ. ਸਰਵਣ ਸਿੰਘ
+1-905-779-1661



ਊਧਮ ਸਿੰਘ ਦਾ ਨਾਂ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਵਿੱਚ ਦਰਜ ਹੈ। ਉਹ ਨਿੱਕੇ ਕੱਦ ਦਾ ਵੱਡਾ ਖਿਡਾਰੀ ਸੀ ਜਿਸ ਦਾ ਨਿੱਕਨੇਮ ‘ਊਧੀ’ ਸੀ। ਸੰਸਾਰਪੁਰ ਦਾ ਕੋਈ ਮੁੰਡਾ ਜੇ ਪੜ੍ਹਾਈ ਵਿੱਚ ਚੱਲ ਨਾ ਸਕਦਾ ਤਾਂ ਮਾਪੇ ਕਹਿੰਦੇ, ਚੱਲ ਊਧੀ ਓ ਬਣਜਾ। ਭਾਵ ਹਾਕੀ ਦੇ ਸਿਰ ’ਤੇ ਠਾਣੇਦਾਰ ਬਣਜਾ! ਊਧੀ ਪੰਜ ਉਲੰਪਿਕਸ ਖੇਡਣ ਲਈ ਚੁਣਿਆ ਗਿਆ ਸੀ, ਪਰ ਦੋ ਉਂਗਲਾਂ ਟੁੱਟ ਜਾਣ ਕਾਰਨ ਚਾਰ ਉਲੰਪਿਕਸ ਹੀ ਖੇਡ ਸਕਿਆ। ਉਲੰਪਿਕ ਖੇਡਾਂ ਵਿਚੋਂ ਉਸ ਨੇ ਤਿੰਨ ਗੋਲਡ ਮੈਡਲ ਜਿੱਤੇ ਤੇ ਇੱਕ ਸਿਲਵਰ ਜੋ ਹਾਲੇ ਤੱਕ ਉਲੰਪਿਕ ਰਿਕਾਰਡ ਹੈ। ਕੇਵਲ ਲੈਸਲੀ ਕਲੌਡੀਅਸ ਹੀ ਉਹਦੀ ਬਰਾਬਰੀ ਕਰ ਸਕਿਆ। ਉਹ ਦੋਵੇਂ ਨਿੱਕੇ ਕੱਦਾਂ ਵਾਲੇ ਸਨ ਜੋ ਵਿਸ਼ਵ ਦੇ ਮਹਾਨ ਹਾਕੀ ਖਿਡਾਰੀ ਸਾਬਤ ਹੋਏ।

ਊਧਮ ਸਿੰਘ ਦਾ ਕੱਦ 5 ਫੁੱਟ 6 ਇੰਚ ਸੀ ਤੇ ਲੈਸਲੀ ਕਲੌਡੀਅਸ ਦਾ 5 ਫੁੱਟ 4 ਇੰਚ। ਊਧਮ ਸਿੰਘ 55-60 ਕਿਲੋ ਸਰੀਰਕ ਵਜ਼ਨ ਨਾਲ ਚਾਰ ਦਹਾਕੇ ਸਰਗਰਮ ਹਾਕੀ ਖੇਡਿਆ। ਉਸ ਨੇ ਆਪਣੇ ਹਾਣੀਆਂ ਨਾਲ ਤਾਂ ਖੇਡਣਾ ਹੀ ਸੀ, ਉਨ੍ਹਾਂ ਦੇ ਪੁੱਤਰਾਂ ਨਾਲ ਵੀ ਖੇਡਿਆ ਤੇ ਪੋਤਰਿਆਂ ਨੂੰ ਵੀ ਡਾਜਾਂ ਮਾਰਦਾ ਰਿਹਾ। ਇਹ ਗੱਲ ਅਫ਼ਸੋਸ ਨਾਲ ਲਿਖਣੀ ਪੈ ਰਹੀ ਹੈ ਕਿ ਜਿੱਡਾ ਵੱਡਾ ਉਹ ਖਿਡਾਰੀ ਸੀ ਉਸ ਨੂੰ ਓਡਾ ਵੱਡਾ ਮਾਣ ਸਨਮਾਨ ਨਹੀਂ ਮਿਲਿਆ। ਕੇਵਲ ਅਰਜਨ ਐਵਾਰਡ ਹੀ ਮਿਲ ਸਕਿਆ।

ਉਸ ਦਾ ਜਨਮ 31 ਜੁਲਾਈ 1928 ਨੂੰ ਹਾਕੀ ਦੇ ਘਰ ਸੰਸਾਰਪੁਰ ਵਿੱਚ ਹਜ਼ਾਰਾ ਸਿੰਘ ਕੁਲਾਰ ਤੇ ਮਾਤਾ ਹੁਕਮ ਕੌਰ ਦੇ ਘਰ ਹੋਇਆ। ਉਹ ਨਿੱਕਾ ਹੁੰਦਾ ਹੀ ਜਲੰਧਰ ਛਾਉਣੀ ਦੇ ਗਰਾਊਂਡ ਵਿੱਚ ਹਾਕੀ ਖੇਡਣ ਲੱਗ ਪਿਆ ਸੀ। ਐੱਨ. ਡੀ. ਵਿਕਟਰ ਹਾਈ ਸਕੂਲ ਤੋਂ ਦਸਵੀਂ ਕਰ ਕੇ ਉਹ ਡੀ. ਏ. ਵੀ. ਕਾਲਜ ਜਲੰਧਰ ਵਿੱਚ ਐੱਫ. ਏ. ਦੀ ਪੜ੍ਹਾਈ ਕਰ ਰਿਹਾ ਸੀ ਜਦੋਂ ਉਸ ਨੂੰ ਵਧੀਆ ਹਾਕੀ ਖਿਡਾਰੀ ਵਜੋਂ ਪੰਜਾਬ ਪੁਲਿਸ ਵਿੱਚ ਭਰਤੀ ਕਰ ਲਿਆ ਗਿਆ। ਉਹ 1947 ਤੋਂ 1978 ਤੱਕ ਪੰਜਾਬ ਪੁਲਿਸ ਤੇ ਬੀ. ਐੱਸ. ਐੱਫ. ਵੱਲੋਂ ਮੁਕਾਬਲੇ ਦੀ ਹਾਕੀ ਖੇਡਿਆ। ਹਾਕੀ ਦੀ ਕੋਚਿੰਗ ਤਾਂ ਉਹ ਉਮਰ ਦੇ ਆਖ਼ਰੀ ਦਮਾਂ ਤੱਕ ਦਿੰਦਾ ਰਿਹਾ। ਮੈਰਿਟ ਉੱਤੇ ਜਲੰਧਰ ਦੇ ਕਿਸੇ ਹਾਕੀ ਸਟੇਡੀਅਮ ਜਾਂ ਨਾਮੀ ਖੇਡ ਅਦਾਰੇ ਨਾਲ ਊਧਮ ਸਿੰਘ ਦਾ ਨਾਂ ਜੋੜ ਦੇਣਾ ਚਾਹੀਦੈ ਤਾਂ ਕਿ ਉਹਦਾ ਨਾਂ ਸਦਾ ਲਈ ਜਗਮਗਾਉਂਦਾ ਰਹੇ। ਸਕੂਲੀ ਪਾਠ ਪੁਸਤਕਾਂ ਵਿੱਚ ਵੀ ਉਹਦੇ ਖੇਡ ਜੀਵਨ ਬਾਰੇ ਲੇਖ ਪਾਇਆ ਜਾਣਾ ਚਾਹੀਦੈ ਤਾਂ ਕਿ ਵਿਦਿਆਰਥੀ ਖੇਡਾਂ ਖੇਡਣ ਲਈ ਪ੍ਰੇਰਿਤ ਹੋ ਸਕਣ।


ਬਿਨਾਂ ਨਾਗਾ ਦੌੜਨਾ, ਹਾਕੀ ਖੇਡਣਾ ਤੇ ਕਸਰਤ ਕਰਨੀ ਊਧੀ ਦਾ ਨਿੱਤਨੇਮ ਸੀ। ਸੰਸਾਰਪੁਰ ਦੇ ਰਾਹ, ਪਹੇ ਤੇ ਪਗਡੰਡੀਆਂ ਉਹਦੀਆਂ ਪੈੜਾਂ ਨਾਲ ਘਸੇ ਪਏ ਸਨ। ਹਾਕੀ ਦਾ ਫਾਰਵਰਡ ਖਿਡਾਰੀ ਇੱਕ ਮੈਚ ਵਿੱਚ ਔਸਤਨ ਬਾਰਾਂ ਤੋਂ ਪੰਦਰਾਂ ਕਿਲੋਮੀਟਰ ਦੌੜਦਾ ਹੈ। ਉਹ ਸੈਂਕੜੇ ਨਹੀਂ, ਹਜ਼ਾਰਾਂ ਮੈਚ ਖੇਡਿਆ। ਸਵੇਰੇ ਸ਼ਾਮ ਸਰੀਰ ਗਰਮਾਉਣ ਤੇ ਦਮ ਪਕਾਉਣ ਦੀਆਂ ਦੌੜਾਂ ਵੱਖਰੀਆਂ। ਉਹ ਘਰੋਂ ਸਕੂਲ ਤੇ ਗਰਾਊਂਡ ਤੱਕ ਦੌੜ ਕੇ ਹੀ ਜਾਂਦਾ। ਛਾਉਣੀ ਦੇ ਫੌਜੀਆਂ ਨੇ ਉਹਦਾ ਨਾਂ ‘ਫਲਾਈਂਗ ਜਨਤਾ’ ਰੱਖਿਆ ਸੀ। ਜਿੱਦਣ ਉਹ ਕਿਤੇ ਬਾਹਰ ਗਿਆ ਹੁੰਦਾ ਤਾਂ ਫੌਜੀ ਕਹਿੰਦੇ, ਅੱਜ ‘ਫਲਾਈਂਗ ਜਨਤਾ’ ਨਹੀਂ ਆਈ! ਜੇ ਕਿਤੇ ਉਹਦੇ ਦੌੜਨ ਦਾ ਪੂਰਾ ਰਿਕਾਰਡ ਰੱਖਿਆ ਹੁੰਦਾ ਤਾਂ ਊਧਮ ਸਿੰਘ ਉਰਫ਼ ‘ਫਲਾਈਂਗ ਜਨਤਾ’ ਨੇ ਲੱਖ ਮੀਲ ਤੋਂ ਕਿਤੇ ਵੱਧ ਦਾ ਸਫ਼ਰ ਤੈਅ ਕਰ ਲਿਆ ਹੋਣਾ ਸੀ!

ਉਹ ਬੀਐੱਸਐੱਫ ਦਾ ਕਮਾਂਡੈਂਟ ਬਣਿਆ ਤਾਂ ਮੈਂ ਉਸ ਨੂੰ ਮਿਲਣ ਉਹਦੇ ਦਫ਼ਤਰ ਜਲੰਧਰ ਗਿਆ। ਬਾਹਰ ਠੰਢੀ ਧੁੰਦ ਸੀ ਜਿਸ ਨਾਲ ਮੈਂ ਠਰਿਆ ਹੋਇਆ ਸਾਂ। ਪਰ ਜਿਸ ਨਿੱਘ ਤੇ ਤਪਾਕ ਨਾਲ ਉਹ ਮਿਲਿਆ ਮੇਰੀ ਸਾਰੀ ਠਾਰੀ ਦੂਰ ਹੋ ਗਈ। ਉਸ ਨੇ ਅਸਮਾਨੀ ਰੰਗ ਦੀ ਪੈਂਟ ਤੇ ਭੂਰੇ ਕੋਟ ਉੱਪਰ ਵੱਡੀ ਗੁਲਾਬੀ ਪੱਗ ਬੰਨ੍ਹੀ ਹੋਈ ਸੀ। ਆਮ ਬੰਦੇ ਚੀਚੀ ਨਾਲ ਦੀ ਉਂਗਲ ਵਿੱਚ ਛਾਪ ਪਾਉਂਦੇ ਹਨ, ਪਰ ਉਸ ਨੇ ਸਟੀਲ ਦਾ ਛੱਲਾ ਵਿਚਕਾਰਲੀ ਉਂਗਲ ਵਿੱਚ ਪਾਇਆ ਹੋਇਆ ਸੀ। ਜਦੋਂ ਉਹ ਹੱਥ ਚੁੱਕ ਕੇ ਗੱਲ ਕਰਦਾ ਤਾਂ ਉਹ ਛੱਲਾ ਮੱਲੋਮੱਲੀ ਧਿਆਨ ਖਿੱਚਦਾ। ਗੱਲੀਂ ਬਾਤੀਂ ਪਤਾ ਲੱਗਾ ਕਿ ਹਾਕੀ ਖੇਡਦਿਆਂ ਅੰਗੂਠੇ ਸਣੇ ਉਹਦੀਆਂ ਉਂਗਲਾਂ ਟੁੱਟ ਕੇ ਜੁੜੀਆਂ ਸਨ। ਇਹੋ ਵਿਚਕਾਰਲੀ ਉਂਗਲ ਹੀ ਕਰਾਮਾਤੀ ਸੀ ਜੋ ਸਲਾਮਤ ਰਹੀ।

ਉਸ ਨੇ ਦੱਸਿਆ, ਮੈਂ 1948 ਦੀਆਂ ਉਲੰਪਿਕ ਖੇਡਾਂ ਲਈ ਭਾਰਤੀ ਟੀਮ ’ਚ ਚੁਣਿਆ ਗਿਆ ਸਾਂ ਜੋ ਲੰਡਨ ਹੋਣੀਆਂ ਸਨ। ਟੀਮ ਦਾ ਕੈਂਪ ਬੰਬਈ ਦੇ ਬੀਐੱਚਏ ਗਰਾਊਂਡ ਵਿੱਚ ਲੱਗਾ ਸੀ। ਇੱਕ ਦਿਨ ਮੈਂ ਪ੍ਰੈਕਟਿਸ ਕਰਦਿਆਂ ਪੂਰਾ ਜ਼ੋਰ ਲਾ ਕੇ ਖੇਡਿਆ। ਕੋਚ ਨੇ ਮੈਨੂੰ ਆਰਾਮ ਕਰਨ ਨੂੰ ਕਿਹਾ, ਪਰ ਮੇਰੇ ’ਤੇ ਹੋਰ ਖੇਡਣ ਦਾ ਏਨਾ ਭੂਤ ਸਵਾਰ ਸੀ ਕਿ ਮੈਂ ਫੇਰ ਵੀ ਖੇਡੀ ਗਿਆ। ਖੇਡਦੇ-ਖੇਡਦੇ ਸੈਂਟਰ ਹਾਫ ਅਮੀਰ ਕੁਮਾਰ ਤੋਂ ਮੇਰੇ ਹੱਥ ’ਤੇ ਐਸੀ ਸਟਿੱਕ ਵੱਜੀ ਕਿ ਮੇਰੀਆਂ ਦੋ ਉਂਗਲਾਂ ਟੁੱਟ ਗਈਆਂ। ਉਹ ਸੱਟ ਮੈਨੂੰ ਬਹੁਤ ਮਹਿੰਗੀ ਪਈ। ਜੇ ਮੈਂ ਲੰਡਨ ਦੀ ਉਲੰਪਿਕ ਖੇਡ ਜਾਂਦਾ ਤਾਂ ਮੇਰੇ ਕੋਲ ਉਲੰਪਿਕ ਖੇਡਾਂ ਦੇ ਪੰਜ ਮੈਡਲ ਹੋ ਜਾਣੇ ਸਨ ਜਿਨ੍ਹਾਂ ਦੀ ਬਰਾਬਰੀ ਸ਼ਾਇਦ ਕੋਈ ਵੀ ਨਾ ਕਰ ਸਕਦਾ।

ਊਧਮ ਸਿੰਘ ਦਾ ਪਿਤਾ 1930 ਵਿੱਚ ਵਲਾਇਤ ਚਲਾ ਗਿਆ ਸੀ। ਊਧੀ ਪ੍ਰਾਇਮਰੀ ਸਕੂਲ ’ਚ ਪੜ੍ਹਦਾ ਸੀ ਜਦੋਂ ਉਹਦੀ ਮਾਂ ਗੁਜ਼ਰ ਗਈ। ਮਾਪਿਆਂ ਵਿਹੂਣੇ ਬਾਲ ਨੂੰ ਭੈਣ ਤੇ ਭਰਾ-ਭਰਜਾਈ ਨੇ ਸੰਭਾਲਿਆ। 1946 ’ਚ ਜਦ ਉਹ ਕਾਲਜ ਵਿੱਚ ਦਾਖਲ ਹੋਇਆ ਤਾਂ ਉਹਦਾ ਪਿਤਾ ਹਰ ਮਹੀਨੇ ਉਸ ਨੂੰ ਛੇ ਸੌ ਰੁਪਏ ਭੇਜਣ ਲੱਗਾ। ਉਹ ਆਪ ਵੀ ਵਧੀਆ ਖ਼ੁਰਾਕ ਖਾਂਦਾ ਤੇ ਆਪਣੇ ਨਾਲ ਦੇ ਖਿਡਾਰੀਆਂ ਨੂੰ ਵੀ ਖਵਾਉਂਦਾ। 1952 ’ਚ ਹੈਲਸਿੰਕੀ ਦੀਆਂ ਉਲੰਪਿਕ ਖੇਡਾਂ ’ਚੋਂ ਗੋਲਡ ਮੈਡਲ ਜਿੱਤ ਕੇ ਉਹ ਲੰਡਨ ਰਹਿੰਦੇ ਆਪਣੇ ਪਿਤਾ ਨੂੰ ਮਿਲਣ ਗਿਆ। ਬੂਹੇ ਦੀ ਘੰਟੀ ਦੱਬੀ ਤਾਂ ਉਹਦੇ ਪਿਤਾ ਨੇ ਦਰ ਖੋਲ੍ਹਿਆ। ਪਰ ਉਹ ਆਪਣੇ ਪਿਤਾ ਨੂੰ ਸਿਆਣ ਨਾ ਸਕਿਆ। ਊਧਮ ਸਿੰਘ ਨੇ ਪੁੱਛਿਆ, ਕੀ ਸਰਦਾਰ ਹਜ਼ਾਰਾ ਸਿੰਘ ਘਰ ਹਨ?

ਅੱਗੋਂ ਉਹਦਾ ਪਿਤਾ ਮਜ਼ਾਕੀਆ ਬੰਦਾ ਸੀ। ਉਸ ਨੇ ਕਿਹਾ, ਹਜ਼ਾਰਾ ਸਿੰਘ ਤਾਂ ਘਰ ਨਹੀਂ। ਬਸ ਆਉਣ ਈ ਵਾਲਾ। ਆਓ ਬੈਠੋ। ਉਸ ਦਾ ਪਿਤਾ ਉਸ ਨੂੰ ਉੱਪਰਲੀ ਮੰਜ਼ਿਲ ’ਤੇ ਲੈ ਗਿਆ ਤੇ ਪੁੱਛਿਆ, ਜੁਆਨਾਂ ਕੀ ਪੀਵੇਂਗਾ? ਸੰਗਦੇ ਹੋਏ ਊਧੀ ਨੇ ‘ਪੱਤੀ ਵਾਲਾ ਦੁੱਧ’ ਕਿਹਾ। ਪਿਤਾ ਰਸੋਈ ਵਿੱਚੋਂ ਦੁੱਧ ਲੈਣ ਚਲਾ ਗਿਆ। ਇੰਨੇ ਨੂੰ ਉਹਦੀ ਨਿਗ੍ਹਾ ਆਪਣੀ ਫੋਟੋ ’ਤੇ ਪੈ ਗਈ ਜੋ ਉਸ ਨੇ ਆਪਣੇ ਪਿਤਾ ਨੂੰ ਭੇਜੀ ਸੀ। ਦੋਹਾਂ ਪਿਉ ਪੁੱਤਾਂ ਦੀ ਫੋਟੋ ਇੱਕੋ ਫਰੇਮ ’ਚ ਵੇਖ ਉਸ ਨੂੰ ਪਤਾ ਲੱਗ ਗਿਆ ਕਿ ਇਹੋ ਮੇਰਾ ਬਾਪ ਹੈ। ਜਦ ਉਹਦਾ ਬਾਪ ਦੁੱਧ ਲੈ ਕੇ ਆਇਆ ਤਾਂ ਉਸ ਨੇ ਪੈਰੀਂ ਪੈਂਦਿਆਂ ਕਿਹਾ, ਡੈਡ, ਮੈਂ ਤੁਹਾਨੂੰ ਸਿਆਣ ਲਿਆ। ਮੈਂ ਤੁਹਾਡਾ ਪੁੱਤਰ ‘ਊਧੀ’ ਹਾਂ। ਪਿਉ ਪੁੱਤਰ 22 ਸਾਲਾਂ ਬਾਅਦ ਪਹਿਲੀ ਵਾਰ ਮਿਲੇ ਸਨ। ਉਨ੍ਹਾਂ ਦੀਆਂ ਧਾਅ ਗਲਵਕੜੀਆਂ ਪੈ ਗਈਆਂ ਜੋ ਦੇਰ ਤੱਕ ਪਈਆਂ ਰਹੀਆਂ। ਊਧਮ ਸਿੰਘ ਨੇ ਦੱਸਿਆ, ਅਸੀਂ ਦੇਰ ਰਾਤ ਤੱਕ ਪਰਿਵਾਰ ਤੇ ਰਿਸ਼ਤੇਦਾਰਾਂ ਦੀਆਂ ਗੱਲਾਂ ਕਰਦੇ ਰਹੇ ਕਿ ਸਾਡੀ ਅੱਖ ਲੱਗ ਗਈ। ਮੈਨੂੰ ਨੀਂਦ ’ਚ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਮੈਂ ਵਰ੍ਹਿਆਂ ਬਾਅਦ ਆਪਣੀ ਮਾਂ ਦੀ ਗੋਦ ਵਿੱਚ ਸੁੱਤਾ ਪਿਆ ਹੋਵਾਂ!



ਊਧਮ ਸਿੰਘ ਸ਼ਰਾਬ ਨਹੀਂ ਸੀ ਪੀਂਦਾ। ਕਹਿੰਦਾ ਸੀ ਕਿ ਮੇਰੇ ਹਿੱਸੇ ਦੀ ਸ਼ਰਾਬ ਡੈਡ ਪੀ ਗਏ। ਲੰਡਨ ਵਿੱਚ ਜਦੋਂ ਉਹਦੇ ਬਾਪ ਨੇ ਪੁੱਛਿਆ ਸੀ, ‘ਜੁਆਨਾਂ ਕੀ ਪੀਵੇਂਗਾ?’ ਤਾਂ ਉਨ੍ਹਾਂ ਦਾ ਮਤਲਬ ਸੀ ਬਈ ਬੀਅਰ, ਵਾਈਨ ਜਾਂ ਵਿਸਕੀ ਵਿਚੋਂ ਕੀ ਪੀਵੇਂਗਾ? ਘਰ ’ਚ ਉਹਦੇ ਡੈਡ ਨੇ ਪੀਣ ਪਿਆਉਣ ਦਾ ਸਦਾਵਰਤ ਲਾ ਰੱਖਿਆ ਸੀ। ਬਾਪ ਦਾ ਇਹ ਹਾਲ ਵੇਖ ਕੇ ਊਧਮ ਸਿੰਘ ਨੇ ਸਹੁੰ ਖਾ ਲਈ ਕਿ ਮੈਂ ਸਾਰੀ ਉਮਰ ਸ਼ਰਾਬ ਨਹੀਂ ਪੀਵਾਂਗਾ। ਉਹ ਫਲਾਂ ਦਾ ਤਾਜ਼ਾ ਜੂਸ ਪੀਂਦਾ ਤੇ ਸੁੱਕੇ ਮੇਵੇ ਖਾਂਦਾ। ਬਦਾਮ ਰੋਗਨ, ਸਰਦਾਈ ਤੇ ਚਿਕਨ ਸੂਪ ਪੀਂਦਾ ਜਿਸ ਨਾਲ ਚੜ੍ਹਦੀ ਉਮਰੇ ਉਹਦੀ ਚੰਗੀ ਪੁੱਠ ਬੱਝ ਗਈ ਸੀ।

ਉਹ ਸਕੂਲ, ਕਾਲਜ ਤੇ ਯੂਨੀਵਰਸਿਟੀ ਵੱਲੋਂ ਖੇਡਦਾ 1947 ਤੋਂ 1966 ਤੱਕ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਦਾ ਰਿਹਾ। ਫਿਰ ਬੀਐੱਸਐੱਫ ਵਿੱਚ ਜਾਣ ਪਿੱਛੋਂ 1978 ਤੱਕ ਬੀਐੱਸਐੱਫ ਵੱਲੋਂ ਖੇਡਿਆ। ਜਦੋਂ ਮੈਂ ਦਿੱਲੀ ਪੜ੍ਹਦਾ ਪੜ੍ਹਾਉਂਦਾ ਸਾਂ ਤਾਂ ਉਸ ਨੂੰ ਅਕਸਰ ਟੂਰਨਾਮੈਂਟਾਂ ਵਿੱਚ ਖੇਡਦਾ ਵੇਖਦਾ ਸਾਂ। ਉਹ ਵਧੇਰੇ ਕਰਕੇ ਲੈਫ਼ਟ ਇਨ ਖੇਡਦਾ ਸੀ। ਲੋੜ ਪੈਣ ’ਤੇ ਸੈਂਟਰ ਹਾਫ ਵੀ ਖੇਡ ਜਾਂਦਾ। ਪੈਨਲਟੀ ਕਾਰਨਰ ਲਾਉਣ ਵੇਲੇ ਗੇਂਦ ਰੋੜ੍ਹਨ ਦੀ ਭੂਮਿਕਾ ਉਹੀ ਨਿਭਾਉਂਦਾ। ਇਸ ਕਲਾ ਵਿੱਚ ਉਹ ਪੂਰਾ ਮਾਹਿਰ ਸੀ। ਉਸ ਨੇ ਕੋਚਿੰਗ ਦਾ ਡਿਪਲੋਮਾ ਕਰ ਲਿਆ ਸੀ ਜਿਸ ਕਰਕੇ ਬੀਐੱਸਐੱਫ ਤੇ ਭਾਰਤ ਦੀਆਂ ਹਾਕੀ ਟੀਮਾਂ ਨੂੰ ਕੋਚਿੰਗ ਵੀ ਦਿੰਦਾ ਰਿਹਾ।

1949 ਵਿੱਚ ਉਹ ਭਾਰਤੀ ਹਾਕੀ ਟੀਮ ਦਾ ਮੈਂਬਰ ਬਣ ਕੇ ਅਫ਼ਗਾਨਿਸਤਾਨ ਦੇ ਟੂਰ ’ਤੇ ਗਿਆ। 1952, 1956, 1960 ਤੇ 1964 ਦੀਆਂ ਉਲੰਪਿਕ ਖੇਡਾਂ ਵਿੱਚ ਭਾਗ ਲਿਆ ਜਿਨ੍ਹਾਂ ਵਿੱਚੋਂ ਇੱਕ ਚਾਂਦੀ ਤੇ ਤਿੰਨ ਸੋਨ ਤਗਮੇ ਜਿੱਤੇ। (**ਬਾਕੀ ਸਫ਼ਾ 27 ’ਤੇ**)

# ਕੀ ਖੇਡ ਖੇਤਰ ਵਿੱਚ ਭਾਰਤ ਦੀ ਹੋਵੇਗੀ ਸਰਦਾਰੀ ?

## ਵੱਖ- ਵੱਖ ਖੇਡਾਂ ’ਚ ਚੰਗੀ ਕਾਰਗੁਜ਼ਾਰੀ ਦਿਖਾ ਰਹੇ ਹਨ ਭਾਰਤ ਦੇ ਖਿਡਾਰੀ

ਜਿਸ ਤਰ੍ਹਾਂ ਭਾਰਤ ਵਿੱਚ ਵੱਖ-ਵੱਖ ਖੇਡਾਂ ਦੀਆਂ ਪੂਰੀ ਤਨਦੇਹੀ ਨਾਲ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਖਿਡਾਰੀ ਖੇਡ ਮੈਦਾਨਾਂ ਵਿੱਚ ਆਪਣਾ ਪਸੀਨਾ ਵਹਾ ਰਹੇ ਹਨ, ਸਰਕਾਰ ਖਿਡਾਰੀਆਂ ਦਾ ਸਮਰਥਨ ਕਰ ਰਹੀ ਹੈ, ਉਦਯੋਗ ਖੇਡਾਂ ਵਿੱਚ ਦਿਲਚਸਪੀ ਲੈ ਰਹੇ ਹਨ ਅਤੇ ਵੱਖ-ਵੱਖ ਖੇਡਾਂ ਭਾਰਤ ਦੇ ਕੋਨੇ-ਕੋਨੇ ਵਿੱਚ ਪਹੁੰਚ ਰਹੀਆਂ ਹਨ, ਅਜਿਹੀ ਸਥਿਤੀ ਵਿੱਚ ‘ਭਾਰਤ ਦਾ ਭਵਿੱਖ ਸੁਨਹਿਰਾ ਹੋਵੇਗਾ’ ਦੀ ਸਰਵਉੱਚਤਾ ਦੀ ਕਲਪਨਾ ਕਰਨਾ ਬੇਈਮਾਨੀ ਨਹੀਂ ਹੋਵੇਗੀ। ਇੱਕ ਪਾਸੇ, ਸਾਲ 2020 ਵਿੱਚ, ਭਾਰਤ ਨੇ ਖੇਲ ਮਹਾਕੁੰਭ ‘ਟੋਕੀਓ ਉਲੰਪਿਕ’ ਵਿੱਚ ਆਪਣਾ ਪਹਿਲਾ ਅਥਲੈਟਿਕਸ ਸੋਨ ਤਗਮਾ ਜਿੱਤ ਕੇ ਉਲੰਪਿਕ ਇਤਿਹਾਸ ਵਿੱਚ ਸਰਵੋਤਮ ਪ੍ਰਦਰਸ਼ਨ ਕੀਤਾ ਅਤੇ ਕੁਸ਼ਤੀ, ਵੇਟਲਿਫਟਿੰਗ, ਬੈਡਮਿੰਟਨ, ਮੁੱਕੇਬਾਜ਼ੀ ਵਰਗੀਆਂ ਵੱਖ-ਵੱਖ ਖੇਡਾਂ ਵਿੱਚ ਤਗਮਿਆਂ ਸਮੇਤ ਕੁੱਲ 7 ਤਗਮੇ ਜਿੱਤੇ।

ਇਸ ਤੋਂ ਬਾਅਦ ਭਾਰਤ ਨੇ ਵਿਸ਼ਵ ਯੁਵਕ ਯੂਨੀਵਰਸਿਟੀ ਖੇਡਾਂ (ਪਹਿਲਾਂ ਸਮਰ ਯੂਨੀਵਰਸੀਆਡ) ‘ਚੇਂਗਦੂ, 2023’ ਵਿੱਚ ਭਾਰਤ ਨੇ ਬੇਮਿਸਾਲ ਪ੍ਰਦਰਸ਼ਨ ਦਿਖਾਇਆ । ਇਸ ਤੋਂ ਬਾਅਦ ਭਾਰਤ ਦੇ ਖਿਡਾਰੀਆਂ ਨੇ ਹੋਰਨਾਂ ਕਈ ਵਿਸ਼ਵ ਪੱਧਰੀ ਮੁਕਾਬਲਿਆਂ ਵਿੱਚ ਚੰਗਾ ਪ੍ਰਦਰਸ਼ਨ ਕੀਤਾ ਹੈ। ਜਿਸ ਤੋਂ ਆਸ ਬਣ ਗਈ ਹੈ ਕਿ ਆਉਣ ਵਾਲੀਆਂ ਉਲੰਪਿਕ ਖੇਡਾਂ ਵਿੱਚ ਭਾਰਤੀ ਖਿਡਾਰੀ ਚੰਗਾ ਪ੍ਰਦਰਸ਼ਨ ਕਰਨਗੇ।



ਇਸ ਸਮੇਂ ਖੇਡਾਂ ਵਿੱਚ ਭਾਰਤ ਦੀ ਜੋ ਸਥਿਤੀ ਹੈ, ਉਹ ਸਭ ਦੇ ਸਾਹਮਣੇ ਹੈ। ਭਾਰਤ ਵਿੱਚ ਭਾਵੇਂ ਇਸ ਸਮੇਂ ਕ੍ਰਿਕਟ ਸਭ ਤੋਂ ਪਾਪੂਲਰ ਖੇਡ ਮੰਨੀ ਜਾਂਦੀ ਹੈ, ਦੂਜੇ ਪਾਸੇ ਭਾਰਤ ਦੀ ਹਾਕੀ ਦਾ ਇਤਿਹਾਸ ਵੀ ਸੁਨਹਿਰੀ ਹੈ। ਇਸ ਤੋਂ ਇਲਾਵਾ ਹੋਰਨਾਂ ਖੇਡਾਂ ਵਿੱਚ ਵੀ ਭਾਰਤ ਦੇ ਖਿਡਾਰੀਆਂ ਵੱਲੋਂ ਪੂਰੀ ਤਿਆਰੀ ਨਾਲ ਹਿੱਸਾ ਲਿਆ ਜਾ ਰਿਹਾ ਹੈ ਅਤੇ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ ਤਗਮੇ ਜਿੱਤਣ ਦੀ ਤਿਆਰੀ ਕੀਤੀ ਜਾ ਰ ਹੀ ਹੈ।

ਇਸ ਸਮੇਂ ਸਭ ਦੀਆਂ ਨਜ਼ਰਾਂ ਅਗਲੀਆਂ ਉਲੰਪਿਕ ਖੇਡਾਂ ਦੀ ਤਿਆਰੀ ਕਰਨ ਵੱਲ ਲੱਗੀਆਂ ਹੋਈਆਂ ਹਨ। ਇਸ ਤੋਂ ਇਲਾਵਾ ਇਸ ਸਾਲ ਹੋਰ ਵੀ ਕਈ ਅੰਤਰਰਾਸ਼ਟਰੀ ਖੇਡ ਮੁਕਾਬਲੇ ਹੋਣ ਵਾਲੇ ਹਨ, ਜਿਨ੍ਹਾਂ ਵਿੱਚ ਤਗਮੇ ਜਿੱਤਣ ਲਈ ਭਾਰਤ ਦੇ ਖਿਡਾਰੀ ਖੇਡ ਮੈਦਾਨਾਂ ਵਿੱਚ ਆਪਣਾ ਪਸੀਨਾ ਵਹਾਅ ਰਹੇ ਹਨ।

ਕਿਹਾ ਜਾ ਰਿਹਾ ਹੈ ਕਿ ਭਾਰਤ ਦੀ ਜਨ-ਸੰਖਿਆ ਹੋਰਨਾਂ ਦੇਸ਼ਾਂ ਨਾਲੋਂ ਬਹੁਤ ਵੱਧ ਹੈ ਅਤੇ ਭਾਰਤ ਆਬਾਦੀ ਪੱਖੋਂ ਦੁਨੀਆਂ ਦਾ ਨੰਬਰ ਇੱਕ ਦੇਸ਼ ਬਣ ਗਿਆ ਹੈ, ਇਸ ਦੇ ਬਾਵਜੂਦ ਭਾਰਤ ਅਜੇ ਕਈ ਖੇਡਾਂ ਵਿੱਚ ਪਿਛੜਿਆ ਹੋਇਆ ਹੈ। ਭਾਰਤ ਵਿੱਚ ਖੇਡਾਂ ਦੇ ਖੇਤਰ ਵਿੱਚ ਸਰਕਾਰਾਂ ਅਤੇ ਹੋਰਨਾਂ ਮੰਤਰਾਲਿਆਂ ਵੱਲੋਂ ਕਾਫ਼ੀ ਧਿਆਨ ਦੇਣ ਦੇ ਬਾਵਜੂਦ ਭਾਰਤ ਅਜੇ ਤੱਕ ਵਿਸ਼ਵ ਦੀ ਖੇਡ ਸ਼ਕਤੀ ਨਹੀਂ ਬਣ ਸਕਿਆ, ਜਿਸ ਦੇ ਕਈ ਹੋਰ ਕਾਰਨ ਵੀ ਹਨ। ਸਭ ਤੋਂ ਵੱਡਾ ਕਾਰਨ ਤਾਂ ਇਹ ਮੰਨਿਆ ਜਾਂਦਾ ਹੈ ਕਿ ਭਾਰਤ ਵਿੱਚ ਅਕਸਰ ਖੇਡ ਟੀਮਾਂ ਦੀ ਚੋਣ ਵੇਲੇ ਖਿਡਾਰੀਆਂ ਦੀ ਖੇਡ ਸਮਰੱਥਾ ਦੀ ਥਾਂ ਕੁਝ ਹੋਰ ਹੀ ਮਾਇਨੇ ਤੈਅ ਕਰ ਲਏ ਜਾਂਦੇ ਹਨ ਅਤੇ ਇਥੇ ਵੀ ਸਿਫਾਰਸ਼ੀ ਖਿਡਾਰੀ ਮੋਰਚਾ ਮਾਰ ਜਾਂਦੇ ਹਨ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਭਾਰਤ ਵਿੱਚ ਖੇਡਾਂ ਦੀ ਟੀਮ ਮਾੜੀ ਨਹੀਂ ਹੁੰਦੀ ਸਗੋਂ ਖੇਡ ਟੀਮ ਦੀ ਚੋਣ ਮਾੜੀ ਹੁੰਦੀ ਹੈ।

ਭਾਰਤ ਇਸ ਸਮੇਂ ਕ੍ਰਿਕਟ ਵਿੱਚ ਕਈ ਅਹਿਮ ਪ੍ਰਾਪਤੀਆਂ ਕਰ ਚੁੱਕਿਆ ਹੈ ਪਰ ਹਾਕੀ ਦੇ ਖੇਤਰ ਵਿੱਚ ਵੀ ਭਾਰਤ ਬਹੁਤ ਤਗਮੇ ਹੁਣ ਤੱਕ ਜਿੱਤ ਚੁੱਕਿਆ ਹੈ। ਇਕ ਸਮਾਂ ਅਜਿਹਾ ਵੀ ਸੀ ਜਦੋਂ ਭਾਰਤ ਦੇ ਹਾਕੀ ਖਿਡਾਰੀਆਂ ਦੀਆਂ ਵਾਰਾਂ ਮੇਲਿਆਂ ਵਿੱਚ ਗਾਈਆਂ ਜਾਂਦੀਆਂ ਸਨ ਅਤੇ ਭਾਰਤ ਦੀ ਹਾਕੀ ਟੀਮ ਉਲੰਪਿਕ ਖੇਡਾਂ ਵਿੱਚ ਸੋਨ ਤਗਮਾ ਜਿੱਤਦੀ ਹੁੰਦੀ ਸੀ ਪਰ ਹੁਣ ਹਾਲ ਇਹ ਹੋ ਗਿਆ ਹੈ ਕਿ ਸਾਰੇ ਸੰਸਾਰ ਨੂੰ ਹਾਕੀ ਸਿਖਾਉਣ ਵਾਲਾ ਭਾਰਤ ਹਾਕੀ ਵਿੱਚ ਹੀ ਫਾਡੀ ਹੋ ਗਿਆ ਹੈ, ਜਿਸ ਦੇ ਅਨੇਕਾਂ ਕਾਰਨ ਮੰਨੇ ਜਾਂਦੇ ਹਨ ਪਰ ਕੁਝ ਆਲੋਚਕਾਂ ਵੱਲੋਂ ਕਿਹਾ ਜਾਂਦਾ ਹੈ ਕਿ ਟੀਮ ਦੀ ਚੋਣ ਵੇਲੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਭਾਰਤ ਹੋਰਨਾਂ ਖੇਡਾਂ ਵਿੱਚ ਵੀ ਇਸ ਸਮੇਂ ਤਗਮੇ ਜਿੱਤ ਰਿਹਾ ਹੈ। ਪਿਛਲੀਆਂ ਏਸ਼ੀਆਈ ਖੇਡਾਂ ਦੀ ਉਦਾਹਰਨ ਸਭ ਦੇ ਸਾਹਮਣੇ ਹੈ। ਇਹਨਾਂ ਖੇਡਾਂ ਵਿੱਚ ਭਾਰਤ ਨੇ ਵੱਡੀ ਗਿਣਤੀ ਤਗਮੇ ਜਿੱਤੇ,ਜਿਸ ਕਰਕੇ ਭਾਰਤ ਦੀ ਖੇਡ ਸ਼ਕਤੀ ਦਾ ਲੋਹਾ ਸਭ ਨੇ ਮੰਨਿਆ। ਹੁਣ ਉਲੰਪਿਕ ਖੇਡਾਂ ਤੋਂ ਵੀ ਭਾਰਤ ਦੇ ਵਸਨੀਕਾਂ ਨੂੰ ਬਹੁਤ ਉਮੀਦਾਂ ਹਨ ਕਿ ਜਦੋਂ ਵੀ ਉਲੰਪਿਕ ਖੇਡਾਂ ਹੋਈਆਂ ਤਾਂ ਭਾਰਤ ਦੇ ਖਿਡਾਰੀ ਵੱਡੀ ਗਿਣਤੀ ਵਿੱਚ ਤਗਮੇ ਜਿੱਤਣਗੇ ਅਤੇ ਭਾਰਤ ਵਿਸ਼ਵ ਦੀ ਵੱਡੀ ਖੇਡ ਸ਼ਕਤੀ ਦੇ ਰੂਪ ਵਿੱਚ ਪੂਰੀ ਦੁਨੀਆਂ ਦੇ ਸਾਹਮਣੇ ਉਭਰ ਕੇ ਆਵੇਗਾ।

# ਬਾਲੀਵੁੱਡ ਦੀ ਦੀਵਾਲੀ







ਦੀਵਾਲੀ 'ਤੇ ਹਰ ਪਾਸੇ ਧੂਮ-ਧਾਮ ਦੇਖਣ ਨੂੰ ਮਿਲਦੀ ਹੈ। ਬਾਲੀਵੁੱਡ ਵੀ ਇਸ ਤਿਉਹਾਰ ਨੂੰ ਮਨਾਉਣ 'ਚ ਪਿੱਛੇ ਨਹੀਂ ਹੈ ਅਤੇ ਇਸ ਦਾ ਅਸਰ ਸਿਨੇਮਾ 'ਚ ਪਰਦੇ 'ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਤੀਜ ਅਤੇ ਤਿਉਹਾਰਾਂ ਨੂੰ ਅਕਸਰ ਫਿਲਮਾਂ ਵਿੱਚ ਦਰਸਾਇਆ ਜਾਂਦਾ ਹੈ। ਅਜਿਹੀਆਂ ਕਈ ਫਿਲਮਾਂ ਹਨ, ਜਿਨ੍ਹਾਂ ਵਿੱਚ ਹੋਲੀ ਤੋਂ ਲੈ ਕੇ ਰੱਖੜੀ ਤੱਕ ਦੇ ਤਿਉਹਾਰਾਂ ਨੂੰ ਦਿਖਾਇਆ ਗਿਆ ਹੈ ਅਤੇ ਉਨ੍ਹਾਂ 'ਤੇ ਸ਼ਾਨਦਾਰ ਗੀਤ ਵੀ ਫਿਲਮਾਏ ਗਏ ਹਨ। ਹਾਲਾਂਕਿ ਦੀਵਾਲੀ 'ਤੇ ਬਹੁਤ ਘੱਟ ਗੀਤ ਦੇਖਣ ਨੂੰ ਮਿਲਦੇ ਹਨ। ਤਾਂ ਆਓ ਜਾਣਦੇ ਹਾਂ ਅਜਿਹੀਆਂ ਫਿਲਮਾਂ ਬਾਰੇ ਜਿਨ੍ਹਾਂ ਵਿੱਚ ਦੀਵਾਲੀ ਮਨਾਈ ਗਈ ਸੀ ਅਤੇ ਉਨ੍ਹਾਂ ਦੇ ਗੀਤ ਤੁਹਾਡੀ ਦੀਵਾਲੀ ਦੀ ਰੌਣਕ ਵਧਾ ਦੇਣਗੇ।



ਇਨ੍ਹਾਂ ਫਿਲਮਾਂ 'ਚ ਦੀਵਾਲੀ ਦੇ ਜਸ਼ਨ ਨੂੰ ਬਾਲੀਵੁੱਡ ਦੇ ਗੀਤ ਦੀਵਾਲੀ ਨੂੰ ਹੋਰ ਖਾਸ ਬਣਾਉਂਦੇ ਹਨ

**ਕਭੀ ਖੁਸ਼ੀ, ਕਭੀ ਗਮ**

ਸ਼ਾਹਰੁਖ ਖਾਨ, ਅਮਿਤਾਭ ਬੱਚਨ, ਜਯਾ ਬੱਚਨ, ਕਾਜੋਲ, ਰਿਤਿਕ ਰੋਸ਼ਨ ਅਤੇ ਕਰੀਨਾ ਕਪੂਰ ਵਰਗੇ ਕਲਾਕਾਰਾਂ ਵਾਲੀ ਇਸ ਫ਼ਿਲਮ ਨੇ ਪਰਿਵਾਰ ਅਤੇ ਰਿਸ਼ਤਿਆਂ ਦੀ ਮਹੱਤਤਾ ਨੂੰ ਸ਼ਾਨਦਾਰ ਢੰਗ ਨਾਲ ਦਿਖਾਇਆ ਹੈ। ਹਰ ਕਿਸੇ ਨੂੰ ਇਸ ਫ਼ਿਲਮ ਦਾ ਇੱਕ ਸੀਨ ਯਾਦ ਹੈ, ਜਦੋਂ ਜਯਾ ਬੱਚਨ ਆਪਣੇ ਬੇਟੇ ਯਾਨੀ ਸ਼ਾਹਰੁਖ ਖਾਨ ਲਈ ਆਰਤੀ ਦੀ ਥਾਲੀ ਲੈ ਕੇ ਦਰਵਾਜ਼ੇ 'ਤੇ ਖੜ੍ਹੀ ਹੈ। ਇਹ ਸੀਨ ਦੀਵਾਲੀ ਦੇ ਮੌਕੇ 'ਤੇ ਫਿਲਮਾਇਆ ਗਿਆ ਹੈ।

**ਆਮਦਨੀ ਅੱਠਨੀ ਖਰਚਾ ਰੁਪਇਆ**

ਸਾਲ 2021 'ਚ ਰਿਲੀਜ਼ ਹੋਈ ਫ਼ਿਲਮ 'ਆਮਦਨੀ ਅਠੰਨੀ ਖਰਚਾ ਰੁਪਈਆ' 'ਚ ਘਰੇਲੂ ਸਮੱਸਿਆਵਾਂ ਵਿਚਾਲੇ ਪਤੀ-ਪਤਨੀ ਦਾ ਰਿਸ਼ਤਾ ਅਤੇ ਜ਼ਬਰਦਸਤ ਕਾਮੇਡੀ ਦਿਖਾਈ ਗਈ ਹੈ।

ਇਸ ਫ਼ਿਲਮ ਦਾ ਗੀਤ 'ਆਏ ਰੇ ਦੀਵਾਲੀ ਸੁਣੋ ਜੀ ਘਰਵਾਲੀ' ਦੀਵਾਲੀ 'ਤੇ ਫ਼ਿਲਮਾਇਆ ਗਿਆ ਗੀਤ ਹੈ, ਜੋ ਤੁਹਾਡੇ ਤਿਉਹਾਰ ਦੀ ਖ਼ੂਬਸੂਰਤੀ ਨੂੰ ਹੋਰ ਵਧਾਏਗਾ । ਇਸ ਫ਼ਿਲਮ 'ਚ ਜੌਨੀ ਲੀਵਰ ਅਤੇ ਕੇਤਕੀ ਡੇਵ ਵਿਚਾਲੇ ਦੀਵਾਲੀ ਦਾ ਸੀਨ ਹੈ, ਜਿਸ ਨੂੰ ਦੇਖ ਕੇ ਹਾਸਾ ਰੋਕਣਾ ਮੁਸ਼ਕਿਲ ਹੈ।

**ਸ਼ਿਰਡੀ ਕੇ ਸਾਈਂ ਬਾਬਾ**

ਬਾਲੀਵੁੱਡ 'ਚ ਅਜਿਹੇ ਕਈ ਗੀਤ ਬਣੇ ਹਨ ਜੋ ਨਾ ਸਿਰਫ ਖ਼ੂਬਸੂਰਤੀ ਨਾਲ ਗਾਏ ਗਏ ਹਨ ਸਗੋਂ ਦਿਲ ਨੂੰ ਛੂਹ ਲੈਂਦੇ ਹਨ। ਦੀਵਾਲੀ 'ਤੇ ਰਚਿਆ ਗਿਆ ਇੱਕ ਅਜਿਹਾ ਹੀ ਭਗਤੀ ਗੀਤ ਹੈ ਜੋ ਲਗਭਗ ਹਰ ਕਿਸੇ ਨੇ ਸੁਣਿਆ ਹੋਵੇਗਾ। 1977 ਦੀ ਫ਼ਿਲਮ 'ਸ਼ਿਰਡੀ ਕੇ ਸਾਈਂ ਬਾਬਾ' 'ਚ ਦੀਵਾਲੀ 'ਤੇ ਫਿਲਮਾਇਆ ਗਿਆ ਗੀਤ 'ਦੀਪਾਵਲੀ ਮਨਾਓ ਸੁਹਾਨੀ' ਕਾਫੀ ਗੂੰਜਿਆ ਹੈ।

**ਫ਼ਿਲਮ ਜੁਗਨੂੰ**

1973 'ਚ ਆਈ ਫ਼ਿਲਮ ਜੁਗਨੂੰ 'ਚ ਦੀਵਾਲੀ 'ਤੇ ਇੱਕ ਬਹੁਤ ਹੀ ਖ਼ੂਬਸੂਰਤ ਗੀਤ ਵੀ ਸ਼ੂਟ ਕੀਤਾ ਗਿਆ ਹੈ। ਇਸ ਗੀਤ ਦੇ ਬੋਲ ਹਨ ਦੀਪ ਦੀਵਾਲੀ ਕੇ ਝੂਟੇ...ਇਹ ਗੀਤ ਬਹੁਤ ਖਾਸ ਹੈ, ਜੋ ਲੋਕਾਂ ਦੇ ਦਿਲਾਂ ਨੂੰ ਛੂਹ ਜਾਂਦਾ ਹੈ। ਕਿਸ਼ੋਰ ਕੁਮਾਰ ਦੁਆਰਾ ਗਾਏ ਇਸ ਗੀਤ ਵਿੱਚ ਅਭਿਨੇਤਾ ਧਰਮਿੰਦਰ ਅਤੇ ਕਾਮੇਡੀਅਨ ਮਹਿਮੂਦ ਨੂੰ ਕਈ ਬੱਚਿਆਂ ਨਾਲ ਮਸਤੀ ਕਰਦੇ ਦਿਖਾਇਆ ਗਿਆ ਹੈ।

## ਸੂ.ਫੀ ਗਾਇਕੀ ਦਾ ਸੁਨਿਆਰੀ ਜ਼ੁਲ.ਫਾਂ ਵਾਲਾ ਸੁਰਮਈ ਸੁਲਤਾਨ

# ਹੰਸ ਰਾਜ ਹੰਸ

### ਪਿੰਡ ਸ਼.ਫੀਪੁਰ ਤੋਂ ਪਦਮ ਸ਼੍ਰੀ ਤੱਕ ਦਾ ਕੀਤਾ ਸ.ਫਰ




ਪੰਜਾਬੀ ਸੰਗੀਤ ਜਗਤ ਦੀ ਸੁਰੀਲੀ ਦੁਨੀਆਂ ਵਿੱਚ ਜੇ ਕੋਈ ਨਾਮ ਸਿਖਰ 'ਤੇ ਬਿਰਾਜਮਾਨ ਹੈ, ਤਾਂ ਉਹ ਹੈ ਹੰਸ ਰਾਜ ਹੰਸ। ਸੂਫ਼ੀ ਗਾਇਕੀ ਦੇ ਸੁਰਮਈ ਸੁਲਤਾਨ, ਪੰਜਾਬੀ ਲੋਕ ਸੰਗੀਤ ਦੇ ਸੁਰਜੀਤ ਸਿਰਤਾਜ, ਅਤੇ ਬੌਲੀਵੁੱਡ ਦੀਆਂ ਫ਼ਿਲਮੀ ਸੁਰਾਂ ਦਾ ਜਾਦੂਗਰ – ਹੰਸ ਰਾਜ ਹੰਸ ਨੇ ਹਰ ਸੰਗੀਤਕ ਸ਼ੈਲੀ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ। ਪਦਮ ਸ਼੍ਰੀ ਨਾਲ ਸਨਮਾਨਿਤ, 'ਰਾਜ ਗਾਇਕ' ਦੀ ਉਪਾਧੀ ਪ੍ਰਾਪਤ ਕਰਨ ਵਾਲੇ ਇਸ ਕਲਾਕਾਰ ਦੀ ਜ਼ਿੰਦਗੀ ਇੱਕ ਸੰਘਰਸ਼ਮਈ ਪਰ ਪ੍ਰੇਰਣਾਦਾਇਕ ਕਹਾਣੀ ਹੈ, ਜਿਸ ਦੀ ਸ਼ੁਰੂਆਤ ਜਲੰਧਰ ਦੇ ਇੱਕ ਸਾਧਾਰਨ ਪਿੰਡ ਤੋਂ ਹੋਈ ਅਤੇ ਅੱਜ ਉਹ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਇੱਕ ਜਾਣਿਆ-ਪਛਾਣਿਆ ਨਾਮ ਹੈ। ਹਾਲਾਂਕਿ, ਸੰਗੀਤ ਦੀਆਂ ਉਚਾਈਆਂ ਛੂਹਣ ਵਾਲੇ ਹੰਸ ਰਾਜ ਹੰਸ ਦੀ ਸਿਆਸੀ ਯਾਤਰਾ ਨਿਰਾਸ਼ਾਜਨਕ ਰਹੀ ਹੈ, ਜਿਸ ਨੇ ਉਨ੍ਹਾਂ ਦੀ ਸ਼ਖਸੀਅਤ ਦੇ ਇੱਕ ਨਵੇਂ ਪਹਿਲੂ ਨੂੰ ਸਾਹਮਣੇ ਲਿਆਂਦਾ ਹੈ।

**ਬੋਹੜ ਦੇ ਦਰੱਖਤ ਹੇਠ ਸੁਪਨਿਆਂ ਦੀ ਸ਼ੁਰੂਆਤ**

ਹੰਸ ਰਾਜ ਹੰਸ ਦਾ ਜਨਮ ਜਲੰਧਰ ਦੇ ਨੇੜਲੇ ਪਿੰਡ ਸ਼ਫ਼ੀਪੁਰ ਵਿੱਚ ਇੱਕ ਸਾਧਾਰਨ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਸਰਦਾਰ ਅਰਜਨ ਸਿੰਘ ਅਤੇ ਮਾਤਾ ਅਜੀਤ ਕੌਰ ਦੀ ਮਿਹਨਤ ਨਾਲ ਪਰਿਵਾਰ ਦਾ ਗੁਜ਼ਾਰਾ ਚੱਲਦਾ ਸੀ। ਬਚਪਨ ਵਿੱਚ ਉਨ੍ਹਾਂ ਦਾ ਨਾਮ ਜ਼ੋਰਾਵਰ ਸਿੰਘ ਸੀ, ਪਰ ਸਕੂਲ ਵਿੱਚ ਦਾਖਲੇ ਸਮੇਂ ਉਹ ਹੰਸ ਰਾਜ ਵਜੋਂ ਰਜਿਸਟਰ ਹੋਏ। ਬਾਅਦ ਵਿੱਚ, ਜਦੋਂ ਉਹ ਗਾਇਕੀ ਦੇ ਖੇਤਰ ਵਿੱਚ ਆਏ, ਤਾਂ ਉਨ੍ਹਾਂ ਦੇ ਉਸਤਾਦ ਪੂਰਨ ਸ਼ਾਹਕੋਟੀ ਨੇ ਉਨ੍ਹਾਂ ਨੂੰ 'ਹੰਸ ਰਾਜ ਹੰਸ' ਦਾ ਨਾਮ ਦਿੱਤਾ, ਜੋ ਅੱਜ ਵਿਸ਼ਵ ਭਰ ਵਿੱਚ ਮਸ਼ਹੂਰ ਹੈ।



ਪਰਿਵਾਰ ਵਿੱਚ ਸੰਗੀਤ ਦਾ ਕੋਈ ਪਿਛੋਕੜ ਨਹੀਂ ਸੀ। ਉਸ ਸਮੇਂ ਗਾਇਕੀ ਨੂੰ ਸਮਾਜ ਵਿੱਚ ਵਧੀਆ ਕਿੱਤੇ ਵਜੋਂ ਨਹੀਂ ਵੇਖਿਆ ਜਾਂਦਾ ਸੀ ਅਤੇ ਹੰਸ ਦੇ ਪਿਤਾ ਇਸ ਦੇ ਸਖ਼ਤ ਵਿਰੋਧੀ ਸਨ। ਹੰਸ ਰਾਜ ਹੰਸ ਦੱਸਦੇ ਹਨ ਕਿ ਉਨ੍ਹਾਂ ਦੇ ਪਿੰਡ ਵਿੱਚ ਇੱਕ 100-150 ਸਾਲ ਪੁਰਾਣਾ ਬੋਹੜ ਦਾ ਦਰੱਖਤ ਸੀ, ਜਿਸ ਹੇਠ ਬੈਠ ਕੇ ਉਹ ਸੁਪਨੇ ਸਜਾਉਂਦੇ ਸਨ।



ਕਈ ਵਾਰ ਇੱਟ ਨੂੰ ਸਿਰਹਾਣਾ ਬਣਾ ਕੇ ਸੌਂ ਜਾਂਦੇ, ਅਤੇ ਕਈ ਵਾਰ ਇਕੱਲੇ ਬੈਠ ਕੇ ਗੀਤ ਗਾਉਂਦੇ। ਉਹ ਯਾਦ ਕਰਦੇ ਹਨ, 'ਲੋਕ ਮੇਰੀ ਮਾਂ ਨੂੰ ਕਹਿੰਦੇ ਸੀ ਕਿ ਤੇਰਾ ਮੁੰਡਾ ਪਾਗਲ ਹੋ ਗਿਆ ਹੈ। ਮੈਂ ਮਾਂ ਨੂੰ ਕਿਹਾ ਸੀ, ਇੱਕ ਦਿਨ ਲੋਕ ਪਾਗਲਾਂ ਵਾਂਗ ਮੇਰੇ ਗੀਤ ਸੁਣਨਗੇ।'

ਹੰਸ ਰਾਜ ਹੰਸ ਦੀ ਜ਼ਿੰਦਗੀ ਦਾ ਸੰਘਰਸ਼ ਉਦੋਂ ਸ਼ੁਰੂ ਹੋਇਆ ਜਦੋਂ ਪਿਤਾ ਦੀ ਸਖਤੀ ਕਾਰਨ ਉਹ ਮਹਿਜ਼ 10 ਸਾਲ ਦੀ ਉਮਰ ਵਿੱਚ ਘਰ ਛੱਡ ਕੇ ਜਲੰਧਰ ਚਲੇ ਗਏ। ਸਕੂਲ ਦੀਆਂ ਕਾਪੀਆਂ ਲਈ ਮਿਲੇ ਪੈਸਿਆਂ ਨਾਲ ਉਹ ਟਰੇਨ ਰਾਹੀਂ ਲੁਧਿਆਣਾ ਪਹੁੰਚੇ, ਜਿੱਥੇ ਉਹ ਮਸ਼ਹੂਰ ਗਾਇਕ ਉਸਤਾਦ ਯਮਲਾ ਜੱਟ ਨੂੰ ਮਿਲਣਾ ਚਾਹੁੰਦੇ ਸਨ। ਹਾਲਾਂਕਿ, ਯਮਲਾ ਜੱਟ ਨਾਲ ਮੁਲਾਕਾਤ ਨਾ ਹੋ ਸਕੀ, ਪਰ ਇੱਕ ਰਿਕਸ਼ੇ ਵਾਲੇ ਦੀ ਮਦਦ ਨਾਲ ਉਹ ਉਸਤਾਦ ਪੂਰਨ ਸ਼ਾਹਕੋਟੀ ਦੇ ਸੰਪਰਕ ਵਿੱਚ ਆਏ।

ਪੂਰਨ ਸ਼ਾਹਕੋਟੀ ਨੂੰ ਹੰਸ ਨੇ ਆਪਣਾ ਗੁਰੂ ਮੰਨਿਆ ਅਤੇ ਨਕੋਦਰ ਵਿੱਚ ਉਨ੍ਹਾਂ ਦੀ ਸੰਗਤ ਵਿੱਚ ਸਮਾਂ ਬਿਤਾਇਆ।

1982 ਵਿੱਚ ਹੰਸ ਰਾਜ ਹੰਸ ਦਾ ਪਹਿਲਾ ਐਲਪੀ ਰਿਕਾਰਡ 'ਜੋਗੀਆਂ ਦੇ ਕੰਨਾਂ ਵਿੱਚ ਕੱਚ ਦੀਆਂ ਮੁੰਦਰਾਂ' ਐਚ.ਐਮ.ਵੀ. ਕੰਪਨੀ ਵੱਲੋਂ ਰਿਲੀਜ਼ ਹੋਇਆ। ਉਸ ਸਮੇਂ ਦੋਗਾਣਾ ਗਾਇਕੀ ਦਾ ਜ਼ੋਰ ਸੀ, ਪਰ ਹੰਸ ਨੇ ਸੂਫ਼ੀ ਗੀਤਾਂ ਨਾਲ ਆਪਣੀ ਵੱਖਰੀ ਪਛਾਣ ਬਣਾਈ। ਇਹ ਰਿਕਾਰਡ ਸੁਪਰਹਿੱਟ ਸਾਬਤ ਹੋਇਆ ਅਤੇ ਪਿੰਡ-ਪਿੰਡ ਵਿੱਚ ਉਨ੍ਹਾਂ ਦੇ ਗੀਤ ਵਜਣ ਲੱਗੇ। ਹੰਸ ਦੱਸਦੇ ਹਨ, 'ਮੈਂ ਜਦੋਂ ਪਹਿਲਾ ਰਿਕਾਰਡ ਸੀਨੇ ਨਾਲ ਲਾ ਕੇ ਪਿੰਡ ਪਰਤਿਆ, ਮਾਂ ਮੈਨੂੰ ਗਲੇ ਲਾ ਕੇ ਰੋਈ।'

ਉਨ੍ਹਾਂ ਦੇ ਗੀਤ ਜਿਵੇਂ 'ਦਿਨ ਲੰਘਦੇ ਉਮੀਦਾਂ ਦੇ ਸਹਾਰੇ', 'ਹਾਏ ਸੱਜਣਾ ਦੇ ਲਾਰੇ', ਅਤੇ 'ਕਿਹੜੀ ਗੱਲੋਂ ਸਾਡੇ ਕੋਲੋਂ ਦੂਰ ਦੂਰ ਰਹਿਨੇ ਓ' ਨੇ ਲੋਕਾਂ ਦੇ ਦਿਲਾਂ 'ਤੇ ਰਾਜ ਕੀਤਾ। ਸੂਫ਼ੀ ਗਾਇਕੀ ਦੇ ਨਾਲ-ਨਾਲ ਉਨ੍ਹਾਂ ਨੇ ਲੋਕ ਸੰਗੀਤ, ਪੌਪ, ਅਤੇ ਧਾਰਮਿਕ ਗੀਤਾਂ ਵਿੱਚ ਵੀ ਮੁਹਾਰਤ ਹਾਸਲ ਕੀਤੀ। ਉਨ੍ਹਾਂ ਦੀ ਵਿਲੱਖਣ ਸ਼ੈਲੀ, ਜਿਸ ਵਿੱਚ ਉਹ ਜ਼ੁਲਫ਼ਾਂ ਹਿਲਾਉਂਦੇ ਹੋਏ ਗਾਉਂਦੇ ਸਨ, ਨੇ ਉਨ੍ਹਾਂ ਨੂੰ 'ਸੁਨਿਆਰੀ ਜ਼ੁਲਫ਼ਾਂ ਵਾਲਾ' ਗਾਇਕ ਵਜੋਂ ਪ੍ਰਸਿੱਧੀ ਦਿਵਾਈ।

ਹੰਸ ਰਾਜ ਹੰਸ ਨੇ ਬੌਲੀਵੁੱਡ ਵਿੱਚ ਵੀ ਆਪਣੀ ਮੁਹਾਰਤ ਦਿਖਾਈ। 1999 ਵਿੱਚ ਫ਼ਿਲਮ 'ਕੱਚੇ ਧਾਗੇ' ਵਿੱਚ ਨੁਸਰਤ ਫ਼ਤਿਹ ਅਲੀ ਖਾਨ ਦੀ ਮਿਊਜ਼ਿਕ ਡਾਇਰੈਕਸ਼ਨ ਹੇਠ ਉਨ੍ਹਾਂ ਨੇ 'ਇਸ਼ਕ ਦੀ ਗਲੀ ਵਿੱਚੋਂ ਕੋਈ ਕੋਈ ਲੰਘਦਾ' ਗਾਇਆ, ਜੋ ਸੁਪਰਹਿੱਟ ਸਾਬਤ ਹੋਇਆ। ਇਸ ਤੋਂ ਇਲਾਵਾ, ਉਨ੍ਹਾਂ ਨੇ ਹੌਲੀਵੁੱਡ ਵਿੱਚ ਵੀ ਆਪਣੀ ਅਵਾਜ਼ ਦਾ ਜਾਦੂ ਚਲਾਇਆ, ਜੋ ਉਨ੍ਹਾਂ ਦੀ ਅੰਤਰਰਾਸ਼ਟਰੀ ਪਹੁੰਚ ਨੂੰ ਦਰਸਾਉਂਦਾ ਹੈ।

**ਸਿਆਸਤ ਵਿੱਚ ਕਿਉਂ .ਫੇਲ੍ਹ ਹੋਏ ਹੰਸ ਰਾਜ ਹੰਸ?**

ਹੰਸ ਰਾਜ ਹੰਸ ਦੀ ਪਛਾਣ ਸਿਰਫ਼ ਇੱਕ ਗਾਇਕ ਵਜੋਂ ਹੀ ਨਹੀਂ, ਸਗੋਂ ਇੱਕ ਸਿਆਸਤਦਾਨ ਵਜੋਂ ਵੀ ਬਣੀ। 2009 ਵਿੱਚ ਉਹ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ ਅਤੇ ਜਲੰਧਰ ਤੋਂ ਲੋਕ ਸਭਾ ਚੋਣ ਲੜੇ, ਪਰ ਹਾਰ ਗਏ। ਇਸ ਤੋਂ ਬਾਅਦ, ਉਹ ਕੁਝ ਸਮਾਂ ਕਾਂਗਰਸ ਵਿੱਚ ਰਹੇ ਅਤੇ 2019 ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਵਿੱਚ ਸ਼ਾਮਲ ਹੋ ਕੇ ਦਿੱਲੀ ਦੀ ਉੱਤਰੀ-ਪੱਛਮੀ ਸੀਟ ਤੋਂ ਸੰਸਦ ਮੈਂਬਰ ਬਣੇ। ਹਾਲਾਂਕਿ, 2024 ਵਿੱਚ ਫ਼ਰੀਦਕੋਟ ਤੋਂ ਲੋਕ ਸਭਾ ਚੋਣ ਵਿੱਚ ਉਨ੍ਹਾਂ ਨੂੰ ਮੁੜ ਹਾਰ ਦਾ ਸਾਹਮਣਾ ਕਰਨਾ ਪਿਆ।

ਸਿਆਸਤ ਵਿੱਚ ਉਨ੍ਹਾਂ ਦੀ ਅਸਫ਼ਲਤਾ ਦੇ ਕਈ ਕਾਰਨ ਸਨ। ਹੰਸ ਰਾਜ ਹੰਸ ਦੱਸਦੇ ਹਨ, 'ਮੇਰੇ ਜਿਹਾ ਬੰਦਾ ਸਿਆਸਤ ਵਿੱਚ ਕੁਝ ਨਹੀਂ ਖੱਟ ਸਕਦਾ।' ਉਨ੍ਹਾਂ ਦੀ ਸਾਦਗੀ ਅਤੇ ਸੂਫ਼ੀਆਨਾ ਸ਼ਖਸੀਅਤ ਸਿਆਸਤ ਦੀਆਂ ਗੁੰਝਲਦਾਰ ਚਾਲਾਂ ਨਾਲ ਮੇਲ ਨਹੀਂ ਖਾਂਦੀ। ਉਹ ਕਹਿੰਦੇ ਹਨ, 'ਕਲਾਕਾਰ ਵਜੋਂ ਸਭ ਦੇ ਸਾਂਝੇ ਹੁੰਦੇ ਹਨ, ਪਰ ਸਿਆਸਤ ਵਿੱਚ ਆ ਕੇ ਵੰਡੇ ਜਾਂਦੇ ਹਨ।' ਸਿਆਸਤ ਵਿੱਚ ਆਉਣ ਨਾਲ ਉਨ੍ਹਾਂ ਨੂੰ ਲੋਕਾਂ ਦੀਆਂ ਨਕਾਰਾਤਮਕ ਟਿੱਪਣੀਆਂ ਦਾ ਵੀ ਸਾਹਮਣਾ ਕਰਨਾ ਪਿਆ, ਜਿਸ ਨੇ ਉਨ੍ਹਾਂ ਦੀ ਸਮਾਜਕ ਪ੍ਰਸਿੱਧੀ ਨੂੰ ਠੇਸ ਪਹੁੰਚਾਈ।

ਉਨ੍ਹਾਂ ਨੇ ਸਿਆਸਤ ਵਿੱਚ ਪੰਜਾਬੀਅਤ ਦੀ ਗੱਲ ਕੀਤੀ, (**ਬਾਕੀ ਸ.ਫਾ 27 'ਤੇ**)

## 'ਦੀਵਾਲੀ ਕੀ ਰਾਤਿ, ਦੀਵੇ ਬਾਲੀਅਨਿ.......'

ਇਸ ਦੇ ਬਾਵਜੂਦ ਇਹ ਲੋਕ ਹੜ੍ਹਾਂ ਦਾ ਸੰਤਾਪ ਭੋਗਣ ਦੇ ਬਾਵਜੂਦ ਮੁੜ ਨਵੇਂ ਸਿਰੇ ਤੋਂ ਆਪਣੇ ਆਪ ਨੂੰ ਉਭਾਰ ਰਹੇ ਹਨ ਅਤੇ ਪਹਿਲਾਂ ਨਾਲੋਂ ਵੀ ਵੱਧ ਮਜ਼ਬੂਤ ਹੋਣ ਦਾ ਦ੍ਰਿੜ ਸੰਕਲਪ ਪੇਸ਼ ਕਰ ਰਹੇ ਹਨ। ਹੜ੍ਹਾਂ 'ਚ ਉਜੜਨ ਦੇ ਬਾਵਜੂਦ ਵੱਡੀ ਗਿਣਤੀ ਪੰਜਾਬੀ ਦੀਵਾਲੀ ਅਤੇ ਬੰਦੀ ਛੋੜ ਦਿਵਸ ਮੌਕੇ ਨਵੇਂ ਉਤਸ਼ਾਹ ਨਾਲ ਆਪਣੀ ਜ਼ਿੰਦਗੀ ਦੀ ਚਾਲ ਨੂੰ ਤੇਜ਼ ਕਰ ਰਹੇ ਹਨ। ਪੰਜਾਬ ਪਹਿਲਾਂ ਵੀ ਕੁਦਰਤੀ ਕਾਰਨਾਂ ਅਤੇ ਸਮੇਂ ਦੀਆਂ ਹਕੂਮਤਾਂ ਦੇ ਜ਼ੁਲਮਾਂ ਕਾਰਨ ਉਜੜਿਆ ਹੈ ਪਰ ਪਹਿਲਾਂ ਨਾਲੋਂ ਵੀ ਮਜ਼ਬੂਤ ਹੋ ਕੇ ਮੁੜ ਉਭਰਿਆ ਹੈ। ਇਸ ਸਮੇਂ ਵੀ ਹੜ੍ਹਾਂ ਦੇ ਕਾਰਨ ਹੋਏ ਨੁਕਸਾਨ ਨੂੰ ਝੱਲਦਿਆਂ ਪੰਜਾਬ ਮੁੜ ਅੰਗੜਾਈ ਲੈ ਰਿਹਾ ਹੈ।

ਸਿੱਖ ਇਤਿਹਾਸ ਦੇ ਪੰਨੇ ਪਰਤਦਿਆਂ ਪਤਾ ਚੱਲਦਾ ਹੈ ਕਿ ਇਸ ਦਿਨ ਸਿੱਖਾਂ ਦੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਮੁਗ਼ਲ ਬਾਦਸ਼ਾਹ ਜਹਾਂਗੀਰ ਦੀ ਕੈਦ 'ਚੋਂ ਗਵਾਲੀਅਰ ਦੇ ਕਿਲੇ 'ਚੋਂ 52 ਰਾਜਿਆਂ ਨਾਲ ਰਿਹਾਅ ਹੋ ਕੇ ਅੰਮ੍ਰਿਤਸਰ ਪਹੁੰਚੇ ਸੀ। ਉਨ੍ਹਾਂ ਦੇ ਘਰ ਆਉਣ ਦੀ ਖ਼ੁਸ਼ੀ 'ਚ ਹਰ ਪਾਸੇ ਦੀਵੇ ਬਾਲ ਕੇ ਰੌਸ਼ਨੀ ਕੀਤੀ ਗਈ ਸੀ ਅਤੇ 'ਨਿਆਂ ਦੀ ਜਿੱਤ' ਦਾ ਜਸ਼ਨ ਮਨਾਇਆ ਗਿਆ ਸੀ। 20ਵੀਂ ਸਦੀ ਦੇ ਅੰਤ 'ਚ ਕੁੱਝ ਸਿੱਖ ਵਿਦਵਾਨਾਂ ਦੇ ਜ਼ੋਰ ਪਾਉਣ ਤੋਂ ਬਾਅਦ ਸਾਲ 2003 'ਚ ਇਸ ਦਿਨ ਨੂੰ 'ਬੰਦੀ ਛੋੜ ਦਿਵਸ' ਦੇ ਨਾਮ ਵੱਜੋਂ ਮਾਨਤਾ ਦਿੱਤੀ ਗਈ। ਦੀਵਾਲੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ 'ਚ ਸ੍ਰੀ ਹਰਿਮੰਦਰ ਸਾਹਿਬ ਦਾ ਮਨਮੋਹਕ ਦ੍ਰਿਸ਼ ਵੇਖਣ ਹੀ ਵਾਲਾ ਹੁੰਦਾ ਹੈ। ਇਸ ਦਿਨ ਸ੍ਰੀ ਦਰਬਾਰ ਸਾਹਿਬ ਨੂੰ ਬਹੁਤ ਹੀ ਸ਼ਾਨਦਾਰ ਢੰਗ ਨਾਲ ਰੰਗ-ਬਰੰਗੀਆਂ ਲਾਈਟਾਂ, ਭਾਂਤ-ਭਾਂਤ ਦੇ ਫ਼ੁੱਲਾਂ ਨਾਲ ਸਜਾਇਆ ਜਾਂਦਾ ਹੈ। ਰਾਤ ਦੇ ਸਮੇਂ ਆਤਿਸ਼ਬਾਜ਼ੀ ਦਾ ਨਜ਼ਾਰਾ ਵੀ ਵੇਖਣਯੋਗ ਹੁੰਦਾ ਹੈ।

ਅਜੇ ਕੁੱਝ ਦਹਾਕੇ ਸਮਾਂ ਪਹਿਲਾਂ ਦੀ ਤਾਂ ਗੱਲ ਹੈ ਜਦੋਂ ਦੀਵਾਲੀ ਦਾ ਤਿਉਹਾਰ ਸਾਰੇ ਰਲ ਮਿਲ ਕੇ ਮਨਾਉਂਦੇ ਸਨ, ਉਦੋਂ ਮੁਹੱਲੇ ਵਿੱਚ ਰਹਿੰਦੇ ਲੋਕ ਇੱਕ ਦੂਜੇ ਨੂੰ ਦੀਵਾਲੀ ਦੀ ਮਿਠਾਈ ਜਾਂ ਤੋਹਫ਼ੇ ਦਿੰਦੇ ਹੁੰਦੇ ਸਨ। ਉਦੋਂ ਰਿਸ਼ਤੇਦਾਰਾਂ ਵਿੱਚ ਵੀ ਦੀਵਾਲੀ ਮੌਕੇ ਮਿਠਾਈ ਅਤੇ ਤੋਹਫ਼ਿਆਂ ਦਾ ਲੈਣ ਦੇਣ ਹੁੰਦਾ ਸੀ ਪਰ ਹੁਣ ਇਹ ਰਵਾਇਤ ਘੱਟਦੀ ਜਾ ਰਹੀ ਹੈ। ਹੁਣ ਤਾਂ ਵੱਡੀ ਗਿਣਤੀ ਲੋਕਾਂ ਵੱਲੋਂ ਦੀਵਾਲੀ ਮੌਕੇ ਮਿਠਾਈ ਅਤੇ ਤੋਹਫੇ ਸਿਰਫ਼ ਉਸ ਵਿਅਕਤੀ ਨੂੰ ਦਿੱਤੇ ਜਾਂਦੇ ਹਨ, ਜਿਸ ਤੋਂ ਕੋਈ ਕੰਮ ਲੈਣਾ ਹੋਵੇ। ਇਸ ਤਰਾਂ ਦੀਵਾਲੀ ਦੇ ਤਿਉਹਾਰ ਦਾ ਰੂਪ ਬਦਲਦਾ ਜਾ ਰਿਹਾ ਹੈ। ਉਸ ਸਮੇਂ ਸਾਂਝੇ ਪਰਿਵਾਰ ਹੋਂਦ ਵਿੱਚ ਹੁੰਦੇ ਸਨ ਅਤੇ ਪੂਰਾ ਪਰਿਵਾਰ ਰਲ ਮਿਲ ਕੇ ਦੀਵਾਲੀ ਮੌਕੇ ਪੂਜਾ ਕਰਦਾ ਹੁੰਦਾ ਸੀ। ਅੱਜ ਦਾ ਯੁੱਗ ਇਕਹਿਰੇ ਪਰਿਵਾਰਾਂ ਦਾ ਯੁੱਗ ਹੈ ਅਤੇ ਲੋਕ ਆਪਣੇ ਘਰ ਅੰਦਰ ਇੱਕਲੇ ਹੀ ਦੀਵਾਲੀ ਦਾ ਤਿਉਹਾਰ ਮਨਾ ਕੇ ਜਾਂ ਬਾਜ਼ਾਰਾਂ ਵਿੱਚ ਇੱਕਲੇ ਹੀ ਘੁੰਮ ਕੇ ਖ਼ੁਸ਼ ਹੁੰਦੇ ਹਨ।

ਕੁੱਝ ਸਾਲ ਪਹਿਲਾਂ ਤੱਕ ਸ਼ਹਿਰਾਂ ਵਿੱਚ ਰਹਿੰਦੇ ਲੋਕ ਵੀ ਦੀਵਾਲੀ ਦੇ ਤਿਉਹਾਰ ਮੌਕੇ ਆਪਣੇ ਪਿੰਡ ਜਾ ਕੇ ਪੂਰੇ ਪਰਿਵਾਰ ਨਾਲ ਦੀਵਾਲੀ ਮਨਾਉਂਦੇ ਸਨ ਪਰ ਹੁਣ ਤਾਂ ਦੀਵਾਲੀ ਮੌਕੇ ਵੀ ਪਿੰਡਾਂ ਵਾਲੇ ਘਰ ਸ਼ਹਿਰ ਗਏ ਲੋਕਾਂ ਨੂੰ ਉਡੀਕਦੇ ਰਹਿੰਦੇ ਹਨ। ਵੱਡੀ ਗਿਣਤੀ ਲੋਕਾਂ ਨੇ ਆਪਣੇ ਪਿੰਡਾਂ ਵਾਲੇ ਘਰ ਵੇਚ ਦਿੱਤੇ ਹਨ ਕਿਉਂਕਿ ਪਿੰਡ ਰਹਿੰਦੇ ਬਾਕੀ ਪਰਿਵਾਰ ਵੀ ਸ਼ਹਿਰ ਵਿੱਚ ਆ ਕੇ ਰਹਿਣ ਲੱਗ ਪਏ ਹਨ। ਇਸ ਤਰਾਂ ਪਿੰਡਾਂ ਵਿੱਚਲੇ ਵੱਡੇ ਘਰਾਂ ਦੇ ਖੁੱਲੇ ਵਿਹੜੇ ਵਿੱਚ ਦੀਵਾਲੀ ਦੇ ਪਟਾਕੇ ਚਲਾਉਣ ਦੀ ਥਾਂ ਹੁਣ ਸ਼ਹਿਰਾਂ ਦੇ ਛੋਟੇ ਕੁਆਟਰਾਂ 'ਚ ਦੀਵਾਲੀ ਦੀਆਂ ਫੁਲਝੜੀਆਂ ਚਲਾਈਆਂ ਜਾਂਦੀਆਂ ਹਨ। ਛੋਟੇ ਕੁਆਟਰਾਂ 'ਚ ਰਹਿਣ ਵਾਲਿਆਂ ਦੀ ਸੋਚ ਵੀ ਛੋਟੀ ਹੋ ਗਈ ਲੱਗਦੀ ਹੁੰਦੀ ਹੈ।

ਦੀਵਾਲੀ ਵਾਲੇ ਦਿਨ ਭਾਰਤ, ਨੇਪਾਲ, ਸ੍ਰੀਲੰਕਾ, ਮਿਆਂਮਾਰ, ਮੌਰੀਸ਼ੀਅਸ, ਗੁਆਨਾ, ਮਲੇਸ਼ੀਆ, ਸਿੰਗਾਪੁਰ ਅਤੇ ਫ਼ੀਜੀ 'ਚ ਸਰਕਾਰੀ ਛੁੱਟੀ ਹੁੰਦੀ ਹੈ। ਕੁਝ ਦਿਨ ਪਹਿਲਾਂ ਅਮਰੀਕਾ ਦੇ ਕੁਝ ਸੂਬਿਆਂ 'ਚ ਵੀ ਦੀਵਾਲੀ ਵਾਲੇ ਦਿਨ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਦੀਵਾਲੀ ਵਾਲੇ ਦਿਨ ਦੀਵੇ ਬਾਲਦਿਆਂ ਸਾਨੂੰ ਆਪਣੇ ਮਨਾਂ ਅੰਦਰ ਵੀ ਗਿਆਨ, ਸ਼ਾਂਤੀ ਅਤੇ ਭਾਈਚਾਰਕ ਸਾਂਝ ਦਾ ਦੀਵਾ ਜਗਾਉਣਾ ਚਾਹੀਦਾ ਹੈ ਤਾਂ ਕਿ ਹਰ ਪਾਸੇ ਫ਼ੈਲਿਆ ਅਗਿਆਨ, ਅੰਧਵਿਸ਼ਵਾਸ, ਜਾਦੂ ਟੂਣੇ, ਛੂਆ ਛੂਤ, ਆਪਸੀ ਵੈਰ ਵਿਰੋਧ ਅਤੇ ਈਰਖਾ ਦਾ ਹਨੇਰਾ ਦੂਰ ਹੋ ਸਕੇ।

***

## 'ਟਰੇਡ ਵਾਰ' ਦਾ ਵਿਸ਼ਵ 'ਤੇ

ਗਾਰਡੀਅਨ ਅਤੇ ਰਾਇਟਰਜ਼ ਨੇ ਰਿਪੋਰਟ ਕੀਤੀ ਹੈ ਕਿ ਯੂਰਪ ਨੇ 500 ਤੋਂ ਵੱਧ ਜਹਾਜ਼ਾਂ ਨੂੰ ਬਲਾਕ ਕੀਤਾ ਸੀ ਅਤੇ ਬਾਲਟਿਕ ਸਮੁੰਦਰ ਵਿੱਚ ਇਹਨਾਂ ਨੂੰ ਰੋਕਣ ਲਈ ਨਵੀਂ ਯੋਜਨਾ ਬਣਾਈ ਹੈ। ਇਸ ਨਾਲ ਭਾਰਤੀ ਤੇਲ ਰਿਫਾਈਨਰੀਆਂ ਨੂੰ ਮੁਸ਼ਕਲ ਹੋ ਰਹੀ ਹੈ, ਜੋ ਰੂਸ ਤੋਂ 40% ਤੇਲ ਲੈਂਦੀਆਂ ਹਨ।

ਪਰ ਭਾਰਤ ਨੇ ਇਸ ਨੂੰ ਚੁਣੌਤੀ ਨਾ ਮੰਨਦੇ ਹੋਏ ਰੂਸ ਨਾਲ ਨਵੇਂ ਰਾਹ ਲੱਭ ਲਏ ਹਨ, ਜਿਵੇਂ ਆਰਕਟਿਕ ਸਮੁੰਦਰੀ ਰੂਟ।

ਅਲ ਜਜ਼ੀਰਾ ਅਤੇ ਟਾਈਮ ਮੈਗਜ਼ੀਨ ਨੇ ਲਿਖਿਆ ਹੈ ਕਿ ਟਰੰਪ ਦੇ ਟੈਰਿਫ਼ਾਂ ਨੇ ਭਾਰਤ ਅਤੇ ਚੀਨ ਨੂੰ ਇੱਕਠੇ ਕੀਤਾ ਹੈ, ਪਰ ਬਾਰਡਰ ਵਿਵਾਦ ਅਜੇ ਵੀ ਖੜ੍ਹਾ ਹੈ। 2025 ਵਿੱਚ ਬ੍ਰਿਕਸ ਅਤੇ ਐੱਸਸੀਓ ਵਰਗੇ ਪਲੇਟਫਾਰਮਾਂ ਤੇ ਉਹਨਾਂ ਨੇ ਵਪਾਰ ਅਤੇ ਨਿਵੇਸ਼ ਵਧਾਉਣ ਦੇ ਸਮਝੌਤੇ ਕੀਤੇ ਹਨ, ਜੋ ਅਮਰੀਕੀ ਦਬਾਅ ਵਿਰੁੱਧ ਇੱਕ ਰਣਨੀਤੀ ਹੈ। ਪਰ ਭਾਰਤ ਨਾਲ ਨਿੱਘੇ ਦੋਸਤਾਨਾ ਸਬੰਧਾਂ ਨੂੰ ਵਧਾਉਣ ਲਈ ਚੀਨ ਨੂੰ ਬਾਰਡਰ ਉੱਪਰ ਫ਼ੌਜਾਂ ਘਟਾਉਣੀਆਂ ਪੈਣਗੀਆਂ, ਜੋ ਅਜੇ ਨਹੀਂ ਹੋਇਆ।

ਟਰੇਡ ਵਾਰ ਕਿੱਥੇ ਜਾਵੇਗੀ ਅਤੇ ਕਦੋਂ ਰੁਕੇਗੀ?

ਅਮਰੀਕਾ-ਚੀਨ ਟਰੇਡ ਵਾਰ 2025 ਵਿੱਚ ਤੇਜ਼ ਹੋ ਗਈ ਹੈ। ਰਾਇਟਰਜ਼ ਅਤੇ ਪੋਲਿਟੀਕੋ ਨੇ ਰਿਪੋਰਟ ਕੀਤੀ ਹੈ ਕਿ ਅਕਤੂਬਰ ਵਿੱਚ ਅਮਰੀਕਾ ਨੇ ਚੀਨ ਤੇ 100% ਟੈਰਿਫ਼ ਲਗਾਏ ਅਤੇ ਚੀਨ ਨੇ ਰੇਅਰ ਅਰਥ ਐਕਸਪੋਰਟ ਰੋਕੇ ਹਨ। ਟਰੰਪ ਨੇ 10 ਨਵੰਬਰ ਤੱਕ ਸਮਝੌਤੇ ਦੀ ਆਖਰੀ ਮਿਆਦ ਰੱਖੀ ਹੈ, ਪਰ ਚੀਨ ਨੇ ਕਿਹਾ ਹੈ ਕਿ 'ਅਸੀਂ ਅੰਤ ਦਮ ਤਕ ਲੜਨ ਤੱਕ ਲੜਾਂਗੇ'। ਇਹ ਵਾਰ ਨਵੰਬਰ ਵਿੱਚ ਖਤਮ ਹੋ ਸਕਦੀ ਹੈ ਜੇਕਰ ਸਮਝੌਤਾ ਹੋਇਆ, ਨਹੀਂ ਤਾਂ 2026 ਵਿੱਚ ਹੋਰ ਤੇਜ਼ ਹੋਵੇਗੀ। ਆਈਐੱਮਐੱਫ ਨੇ ਅਨੁਮਾਨ ਲਗਾਇਆ ਹੈ ਕਿ ਇਹ ਵਿਸ਼ਵ ਜੀਡੀਪੀ ਨੂੰ 1.2% ਘਟਾਏਗਾ।

**ਸੰਸਾਰ ਉੱਤੇ ਟਰੇਡ ਵਾਰ ਦਾ ਪ੍ਰਭਾਵ?**

ਸੀ.ਈ.ਪੀ.ਆਰ. ਅਤੇ ਆਈ.ਐੱਮ.ਐੱਫ਼. ਨੇ ਕਿਹਾ ਹੈ ਕਿ ਟਰੇਡ ਵਾਰ ਨਾਲ ਅਮਰੀਕੀ ਜੀਡੀਪੀ 1% ਘਟੇਗੀ ਅਤੇ ਵਿਸ਼ਵ ਵਪਾਰ 17% ਘਟੇਗਾ। ਭਾਰਤ ਅਤੇ ਚੀਨ ਵਰਗੇ ਦੇਸ਼ਾਂ ਵਿੱਚ ਤੇਲ ਅਤੇ ਆਯਾਤ ਮਹਿੰਗੀ ਹੋਵੇਗੀ, ਜੋ ਮਹਿੰਗਾਈ ਵਧਾਏਗੀ। ਯੂਰਪ ਅਤੇ ਏਸ਼ੀਆ ਵਿੱਚ ਸਪਲਾਈ ਚੇਨ ਟੁੱਟਣਗੀਆਂ ਅਤੇ ਨਵੇਂ ਵਪਾਰਕ ਬਲੌਕ ਬਣਨਗੇ। ਇਹ ਵਿਸ਼ਵ ਅਰਥਵਿਵਸਥਾ ਨੂੰ ਮੰਦੀ ਵੱਲ ਲੈ ਜਾਵੇਗਾ, ਜਿੱਥੇ ਆਰਥਿਕ ਤੌਰ ਉੱਪਰ ਪਛੜੇ ਦੇਸ਼ਾਂ ਨੂੰ ਸਭ ਤੋਂ ਵੱਧ ਨੁਕਸਾਨ ਹੋਵੇਗਾ। ਭਾਰਤ ਨੂੰ ਤੇਲ ਖਰਚੇ ਵਿੱਚ 10 ਅਰਬ ਡਾਲਰ ਵਧਣਗੇ ਅਤੇ ਰੁਪਏ ਤੇ ਦਬਾਅ ਪਵੇਗਾ। ਇਹ ਟੈਰਿਫ਼ ਵਾਰ ਨਾ ਸਿਰਫ਼ ਰਾਜਨੀਤਕ ਹੈ, ਸਗੋਂ ਵਿਸ਼ਵ ਨੂੰ ਨਵੇਂ ਯੁੱਗ ਵਿੱਚ ਲੈ ਜਾਣ ਵਾਲੀ ਹੈ।

***

## ਅਮਰੀਕੀ ਪਾਸਪੋਰਟ ਦੀ ਸ਼ਕਤੀ

ਸਿੰਗਾਪੁਰ ਦਾ ਪਾਸਪੋਰਟ ਦੁਨੀਆ ਦਾ ਸਭ ਤੋਂ ਮਜ਼ਬੂਤ, ਜਿਸ ਨਾਲ 193 ਦੇਸ਼ਾਂ ਵਿੱਚ ਬਿਨਾਂ ਵੀਜ਼ਾ ਦੇ ਐਂਟਰੀ ਮਿਲਦੀ ਹੈ। ਦੱਖਣੀ ਕੋਰੀਆ ਦੂਜੇ ਸਥਾਨ 'ਤੇ (190 ਦੇਸ਼ਾਂ 'ਚ ਐਂਟਰੀ)। ਜਾਪਾਨ ਤੀਜੇ ਸਥਾਨ 'ਤੇ (189 ਦੇਸ਼ਾਂ ਤੱਕ ਪਹੁੰਚ)।

ਇਸ ਤੋਂ ਬਾਅਦ ਯੂਰਪੀ ਦੇਸ਼ਾਂ ਦਾ ਦਬਦਬਾ ਹੈ – ਜਰਮਨੀ, ਇਟਲੀ, ਸਪੇਨ, ਲਕਜ਼ਮਬਰਗ ਅਤੇ ਸਵਿਟਜ਼ਰਲੈਂਡ ਮਿਲ ਕੇ ਚੌਥੇ ਸਥਾਨ 'ਤੇ ਹਨ (188 ਦੇਸ਼ਾਂ ਵਿੱਚ ਐਂਟਰੀ)।

ਇਸ ਵਾਰ ਦੇ ਸਭ ਤੋਂ ਚੌਕਾਉਣ ਵਾਲੇ ਨਤੀਜਿਆਂ 'ਚੋਂ ਇੱਕ ਹੈ ਕਿ ਅਮਰੀਕਾ ਅਤੇ ਬ੍ਰਿਟੇਨ ਦੋਵੇਂ ਟੌਪ-10 ਤੋਂ ਬਾਹਰ ਹੋ ਗਏ ਹਨ। ਅਮਰੀਕੀ ਪਾਸਪੋਰਟ ਜੋ 2014 ਵਿੱਚ ਪਹਿਲੇ ਸਥਾਨ 'ਤੇ ਸੀ, ਹੁਣ ਮਲੇਸ਼ੀਆ ਨਾਲ 12ਵੇਂ ਸਥਾਨ 'ਤੇ ਆ ਗਿਆ ਹੈ। ਭਾਰਤ ਦੀ ਰੈਂਕਿੰਗ ਵੀ ਘਟ ਗਈ ਹੈ। ਪਿਛਲੇ ਸਾਲ 80ਵਾਂ ਸਥਾਨ, ਹੁਣ 85ਵਾਂ ਸਥਾਨ। ਇਸਦੇ ਉਲਟ, ਯੂਏਈ ਦਾ ਪਾਸਪੋਰਟ ਤੇਜ਼ੀ ਨਾਲ ਮਜ਼ਬੂਤ ਹੋ ਰਿਹਾ ਹੈ। ਇਸ ਨੇ 184 ਦੇਸ਼ਾਂ ਵਿੱਚ ਐਂਟਰੀ ਨਾਲ 8ਵਾਂ ਸਥਾਨ ਹਾਸਲ ਕਰ ਲਿਆ ਹੈ। ਕੁੱਲ ਮਿਲਾ ਕੇ, ਪਾਕਿਸਤਾਨ ਦਾ ਪਾਸਪੋਰਟ ਲਗਾਤਾਰ ਕਮਜ਼ੋਰ ਹੋ ਰਿਹਾ ਹੈ ਅਤੇ ਹੁਣ ਉਸਨੂੰ ਦੁਨੀਆ ਦੇ ਸਭ ਤੋਂ ਨਿਕੰਮੇ ਪਾਸਪੋਰਟਾਂ 'ਚ ਗਿਣਿਆ ਜਾ ਰਿਹਾ ਹੈ।

ਅਮਰੀਕਾ ਦੀਆਂ ਸਖ਼ਤ ਨੀਤੀਆਂ ਅਤੇ ਦੋ-ਪੱਖੀ ਸਮਝੌਤਿਆਂ ਦੀ ਘਾਟ ਨੇ ਇਸ ਨੂੰ ਪਿੱਛੇ ਧੱਕ ਦਿੱਤਾ ਹੈ। ਇਸ ਤੋਂ ਇਲਾਵਾ, ਅਮਰੀਕੀ ਨਾਗਰਿਕਾਂ ਲਈ ਵੀਜ਼ਾ-ਮੁਕਤ ਯਾਤਰਾ ਦੀ ਘਟਦੀ ਗਿਣਤੀ ਨੇ ਉਨ੍ਹਾਂ ਦੀ ਗਲੋਬਲ ਮੋਬਿਲਿਟੀ 'ਤੇ ਅਸਰ ਪਾਇਆ ਹੈ। ਜਦੋਂ ਸਿੰਗਾਪੁਰ, ਦੱਖਣੀ ਕੋਰੀਆ ਅਤੇ ਜਾਪਾਨ ਵਰਗੇ ਦੇਸ਼ਾਂ ਦੇ ਨਾਗਰਿਕ ਲਗਭਗ ਸਾਰੀ ਦੁਨੀਆ ਵਿੱਚ ਬਿਨਾਂ ਵੀਜ਼ਾ ਦੇ ਜਾ ਸਕਦੇ ਹਨ, ਅਮਰੀਕੀ ਨਾਗਰਿਕਾਂ ਨੂੰ ਹੁਣ ਕਈ ਦੇਸ਼ਾਂ ਵਿੱਚ ਵੀਜ਼ਾ ਲੈਣ ਲਈ ਜੱਦੋਜਹਿਦ ਕਰਨੀ ਪੈਂਦੀ ਹੈ। ਇਹ ਸਥਿਤੀ ਅਮਰੀਕੀ ਨੀਤੀਆਂ 'ਤੇ ਮੁੜ ਵਿਚਾਰ ਕਰਨ ਦੀ ਜ਼ਰੂਰਤ ਨੂੰ ਦਰਸਾਉਂਦੀ ਹੈ।

ਅਮਰੀਕਾ ਨੂੰ ਜੇ ਆਪਣੀ ਸਾਖ ਅਤੇ ਪਾਸਪੋਰਟ ਦੀ ਸ਼ਕਤੀ ਨੂੰ ਮੁੜ ਪ੍ਰਾਪਤ ਕਰਨਾ ਹੈ, ਤਾਂ ਉਸ ਨੂੰ ਆਪਣੀਆਂ ਵੀਜ਼ਾ ਨੀਤੀਆਂ ਨੂੰ ਖੁੱਲ੍ਹਾ ਕਰਨਾ ਹੋਵੇਗਾ ਅਤੇ ਦੋ-ਪੱਖੀ ਸਮਝੌਤਿਆਂ 'ਤੇ ਜ਼ਿਆਦਾ ਧਿਆਨ ਦੇਣਾ ਹੋਵੇਗਾ। ਨਹੀਂ ਤਾਂ, ਅਮਰੀਕੀ ਪਾਸਪੋਰਟ ਦੀ ਇਹ ਗਿਰਾਵਟ ਜਾਰੀ ਰਹੇਗੀ, ਜੋ ਨਾ ਸਿਰਫ਼ ਅਮਰੀਕੀ ਨਾਗਰਿਕਾਂ ਲਈ, ਸਗੋਂ ਅਮਰੀਕਾ ਦੀ ਵਿਸ਼ਵਵਿਆਪੀ ਸਥਿਤੀ ਲਈ ਵੀ ਨੁਕਸਾਨਦੇਹ ਸਾਬਤ ਹੋ ਸਕਦੀ ਹੈ।

***

## ਚੋਣਾਂਵੀ ਰਿਸ਼ਵਤ ਬਨਾਮ ਮੁਫ਼ਤ

ਇਸ ਯੋਜਨਾ 'ਚ 2100 ਰੁਪਏ ਪ੍ਰਤੀ ਮਹੀਨਾ ਪ੍ਰਾਪਤ ਕਰਨ ਲਈ 2.47 ਕਰੋੜ ਔਰਤਾਂ ਲਾਭਪਾਤਰੀਆਂ ਸਨ।

ਸੁਪਰੀਮ ਕੋਰਟ ਨੇ ਚੋਣਾਂ ਤੋਂ ਪਹਿਲਾਂ ਸਿਆਸੀ ਦਲਾਂ ਵੱਲੋਂ ਮੁਫ਼ਤ ਤੋਹਫ਼ੇ ਦੇਣ ਦੇ ਵਾਇਦੇ ਉੱਤੇ ਕਿਹਾ ਕਿ ਅਸੀਂ ਕੁਝ ਲੋਕਾਂ ਨੂੰ ਪਰਜੀਵੀਆਂ (ਮੁਫ਼ਤ ਖੋਰਿਆਂ) ਦਾ ਵਰਗ ਬਣਾ ਰਹੇ ਹਾਂ। ਅਦਾਲਤ ਦੇ ਅਨੁਸਾਰ ਇਸ ਤਰ੍ਹਾਂ ਦੇ ਤੋਹਫੇ ਕੁਝ ਲੋਕਾਂ ਨੂੰ ਰੁਜ਼ਗਾਰ ਲੱਭਣ, ਮੁੱਖ ਧਾਰਾ ਵਿੱਚ ਸ਼ਾਮਿਲ ਹੋਣ ਅਤੇ ਰਾਸ਼ਟਰੀ ਵਿਕਾਸ ਵਿੱਚ ਯੋਗਦਾਨ ਦੇਣ ਦੇ ਮੌਕਿਆਂ ਤੋਂ ਵੰਚਿਤ ਕਰ ਦਿੰਦੇ ਹਨ।

ਅਸਲ 'ਚ ਮੁਫ਼ਤ ਉਪਹਾਰ ਰਿਜ਼ਰਵ ਬੈਂਕ ਆਫ਼ ਇੰਡੀਆ ਅਨੁਸਾਰ ਇੱਕ ਇਹੋ ਜਿਹੀ ਸਰਵਜਨਕ ਕਲਿਆਣਕਾਰੀ ਯੋਜਨਾ ਹੈ, ਜਿਸ ਦੇ ਤਹਿਤ ਮੁਫ਼ਤ ਵਿੱਚ ਚੀਜ਼ਾਂ ਜਾਂ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਹਾਲਾਂਕਿ ਚੋਣ ਆਯੋਗ ਨੇ ਇਸ ਨੂੰ ਪ੍ਰਭਾਸ਼ਿਤ ਨਹੀਂ ਕੀਤਾ। ਚਿੰਤਾ ਦੀ ਗੱਲ ਤਾਂ ਇਹ ਹੈ ਕਿ ਮੁਫ਼ਤ ਸੁਵਿਧਾਵਾਂ ਦੇਣ ਨਾਲ ਰਾਜ ਦੀ ਵਿੱਤੀ ਸਥਿਤੀ ਵਿਗੜਦੀ ਹੈ। ਜਿਵੇਂ ਕਿ ਪੰਜਾਬ 'ਚ ਹੋ ਰਿਹਾ ਹੈ। ਵਿਕਾਸ ਕਾਰਜ ਰੁੱਕ ਜਾਂਦੇ ਹਨ। ਨਾਗਰਿਕਾਂ ਨੂੰ ਦੇਣ ਯੋਗ ਜ਼ਰੂਰੀ ਸੇਵਾਵਾਂ 'ਚ ਵੱਡੀ ਰੁਕਾਵਟ ਪੈਂਦੀ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਭਾਰਤ ਦੀ ਚੋਣ ਕਮਿਸ਼ਨ ਨੇ ਇਸ ਮਾਮਲੇ 'ਚ ਲਗਭਗ ਚੁੱਪੀ ਕਿਉਂ ਵੱਟੀ ਹੋਈ ਹੈ? ਚੋਣ ਕਮਿਸ਼ਨ ਨੇ ਸਿਆਸੀ ਪਾਰਟੀਆਂ ਨੂੰ ਆਪਣੇ ਚੋਣ ਮਨੋਰਥ ਪੱਤਰ ਵਿੱਚ ਇੱਕੋ ਸਵਾਲ ਉਠਾਇਆ ਕਿ ਉਹ ਇਹ ਘੋਸ਼ਣਾਵਾਂ ਨੂੰ ਪੂਰੇ ਕਰਨ ਲਈ ਜੁਗਾੜ ਕਿਵੇਂ ਕਰਨਗੇ? ਪਰ ਇਸਨੂੰ ਰੋਕਣ ਲਈ ਕੋਈ ਕਦਮ ਨਹੀਂ ਪੁੱਟੇ ਜਾ ਰਹੇ। ਹਾਲਾਂਕਿ ਰਿਜ਼ਰਵ ਬੈਂਕ ਆਫ਼ ਇੰਡੀਆ ਸਰਕਾਰ ਨੂੰ ਜਿਤਾ ਰਹੀ ਹੈ ਕਿ ਲੋੜੋਂ ਵੱਧ ਮੁਫ਼ਤ ਯੋਜਨਾਵਾਂ 'ਤੇ ਹੋਣ ਵਾਲੇ ਖ਼ਰਚੇ ਨਾਲ ਸਰਕਾਰੀ ਖਜ਼ਾਨੇ 'ਤੇ ਪੈਣ ਵਾਲਾ ਬੋਝ ਚੁੱਕਿਆ ਨਹੀਂ ਜਾਏਗਾ, ਜਿਸ ਨਾਲ ਖਜ਼ਾਨਾ ਘਟੇਗਾ ਅਤੇ ਕਰਜ਼ਾ ਹੋਰ ਵਧੇਗਾ। ਇਸ ਦੀ ਕੀਮਤ ਆਮਦਨ ਟੈਕਸ ਦੇਣ ਵਾਲੇ ਜਾਂ ਹੋਰ ਟੈਕਸ ਵਾਲਿਆਂ ਨੂੰ ਚੁਕਾਉਣੀ ਪਵੇਗੀ।

ਲੋੜ ਹੈ ਵੋਟਾਂ ਖ਼ਾਤਰ ਜਾਰੀ ਮੁਫ਼ਤ ਸੁਵਿਧਾਵਾਂ ਰੋਕੀਆਂ ਜਾਣ। ਚੋਣ ਮਨੋਰਥ ਪੱਤਰਾਂ ਪ੍ਰਤੀ ਸਿਆਸੀ ਪਾਰਟੀਆਂ ਦੀ ਜਵਾਬਦੇਹੀ ਵਧਾਈ ਜਾਵੇ। ਨਹੀਂ ਤਾਂ ਮੁਫ਼ਤ ਸੁਵਿਧਾਵਾਂ ਦੇਸ਼ ਦੇ ਅਰਥਚਾਰੇ ਨੂੰ ਤਬਾਹ ਕਰ ਦੇਣਗੀਆਂ ਅਤੇ ਇਸਦੀ ਸਿੱਧੀ ਜ਼ਿੰਮੇਵਾਰੀ ਸਿੱਧੀ ਸਿਆਸਤਦਾਨਾਂ ਅਤੇ ਹਾਕਮਾਂ ਦੀ ਹੋਵੇਗੀ।

ਚੋਣਾਂ ਦੇ ਮਨੋਰਥ ਪੱਤਰਾਂ ਸੰਬੰਧੀ ਮੁਫ਼ਤ ਸੁਵਿਧਾਵਾਂ ਨੂੰ ਮਦਰਾਸ ਹਾਈ ਕੋਰਟ ਵਿੱਚ ਪ੍ਰਸਿੱਧ ਵਕੀਲ ਸੁਬਰਾਮਨੀਅਮ ਬਾਲਾ ਜੀ ਨੇ ਚੋਣ ਅਪਰਾਧ ਕਿਹਾ ਅਤੇ ਨਾਲ ਹੀ ਕਿਹਾ ਕਿ ਇਹ ਸੰਵਿਧਾਨਿਕ ਪ੍ਰਵਾਧਾਨ ਦੇ ਵਿਰੁੱਧ ਹੈ ਅਤੇ ਇਹ ਵੀ ਕਿਹਾ ਕਿ ਜਨ ਪ੍ਰਤੀਨਿਧ ਐਕਟ ਦੀ ਧਾਰਾ 123 ਦੇ ਤਹਿਤ ਚੋਣਾਂਵੀ ਰਿਸ਼ਵਤ ਹੈ।

***

## ਕੀ ਅੰਕੜਿਆਂ ਤੱਕ ਸੀਮਿਤ ਹੋ ਗਈ

ਕਰੋਨਾ ਮਹਾਮਾਰੀ ਦੌਰਾਨ ਇਹ ਚੁਣੌਤੀਆਂ ਵਿਕਰਾਲ ਰੂਪ ਧਾਰ ਗਈਆਂ। ਮੁੱਢਲੀ ਸਿੱਖਿਆ ਦੀਆਂ ਉਪਰੋਕਤ ਕਮਜ਼ੋਰੀਆਂ ਉਚੇਰੀ ਸਿੱਖਿਆ ਦੇ ਖੇਤਰ ਲਈ ਮਾਰੂ ਸਾਬਿਤ ਹੋਈਆਂ ਹਨ।

100% ਸਾਖਰਤਾ ਦਰ ਦੇ ਟੀਚੇ ਦੀ ਪੂਰਤੀ ਹਿੱਤ ਅਤੇ ਅੰਕੜਿਆਂ ਦੀ ਦੌੜ ਵਿੱਚ ਰਾਜਾਂ ਦੀ ਆਪਸੀ ਮੁਕਾਬਲੇਬਾਜ਼ੀ ਕਾਰਨ ਸਕੂਲੀ ਸਿੱਖਿਆ ਦੇ 100% ਨਤੀਜੇ ਦੇਣ ਲਈ ਸਿੱਧੇ-ਅਸਿੱਧੇ ਰੂਪ ਵਿੱਚ ਵਿਦਿਅਕ ਸੰਸਥਾਵਾਂ ਉੱਪਰ ਲਗਾਤਾਰ ਦਬਾਅ ਹੈ। ਇਸ ਦਬਾਅ ਨੇ ਇਨ੍ਹਾਂ ਸੰਸਥਾਵਾਂ ਵਿੱਚ 100% ਨਤੀਜੇ ਪ੍ਰਾਪਤੀ ਲਈ ਪ੍ਰੀਖਿਆਵਾਂ ਦੌਰਾਨ ਅਨੈਤਿਕ ਢੰਗ-ਤਰੀਕਿਆਂ ਦਾ ਬੋਲਬਾਲਾ ਕੀਤਾ ਅਤੇ ਅਕਾਦਮਿਕ ਬੌਧਿਕਤਾ ਨੂੰ ਨਿਵਾਣ ਵੱਲ ਤੋਰਿਆ।

ਸਿੱਖਿਆ ਦੇ ਖੇਤਰ ਵਿੱਚ ਅੰਕੜਿਆਂ ਦੀ ਇਹ ਦੌੜ ਸਮਾਜ ਦੇ ਆਰਥਿਕ ਅਤੇ ਮਾਨਸਿਕ ਪੱਖੋਂ ਕਮਜ਼ੋਰ ਵਰਗਾਂ ਲਈ ਮਾਰੂ ਸਾਬਿਤ ਹੋਈ ਹੈ। ਚੰਗੀਆਂ ਸਿੱਖਿਆ ਸੰਸਥਾਵਾਂ ਦਾ ਪਹੁੰਚ ਤੋਂ ਬਾਹਰ ਹੋਣਾ ਅਤੇ ਜਾਗਰੂਕਤਾ ਦੀ ਘਾਟ ਕਾਰਨ ਸਮਾਜ ਦੇ ਇਨ੍ਹਾਂ ਵਰਗਾਂ ਦੇ ਜ਼ਿਆਦਾਤਰ ਵਿਦਿਆਰਥੀ 'ਪੜ੍ਹੇ-ਲਿਖੇ ਅਨਪੜ੍ਹ' ਸਾਬਿਤ ਹੋ ਰਹੇ ਹਨ। ਮੁੱਢਲੀ ਸਿੱਖਿਆ ਦੀਆਂ ਕਮਜ਼ੋਰ ਨੀਹਾਂ, ਆਤਮ-ਵਿਸ਼ਵਾਸ ਦੀ ਘਾਟ ਅਤੇ ਮਿਆਰੀ ਸਿੱਖਿਆ ਦੀ ਅਣਹੋਂਦ ਕਾਰਨ ਇਹ ਵਿਦਿਆਰਥੀ ਆਪਣੀ ਯੋਗਤਾ ਅਤੇ ਕਾਰਗੁਜ਼ਾਰੀ ਨੂੰ ਸਿੱਧ ਕਰਨ ਵਿੱਚ ਅਸਫਲ ਰਹਿੰਦੇ ਹਨ। ਇਨ੍ਹਾਂ ਵਿਦਿਆਰਥੀਆਂ ਦੀ ਗਿਣਤੀ ਨਾਲ ਸਰਕਾਰੀ ਅੰਕੜਿਆਂ ਦੇ ਢਿੱਡ ਭਰੇ ਜਾ ਸਕਦੇ ਹਨ, ਸਾਖਰਤਾ ਦੇ ਉੱਚੇ ਅਨੁਪਾਤ ਦੇ ਦਮਗਜ਼ੇ ਮਾਰੇ ਜਾ ਸਕਦੇ ਹਨ, ਪਰ ਇਸ ਨਾਲ ਸਮਾਜ ਵਿੱਚ ਬੌਧਿਕਤਾ ਪੱਖੋਂ ਬਿਮਾਰ ਨੌਜਵਾਨਾਂ ਦੇ ਟੋਲੇ ਵੱਡੇ ਹੋ ਰਹੇ ਹਨ।

ਇਸ ਵਰਤਾਰੇ ਵਿੱਚ ਸੱਤਾਧਾਰੀ ਸਿਆਸੀ ਧਿਰਾਂ ਦੇ ਦੋਨੋਂ ਹੱਥੀਂ ਲੱਡੂ ਹਨ। ਇਹ ਧਿਰਾਂ ਇੱਕ ਪਾਸੇ ਤਾਂ ਸਾਖਰਤਾ ਦੇ ਉੱਚੇ ਅੰਕੜੇ ਦਿਖਾ ਕੇ ਵਿਕਾਸ ਦੇ ਨਾਅਰੇ ਬੁਲੰਦ ਕਰ ਰਹੀਆਂ ਹਨ; ਦੂਜੇ ਪਾਸੇ ਬੌਧਿਕ ਪੱਖ ਤੋਂ ਕਮਜ਼ੋਰ ਅਤੇ ਆਤਮ-ਵਿਸ਼ਵਾਸ ਦੀ ਘਾਟ ਵਾਲਾ ਅਜਿਹਾ ਪੜ੍ਹਿਆ-ਲਿਖਿਆ ਵਰਗ ਪੈਦਾ ਕਰ ਰਹੀਆਂ ਹਨ ਜੋ ਨਾ ਤਾਂ ਇਨ੍ਹਾਂ ਪਾਸੋਂ ਨੌਕਰੀਆਂ ਮੰਗ ਰਹੇ ਹਨ ਅਤੇ ਨਾ ਹੀ ਸੰਘਰਸ਼ੀ ਪਿੜਾਂ ਵਿੱਚ ਨਿੱਤਰਨ ਦਾ ਹੀਆ ਕਰ ਰਹੇ ਹਨ। ਨਤੀਜੇ ਵਜੋਂ ਸਾਖਰਤਾ ਦੇ ਅੰਕੜਿਆਂ ਦੀ ਘੁੜ-ਦੌੜ ਸਮਾਜ ਦੇ ਹਾਸ਼ੀਆਗ੍ਰਸਤ ਲੋਕਾਂ ਦੀ ਹੋਣੀ ਮਿੱਟੀ ਵਿੱਚ ਰੋਲ ਰਹੀ ਹੈ।

***

## ਜਮਹੂਰੀਅਤ ਲਈ ਖਤਰਨਾਕ

ਇਰਫਾਨ ਇੰਜੀਨੀਅਰ ਅਤੇ ਨੇਹਾ ਦਭਾੜੇ ਦੀ ਕਿਤਾਬ 'ਦਿ ਵੈਪਨਾਈਜ਼ੇਸ਼ਨ ਆਫ਼ ਹਿੰਦੂ ਫੈਸਟੀਵਲਜ਼' ਵਿੱਚ ਜ਼ਮੀਨੀ ਪੱਧਰ ਦੀ ਜਾਂਚ ਤੋਂ ਪਤਾ ਚਲਦਾ ਹੈ ਕਿ ਰਾਮ ਨੌਮੀ ਦੇ ਜਲੂਸਾਂ ਨੂੰ ਖਾਸ ਕਰਕੇ ਮਸਜਿਦਾਂ ਅਤੇ ਮੁਸਲਿਮ ਬਹੁਗਿਣਤੀ ਵਾਲੇ ਖੇਤਰਾਂ ਦੇ ਆਲੇ-ਦੁਆਲੇ ਗੜਬੜ ਪੈਦਾ ਕਰਨ ਲਈ ਵਰਤਿਆ ਜਾ ਰਿਹਾ ਹੈ। ਇਸ ਦੇ ਉਲਟ ਮੁਸਲਿਮ ਤਿਉਹਾਰਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਮਿਲਾਦ-ਉਨ-ਨਬੀ ਮੌਕੇ 'ਆਈ ਲਵ ਮੁਹੰਮਦ' ਨਾਅਰੇ ਇਸ ਦੀ ਸਪੱਸ਼ਟ ਉਦਾਹਰਨ ਹਨ।

ਹਾਲ ਹੀ ਵਿੱਚ ਮੁਸਲਿਮ ਤਿਉਹਾਰਾਂ ਪ੍ਰਤੀ ਹੋਈਆਂ ਅਜਿਹੀਆਂ ਨਫ਼ਰਤ ਭਰੀਆਂ ਪ੍ਰਤੀਕਿਰਿਆਵਾਂ- ਦਿਲਾਂ ਨੂੰ ਵੰਡਣ, ਭਾਈਚਾਰਿਆਂ ਦਾ ਧਰੁਵੀਕਰਨ ਕਰਨ ਅਤੇ ਭਾਰਤੀ ਸੰਵਿਧਾਨ ਦੇ ਇਕ ਅਨਿੱਖੜਵੇਂ ਅੰਗ ਸਾਡੀਆਂ ਭਾਈਚਾਰਕ ਕਦਰਾਂ-ਕੀਮਤਾਂ ਨੂੰ ਕਮਜ਼ੋਰ ਕਰਨ ਦਾ ਕੰਮ ਕਰਦੀਆਂ ਹਨ। ਇਸ ਤੋਂ ਇਲਾਵਾ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਦੁਆਰਾ ਦਿੱਤੇ ਜਾ ਰਹੇ ਬਿਆਨ ਸੰਵਿਧਾਨਕ ਨੈਤਿਕਤਾ ਦੇ ਪੂਰੀ ਤਰ੍ਹਾਂ ਉਲਟ ਹਨ।

ਅਜਿਹੀ ਸਥਿਤੀ ਵਿੱਚ ਮੁਸਲਿਮ ਭਾਈਚਾਰੇ ਨੂੰ ਵਧੇਰੇ ਯਥਾਰਥਵਾਦੀ ਹੋਣਾ ਚਾਹੀਦਾ ਹੈ ਅਤੇ ਕੱਟੜ ਹਿੰਦੂਵਾਦੀ ਫਿਰਕੂ ਤੱਤਾਂ ਨੂੰ ਉਨ੍ਹਾਂ 'ਤੇ ਹਮਲਾ ਕਰਨ ਜਾਂ ਉਨ੍ਹਾਂ ਨੂੰ ਹੋਰ ਬਦਨਾਮ ਕਰਨ ਦਾ ਕੋਈ ਬਹਾਨਾ ਨਹੀਂ ਦੇਣਾ ਚਾਹੀਦਾ।

***

## ਬਾਬਾ ਸਾਹਿਬ ਅੰਬੇਡਕਰ ਦਾ ਮਹਾਤਮਾ ਗਾਂਧੀ

ਕੀ ਸਮਾਂ ਨਹੀਂ ਆਇਆ ਜਾਗਣ ਦਾ?

ਡਾ. ਭੀਮਰਾਓ ਅੰਬੇਡਕਰ ਨੇ ਰਿਜ਼ਰਵੇਸ਼ਨ ਦੀ ਵਕਾਲਤ ਕੀਤੀ, ਤਾਂ ਜੋ ਇਨ੍ਹਾਂ ਦਬੇ ਕੁਚਲੇ ਲੋਕਾਂ ਨੂੰ ਨਾ ਸਿਰਫ਼ ਆਰਥਿਕ ਅਤੇ ਸਿੱਖਿਅਕ ਮੌਕੇ ਮਿਲਣ, ਸਗੋਂ ਸਮਾਜਿਕ ਸਤਿਕਾਰ ਅਤੇ ਰਾਜਨੀਤਿਕ ਸ਼ਕਤੀ ਵੀ ਪ੍ਰਾਪਤ ਹੋਵੇ। ਅਰਾਕਸ਼ਣ ਦਾ ਮਕਸਦ ਸੀ ਇਨ੍ਹਾਂ ਲੋਕਾਂ ਨੂੰ ਉਸ ਸਮਾਜਿਕ ਅਤੇ ਪੇਸ਼ੇਵਰ ਬੰਜਰਪਣ ਤੋਂ ਬਾਹਰ ਕੱਢਣਾ ਸੀ, ਜਿਸ ਨੇ ਉਨ੍ਹਾਂ ਨੂੰ ਸਦੀਆਂ ਤੱਕ ਗੁਲਾਮੀ ਦੀ ਜ਼ਿੰਦਗੀ ਜਿਉਣ ਲਈ ਮਜਬੂਰ ਕੀਤਾ। ਇਹ ਸਿਰਫ਼ ਜਾਤੀ ਦਾ ਮਸਲਾ ਨਹੀਂ ਸੀ, ਸਗੋਂ ਸਮਾਜਿਕ ਨਿਆਂ ਅਤੇ ਸਮਾਨਤਾ ਦੀ ਲੜਾਈ ਸੀ, ਜੋ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਅਤੇ ਉਨ੍ਹਾਂ ਦੀ ਮਾਨਵੀ ਮਰਿਆਦਾ ਨੂੰ ਬਹਾਲ ਕਰਨ ਦਾ ਇੱਕ ਯਤਨ ਸੀ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਹੰਸ ਰਾਜ ਹੰਸ

ਪਰ ਲੋਕਾਂ ਦਾ ਸਿਆਸਤਦਾਨਾਂ 'ਤੇ ਘਟਦਾ ਭਰੋਸਾ ਅਤੇ ਪਾਰਟੀ-ਬਦਲੀ ਨੇ ਉਨ੍ਹਾਂ ਦੀ ਸਿਆਸੀ ਸਾਖ ਨੂੰ ਕਮਜ਼ੋਰ ਕੀਤਾ। ਉਹ ਮੰਨਦੇ ਹਨ ਕਿ ਸਿਆਸਤ ਵਿੱਚ ਝੂਠੇ ਵਾਅਦੇ ਅਤੇ ਟੌਹਰ-ਟੱਪਿਆਂ ਦੀ ਲੋੜ ਹੁੰਦੀ ਹੈ, ਜੋ ਉਨ੍ਹਾਂ ਦੀ ਸ਼ਖ਼ਸੀਅਤ ਦੇ ਵਿਰੁੱਧ ਹੈ।

**ਸਖਸ਼ੀਅਤ ਉਸਾਰੀ ਵਿੱਚ ਪਰਿਵਾਰ ਦਾ ਯੋਗਦਾਨ**

ਹੰਸ ਰਾਜ ਹੰਸ ਦੀ ਜ਼ਿੰਦਗੀ ਵਿੱਚ ਉਨ੍ਹਾਂ ਦੀ ਮਾਂ ਅਜੀਤ ਕੌਰ ਅਤੇ ਪਤਨੀ ਰੇਸ਼ਮ ਕੌਰ ਦਾ ਵਿਸ਼ੇਸ਼ ਸਥਾਨ ਰਿਹਾ। 2019 ਵਿੱਚ ਮਾਂ ਦੀ ਮੌਤ ਅਤੇ 2025 ਵਿੱਚ ਪਤਨੀ ਦੇ ਦੇਹਾਂਤ ਨੇ ਉਨ੍ਹਾਂ ਨੂੰ ਭਾਵੁਕ ਕਰ ਦਿੱਤਾ। ਉਹ ਦੱਸਦੇ ਹਨ, 'ਮਾਂ ਨੇ ਮੇਰਾ ਹਰ ਦੌਰ ਦੇਖਿਆ – ਗਰੀਬੀ, ਸੰਘਰਸ਼, ਸਫ਼ਲਤਾ, ਅਤੇ ਸਿਆਸਤ ਵਿੱਚ ਹਾਰ-ਜਿੱਤ।' ਪਤਨੀ ਰੇਸ਼ਮ ਕੌਰ ਨੇ ਵੀ ਉਨ੍ਹਾਂ ਦੇ ਸੰਘਰਸ਼ ਦੇ ਦਿਨਾਂ ਵਿੱਚ ਪੂਰਾ ਸਾਥ ਦਿੱਤਾ। ਇੱਕ ਕਿੱਸੇ ਵਿੱਚ ਉਹ ਦੱਸਦੇ ਹਨ, 'ਮੇਰੀ ਪਤਨੀ ਚੰਗੇ ਪਰਿਵਾਰ ਵਿੱਚੋਂ ਸੀ, ਪਰ ਤੰਗੀ ਵਿੱਚ ਵੀ ਉਸ ਨੇ ਸਿਦਕ ਨਾਲ ਮੇਰਾ ਸਾਥ ਦਿੱਤਾ। ਮੈਂ ਵਾਅਦਾ ਕੀਤਾ ਸੀ ਕਿ ਇੱਕ ਦਿਨ ਹੀਰਿਆਂ ਨਾਲ ਲੱਦ ਦਿਆਂਗਾ, ਅਤੇ ਸੁਪਨੇ ਸੱਚ ਹੋਏ।'

ਉਨ੍ਹਾਂ ਦੇ ਦੋ ਬੇਟੇ, ਨਵਰਾਜ ਹੰਸ ਅਤੇ ਯੁਵਰਾਜ ਹੰਸ, ਸੰਗੀਤ ਅਤੇ ਫ਼ਿਲਮੀ ਖੇਤਰ ਵਿੱਚ ਕੰਮ ਕਰ ਰਹੇ ਹਨ। ਨਵਰਾਜ ਦੀ ਪਤਨੀ ਅਜੀਤ ਕੌਰ ਮਸ਼ਹੂਰ ਗਾਇਕ ਦਲੇਰ ਮਹਿੰਦੀ ਦੀ ਧੀ ਹੈ, ਜਦਕਿ ਯੁਵਰਾਜ ਦੀ ਪਤਨੀ ਮਾਨਸੀ ਸ਼ਰਮਾ ਅਦਾਕਾਰ ਹੈ। ਹੰਸ ਦਾ ਪੋਤਾ ਹਰਿਦਾਨ, ਮਹਿਜ਼ ਪੰਜ ਸਾਲ ਦੀ ਉਮਰ ਵਿੱਚ, ਮੂਲ ਮੰਤਰ ਨਾਲ ਸੰਗੀਤਕ ਸਫ਼ਰ ਸ਼ੁਰੂ ਕਰ ਚੁੱਕਾ ਹੈ।

**ਸਿਆਸਤ ਵਿੱਚ ਕੀ ਰਹਿਣਗੇ ਹੰਸ ?**

ਹੰਸ ਰਾਜ ਹੰਸ ਦੀ ਸਿਆਸੀ ਯਾਤਰਾ ਨਿਰਾਸ਼ਾਜਨਕ ਰਹੀ ਹੈ ਅਤੇ ਉਨ੍ਹਾਂ ਦੇ ਬਿਆਨ ਸੰਕੇਤ ਦਿੰਦੇ ਹਨ ਕਿ ਸਿਆਸਤ ਪ੍ਰਤੀ ਉਨ੍ਹਾਂ ਦੀ ਉਤਸੁਕਤਾ ਘਟ ਰਹੀ ਹੈ। ਉਹ ਕਹਿੰਦੇ ਹਨ, 'ਸਿਆਸਤ ਵਿੱਚ ਮੇਰੇ ਜਿਹਾ ਬੰਦਾ ਕੁਝ ਨਹੀਂ ਖੱਟ ਸਕਦਾ।' ਉਨ੍ਹਾਂ ਦੀ ਸਾਦਗੀ ਅਤੇ ਸੂਫ਼ੀਵਾਦ ਦੀ ਸੋਚ ਸਿਆਸਤ ਦੀਆਂ ਗੁੰਝਲਦਾਰ ਚਾਲਾਂ ਨਾਲ ਮੇਲ ਨਹੀਂ ਖਾਂਦੀ। ਉਹ ਮੰਨਦੇ ਹਨ ਕਿ ਸਿਆਸਤ ਵਿੱਚ ਆਉਣ ਨਾਲ ਉਨ੍ਹਾਂ ਦੀ ਪ੍ਰਸਿੱਧੀ ਨੂੰ ਠੇਸ ਪਹੁੰਚੀ, ਕਿਉਂਕਿ ਲੋਕਾਂ ਨੇ ਉਨ੍ਹਾਂ ਨੂੰ ਸਿਆਸੀ ਰੰਗ ਵਿੱਚ ਵੇਖਣਾ ਸ਼ੁਰੂ ਕਰ ਦਿੱਤਾ।

ਹਾਲਾਂਕਿ, ਉਹ ਪੰਜਾਬੀਅਤ ਅਤੇ ਸਮਾਜਕ ਮੁੱਦਿਆਂ ਨੂੰ ਉਠਾਉਣ ਲਈ ਸਿਆਸਤ ਵਿੱਚ ਸੀਮਤ ਰੂਪ ਵਿੱਚ ਸਰਗਰਮ ਰਹਿ ਸਕਦੇ ਹਨ। ਉਨ੍ਹਾਂ ਦਾ ਤਕਦੀਰ 'ਤੇ ਯਕੀਨ ਅਤੇ ਸੰਤੁਸ਼ਟੀ ਦੀ ਭਾਵਨਾ ਸੰਕੇਤ ਦਿੰਦੀ ਹੈ ਕਿ ਉਹ ਸੰਗੀਤ ਅਤੇ ਸੂਫ਼ੀਵਾਦ ਵੱਲ ਵਧੇਰੇ ਧਿਆਨ ਦੇ ਸਕਦੇ ਹਨ।

ਹੰਸ ਰਾਜ ਹੰਸ ਅੱਜ ਸੰਗੀਤ ਜਗਤ ਵਿੱਚ ਇੱਕ ਅਮਰ ਨਾਮ ਹਨ। ਉਹ ਕਹਿੰਦੇ ਹਨ, 'ਦੁਨੀਆਵੀ ਤੌਰ 'ਤੇ ਮੇਰੀ ਕੋਈ ਖਾਹਿਸ਼ ਨਹੀਂ। ਮੈਨੂੰ ਦੌਲਤ, ਸ਼ੋਹਰਤ, ਅਤੇ ਚੰਗਾ ਪਰਿਵਾਰ ਸਭ ਮਿਲਿਆ। ਸਿਰਫ਼ ਇਹੀ ਚਾਹੁੰਦਾ ਹਾਂ ਕਿ ਜਦੋਂ ਰੱਬ ਅੱਗੇ ਪੇਸ਼ੀ ਹੋਵੇ, ਤਾਂ ਸ਼ਰਮਿੰਦਗੀ ਨਾ ਹੋਵੇ।'

ਹੰਸ ਰਾਜ ਹੰਸ ਦੀ ਕਹਾਣੀ ਸੰਘਰਸ਼, ਸੁਪਨਿਆਂ, ਅਤੇ ਸੂਫ਼ੀਆਨਾ ਜਜ਼ਬੇ ਦੀ ਜੀਵੰਤ ਮਿਸਾਲ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹੇਗੀ।

***

## ਦੀਵਾਲੀ ਦਾ ਬਹੁਪੱਖੀ ਮਹੱਤਵ

ਕੁਝ ਲੋਕ ਦੀਵਾਲੀ ਦੇ ਅਵਸਰ 'ਤੇ ਲਛਮੀ ਦੀ ਪੂਜਾ ਕਰਦੇ ਹਨ। ਇਹ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਲਛਮੀ ਦੀ ਪੂਜਾ ਨਾ ਕੀਤੇ ਜਾਣ ਦੀ ਸੂਰਤ ਵਿਚ ਉਹ ਨਾਰਾਜ਼ ਹੋ ਜਾਵੇਗੀ। ਗੱਲ ਵਿਸ਼ਵਾਸ ਦੀ ਹੈ। ਕਈ ਪ੍ਰਸ਼ਨ ਵੀ ਉੱਠਦੇ ਹਨ। ਅਜਿਹੇ ਵਿੱਚ ਦੌਲਤ ਦੇ ਖ਼ਜ਼ਾਨੇ ਕਿਵੇਂ ਭਰਨਗੇ ? ਕੀ ਫਿਰ ਲਛਮੀ ਪੂਜਾ ਸਵਾਰਥ ਹਿਤ ਨਹੀਂ ਕੀਤੀ ਜਾ ਰਹੀ ਹੁੰਦੀ ? ਜੇ ਸਵਾਲ ਖ਼ਜ਼ਾਨੇ ਭਰਪੂਰ ਕਰਨ ਤੇ ਪੈਸੇ ਨਾਲ ਮਾਲਾ ਮਾਲ ਹੋਣ ਦਾ ਹੈ ਤਾਂ ਸਪਸ਼ਟ ਹੈ ਕਿ ਇਸ ਪਿੱਛੇ ਵੀ ਮਨੁੱਖ ਦੀ ਖ਼ੁਦਗਰਜ਼ੀ ਕੰਮ ਕਰ ਰਹੀ ਹੁੰਦੀ ਹੈ। ਜੇ ਦੀਵਾਲੀ ਵਾਲੇ ਦਿਨ ਜਾਂ ਰਾਤ ਸਮੇਂ ਧੰਨ ਦੌਲਤ ਦੀ ਪੂਜਾ ਹੀ ਕਰਨੀ ਹੈ, ਲੋਕਾਂ ਦੀ ਲੁੱਟ ਕਰਨੀ ਹੈ, ਸ਼ਰਾਬ ਜਾਂ ਹੋਰ ਨਸ਼ੇ ਪੀਣੇ ਖਾਣੇ ਹਨ, ਜੂਆ ਖੇਡਣਾ ਹੈ, ਲੱਚਰ ਗੀਤ ਵੇਖਣੇ/ਸੁਣਨੇ ਹਨ, ਉਨ੍ਹਾਂ ਦੀਆਂ ਧੁਨੀਆਂ/ਬੋਲਾਂ 'ਤੇ ਬੇਹੂਦਾ ਕਿਸਮ ਦੇ ਨਾਚ ਨੱਚਣੇ ਹਨ ਤਾਂ ਲੱਛਮੀ ਜਾਂ ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਨ ਦਾ ਕੀ ਲਾਭ ? ਕੀ ਇਸੇ ਲਈ ਹੀ ਅਸੀਂ ਹਰੇਕ ਸਾਲ ਦੀਵਾਲੀ ਦੀ ਬੇਸਬਰੀ ਨਾਲ ਉਡੀਕ ਕਰਦੇ ਹਾਂ ?

ਸਾਡਾ ਧਾਰਮਿਕ ਵਿਰਸਾ ਬਹੁਤ ਮਹਾਨ ਹੈ। ਦੀਵਾਲੀ ਵਾਲੇ ਦਿਨ ਸਾਨੂੰ ਆਪਣੇ ਗੁਰੂਆਂ, ਭਗਤਾਂ, ਸੰਤਾਂ, ਪੈਗੰਬਰਾਂ ਦੀਆਂ ਵਡਮੁੱਲੀਆਂ ਤੇ ਮਹਾਨ ਸਿੱਖਿਆਵਾਂ ਨੂੰ ਅਮਲ ਵਿੱਚ ਲਿਆਉਣ ਦਾ ਸੰਕਲਪ ਕਰਨਾ ਚਾਹੀਦਾ ਹੈ। ਪਹਿਲਾਂ ਕੀਤੇ ਹੋਏ ਸੰਕਲਪ ਨੂੰ ਦ੍ਰਿੜ੍ਹ ਕੀਤਾ ਜਾਣਾ ਚਾਹੀਦਾ ਹੈ। ਸਬਰ, ਸੰਤੋਖ, ਧੀਰਜ ਤੇ ਸੰਜਮ ਵਿਚ ਰਹਿ ਕੇ ਤਿਉਹਾਰ ਮਨਾਉਣ ਤੇ ਜੀਵਨ ਬਤੀਤ ਕਰਨ ਦਾ ਆਨੰਦ ਉਠਾਉਣਾ ਚਾਹੀਦਾ ਹੈ।

ਕੋਰੋਨਾ ਦੀ ਵਿਸ਼ਵ ਵਿਆਪੀ ਮਹਾਂਮਾਰੀ ਦੀ ਕਰੋਪੀ ਦੇ ਸਮੇਂ ਦੌਰਾਨ ਮਨੁੱਖ ਦੀਆਂ ਵਿਅਕਤੀਗਤ, ਸਮਾਜਿਕ ਤੇ ਸਮੂਹਿਕ ਜ਼ਿੰਮੇਵਾਰੀਆਂ ਵਧ ਗਈਆਂ ਸਨ। ਪਿਛਲੇ ਸਾਲਾਂ ਦੌਰਾਨ ਕੁਝ ਮੌਕਿਆਂ 'ਤੇ ਕਿਸਾਨ ਸਰਕਾਰਾਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਸੜਕਾਂ 'ਤੇ ਬੈਠਦਾ ਰਿਹਾ ਹੈ। ਇਸ ਸਾਲ ਪਿਛਲੇ ਮਹੀਨਿਆਂ ਦੌਰਾਨ ਪੰਜਾਬ ਸਮੇਤ ਦੇਸ਼ ਦੇ ਕੁਝ ਰਾਜ ਹੜ੍ਹਾਂ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ ਤੇ ਅਣਕਿਆਸਿਆ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਇਸ ਵਾਰ ਹੜ੍ਹਾਂ ਤੋਂ ਪੀੜਤ ਲੋਕਾਂ ਪ੍ਰਤੀ ਸੰਵੇਦਨਾ ਤੇ ਹਮਦਰਦੀ ਪ੍ਰਗਟ ਕਰਨ ਲਈ ਦੀਵਾਲੀ ਬਹੁਤ ਸੰਜਮ ਨਾਲ ਮਨਾਈ ਜਾਣੀ ਚਾਹੀਦੀ ਹੈ। ਦੀਵਾਲੀ ਦੇ ਅਵਸਰ 'ਤੇ ਹਾਦਸਿਆਂ ਤੋਂ ਅਤੇ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਅਣਗਹਿਲੀ ਵੀ ਨਹੀਂ ਵਰਤਣੀ ਚਾਹੀਦੀ। ਸਗੋਂ ਵਧੇਰੇ ਸਾਵਧਾਨੀ ਤੋਂ ਕੰਮ ਲੈਣਾ ਚਾਹੀਦਾ ਹੈ। ਅਜਿਹੀਆਂ ਸਥਿਤੀਆਂ ਵਿੱਚ ਸਵੈ ਜ਼ਾਬਤਾ ਬਣਾਈ ਰੱਖਣ ਦੀ ਵਧੇਰੇ ਲੋੜ ਹੈ।

ਇੱਕ ਹੋਰ ਪੱਖ ਇਹ ਕਿ ਰੁਜ਼ਗਾਰ ਦੇ ਮੌਕੇ ਘਟ ਰਹੇ ਹਨ। ਕਾਮਿਆਂ ਕੋਲੋਂ ਰੁਜ਼ਗਾਰ ਖੁਸ ਰਿਹਾ ਹੈ। ਬੇਰੁਜ਼ਗਾਰੀ ਤੇ ਮਹਿੰਗਾਈ ਵਧਦੀ ਜਾ ਰਹੀ ਹੈ। ਸਾਧਾਰਨ ਮਨੁੱਖ ਬੇਚੈਨ ਹੈ। ਕਿਸਾਨਾਂ, ਮਜਦੂਰਾਂ, ਘੱਟ ਤਨਖਾਹਾਂ 'ਤੇ ਕੰਮ ਕਰਦੇ ਤੇ ਕੱਚੇ ਮੁਲਾਜ਼ਮਾਂ ਦੇ ਭਵਿੱਖ ਦੀ ਅਨਿਸਚਿਤਤਾ, ਉਨ੍ਹਾਂ ਵੱਲੋਂ ਉਠਾਏ ਜਾ ਰਹੇ ਨੁਕਸਾਨ ਤੇ ਝੱਲੀਆਂ ਜਾ ਰਹੀਆਂ ਮੁਸੀਬਤਾਂ ਦਾ ਅਨੁਮਾਨ ਲਗਾਉਣਾ ਕਠਿਨ ਹੈ। ਇਸ ਸਮੇਂ ਤੇ ਇਨ੍ਹਾਂ ਹਾਲਤਾਂ ਵਿੱਚ ਤਿਉਹਾਰਾਂ ਦੇ ਮੌਕੇ 'ਤੇ ਬੇਹੱਦ ਸੰਜਮ ਵਰਤਣ ਦੀ ਲੋੜ ਹੈ। ਵਿਸ਼ੇਸ਼ ਕਰਕੇ ਦੀਵਾਲੀ ਦੇ ਤਿਉਹਾਰ 'ਤੇ ਮਨੁੱਖ ਨੂੰ ਸਵੈ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਦੀ ਲੋੜ ਹੋਵੇਗੀ। ਸਾਵਧਾਨੀਆਂ ਵਰਤ ਕੇ ਸੰਜਮਤਾ ਨਾਲ ਦੀਵਾਲੀ ਮਨਾਉਣ ਦੀ ਲੋੜ ਦੀ ਤੀਬਰਤਾ ਨੂੰ ਸਮਝਣਾ ਵੀ ਸਮੇਂ ਦੀ ਮੰਗ ਬਣ ਗਈ ਹੈ। ਇਨ੍ਹਾਂ ਕੁਝ ਗੱਲਾਂ 'ਤੇ ਗੌਰ ਕਰਕੇ ਅਸੀਂ ਦੀਵਾਲੀ ਦੇ ਮਹੱਤਵ ਨੂੰ ਬਿਹਤਰ ਸਮਝ ਸਕਦੇ ਹਾਂ ਤੇ ਦੀਵਾਲੀ ਨੂੰ ਯਾਦਗਾਰੀ ਤਿਉਹਾਰ ਬਣਾਉਣ ਵਿੱਚ ਆਪਣਾ ਬਨਦਾ ਹਿੱਸਾ ਪਾ ਸਕਦੇ ਹਾਂ।

***

## ਕੀ ਦੀਵਾਲੀ ਦਾ ਸਿੱਖ ਧਰਮ

ਜੇ ਇਕੱਠ ਹੀ ਨਹੀਂ ਤਾਂ ਟੈਕਸ ਦੇਣਾ ਸੰਗਤ ਦੇ ਪੈਸੇ ਦੀ ਕੁਵਰਤੋਂ ਹੈ। ਸੱਚਾਈ ਹੈ ਕਿ ਗੁਰੂ ਕੀ ਗੋਲਕ ਦੀ ਜੋ ਕੁਵਰਤੋਂ ਅੱਜ ਹੋ ਰਹੀ ਹੈ, ਉਸੇ ਦਾ ਨਤੀਜਾ ਹੈ ਕਿ ਪੰਥ ਪੂਰਨ ਤਬਾਹੀ ਵਾਲੀ ਹਾਲਤ ਵਿੱਚ ਪੁੱਜ ਚੁੱਕਾ ਹੈ, ਸਿੱਖੀ ਅਲੋਪ ਹੋ ਰਹੀ ਹੈ। ਚੰਗਾ ਹੁੰਦਾ, ਜੇਕਰ ਭਾਈ ਮਨੀ ਸਿੰਘ ਜੀ ਦੀ ਮਹਾਨ ਸ਼ਹਾਦਤ ਤੋਂ ਹੀ ਕੁੱਝ ਸਬਕ ਲੈ ਸਕਦੇ। ਖੈਰ! ਇਹ ਘਟਨਾ ਵੀ ਅਜਿਹੀ ਨਹੀਂ ਕਿ ਜਿਸ ਨਾਲ ਜੋੜ ਕੇ ਦਰਬਾਰ ਸਾਹਿਬ-ਅੰਮ੍ਰਿਤਸਰ ਵਿਖੇ ਪੰਥ ਹਰ ਸਾਲ ਦੀਵਾਲੀਆਂ ਮਨਾਏ ਤੇ ਦੀਪਮਾਲਾਵਾਂ, ਆਤਿਸ਼ਬਾਜ਼ੀਆਂ ਕਰੇ। ਯਕੀਨਣ ਦੀਵਾਲੀ ਵਜੋਂ ਇਹਨਾਂ ਦੀਪਮਾਲਾਵਾਂ, ਆਤਿਸ਼ਬਾਜ਼ੀਆਂ, ਮਠਿਆਈਆਂ ਆਦਿ ਨਾਲ ਸਿੱਖ ਧਰਮ ਦਾ ਉੱਕਾ ਸੰਬੰਧ ਨਹੀਂ।

***

## ਉਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ ਜਿੱਤਣ ਵਾਲਾ ਵਿਸ਼ਵ

ਉਸ ਨੇ ਏਸ਼ਿਆਈ ਖੇਡਾਂ 'ਚੋਂ ਵੀ ਮੈਡਲ ਜਿੱਤੇ ਤੇ ਹਾਕੀ ਦੇ ਟੂਰ ਲਾਉਂਦਿਆਂ ਸੈਂਕੜੇ ਗੋਲ ਕੀਤੇ। ਮੈਲਬੌਰਨ ਦੀਆਂ ਉਲੰਪਿਕ ਖੇਡਾਂ ਦਾ ਉਹ ਬੈੱਸਟ ਸਕੋਰਰ ਸੀ। ਰੋਮ-1960 ਦੀਆਂ ਉਲੰਪਿਕ ਖੇਡਾਂ ਲਈ ਬਲਬੀਰ ਸਿੰਘ ਸੀਨੀਅਰ ਨੂੰ ਟੀਮ ਵਿੱਚ ਖਿਡਾਉਣ ਦੀ ਥਾਂ ਟੀਮ ਦਾ ਚੋਣਕਾਰ ਬਣਾ ਲਿਆ ਗਿਆ ਸੀ। ਉਦੋਂ ਊਧਮ ਸਿੰਘ ਨੇ ਕਿਹਾ ਸੀ, ਜੇ ਗੋਲਡ ਮੈਡਲ ਜਿੱਤਣਾ ਤਾਂ ਬਲਬੀਰ ਨੂੰ ਟੀਮ ਵਿੱਚ ਪਾ ਲਓ, ਮੈਨੂੰ ਭਾਵੇਂ ਰਹਿਣ ਦਿਓ! ਪਰ ਉਸ ਦੀ ਗੱਲ ਨਾ ਮੰਨੀ ਗਈ ਤੇ ਰੋਮ ਵਿੱਚ ਭਾਰਤੀ ਟੀਮ ਪਾਕਿਸਤਾਨ ਦੀ ਟੀਮ ਹੱਥੋਂ ਹਾਰ ਗਈ। 1961 ਵਿੱਚ ਆਸਟਰੇਲੀਆ ਤੇ ਨਿਊਜ਼ੀਲੈਂਡ ਦੇ ਟੂਰ ਸਮੇਂ ਅਤੇ 1963 ਵਿੱਚ ਲਿਓਨ ਦੇ ਇੰਟਰਨੈਸ਼ਨਲ ਟੂਰਨਾਮੈਂਟ ਮੌਕੇ ਉਹ ਭਾਰਤੀ ਹਾਕੀ ਟੀਮ ਦਾ ਕਪਤਾਨ ਸੀ। 1967 ਦੇ ਪ੍ਰੀ ਉਲੰਪਿਕ ਟੂਰਨਾਮੈਂਟ, 1970 ਦੀਆਂ ਏਸ਼ਿਆਈ ਖੇਡਾਂ ਤੇ 1971 ਦੇ ਸਿੰਗਾਪੁਰ ਫੈਸਟੀਵਲ ਸਮੇਂ ਉਹ ਭਾਰਤੀ ਹਾਕੀ ਟੀਮਾਂ ਦਾ ਕੋਚ ਸੀ।

ਏਡੇ ਵੱਡੇ ਖਿਡਾਰੀ ਬਾਰੇ ਲਿਖਣ ਨੂੰ ਤਾਂ ਬਹੁਤ ਕੁਝ ਹੈ, ਪਰ ਕੁਦਰਤ ਨੇ ਜਿਸ ਪੱਖੋਂ ਉਹਦੇ ਨਾਲ ਜੱਗੋਂ ਤੇਰ੍ਹਵੀਂ ਕੀਤੀ ਉਸ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਵਿਦਾ ਹੋਣ ਤੋਂ ਪਹਿਲਾਂ ਮੈਂ ਉਸ ਨੂੰ ਪੁੱਛਿਆ ਸੀ, ਕੋਈ ਦੁੱਖ ਸੁੱਖ ਦੀ ਗੱਲ ਵੀ ਦੱਸੋ, ਇਹ ਤਾਂ ਹਰ ਇੱਕ 'ਤੇ ਬੀਤਦੀ ਹੈ। ਉਸ ਨੇ ਡੂੰਘਾ ਸਾਹ ਭਰ ਕੇ ਕਿਹਾ ਸੀ, ਪਹਿਲਾ ਵੱਡਾ ਦੁੱਖ ਮਾਂ ਦੀ ਮੌਤ ਦਾ ਹੋਇਆ ਸੀ। ਫੇਰ ਡੈਡ ਵੀ ਲੰਮੀ ਉਮਰ ਨਾ ਜਿਉਂ ਸਕੇ। ਮੇਰੇ ਤਿੰਨ ਪੁੱਤਰ ਹੋਏ ਤੇ ਇੱਕ ਧੀ। ਉਹ ਸਾਰੇ ਹੀ ਵਾਰੋ ਵਾਰੀ ਪਰਮਾਤਮਾ ਨੂੰ ਪਿਆਰੇ ਹੁੰਦੇ ਗਏ। ਬਥੇਰਾ ਇਲਾਜ ਕਰਾਇਆ, ਪਰ ਜੋ ਉਸ ਨੂੰ ਮਨਜ਼ੂਰ...। ਉਹਦੀਆਂ ਅੱਖਾਂ ਭਰ ਆਈਆਂ।

ਨੌਕਰੀ ਤੋਂ ਰਿਟਾਇਰ ਹੋਣ ਪਿੱਛੋਂ ਉਹ ਆਪਣੇ ਜੱਦੀ ਘਰ ਵਿੱਚ ਰਹਿਣ ਲੱਗ ਪਿਆ ਸੀ ਤੇ ਹਾਕੀ ਅਕੈਡਮੀ ਬਣਾ ਕੇ ਛੋਟੇ ਬੱਚਿਆਂ ਨੂੰ ਹਾਕੀ ਖੇਡਣੀ ਸਿਖਾਇਆ ਕਰਦਾ ਸੀ। ਸੰਸਾਰਪੁਰ ਦੇ ਉਦੋਂ ਤੱਕ 14 ਉਲੰਪੀਅਨ ਬਣ ਚੁੱਕੇ ਸਨ ਜੋ ਸਾਰੇ ਹੀ ਕੁਲਾਰ ਗੋਤੀ ਸਨ। ਗੁਰਮੀਤ ਸਿੰਘ, ਊਧਮ ਸਿੰਘ, ਗੁਰਦੇਵ ਸਿੰਘ, ਹਰਦੇਵ ਸਿੰਘ ਕੀਨੀਆ, ਦਰਸ਼ਨ ਸਿੰਘ, ਬਲਬੀਰ ਸਿੰਘ, ਜਗਜੀਤ ਸਿੰਘ, ਬਲਬੀਰ ਸਿੰਘ ਬੀਰ੍ਹੀ, ਤਰਸੇਮ ਸਿੰਘ, ਅਜੀਤਪਾਲ ਸਿੰਘ, ਜਗਜੀਤ ਸਿੰਘ ਕੀਨੀਆ, ਹਰਵਿੰਦਰ ਸਿੰਘ ਕੀਨੀਆ, ਬਿੰਦੀ ਸਿੰਘ ਕੈਨੇਡਾ ਤੇ ਹਰਦਿਆਲ ਸਿੰਘ ਕੀਨੀਆ। ਇੱਕੋ ਬੀਹੀ ਦੇ ਜੰਮਪਲ ਬਾਰਾਂ ਉਲੰਪੀਅਨ!

ਊਧਮ ਸਿੰਘ ਨੇ ਆਖ਼ਰੀ ਉਮਰੇ ਦੁਬਾਰਾ ਵਿਆਹ ਕਰਾ ਲਿਆ ਸੀ ਤਾਂ ਜੋ ਔਲਾਦ ਦਾ ਮੂੰਹ ਵੇਖ ਸਕੇ ਜੋ ਉਸ ਦੇ ਕਰਮਾਂ ਵਿਚ ਨਹੀਂ ਸੀ। 18 ਮਾਰਚ 2000 ਨੂੰ ਉਹ ਸਕੂਟਰ 'ਤੇ ਦੂਰਦਰਸ਼ਨ ਜਲੰਧਰ ਨੂੰ ਇੰਟਰਵਿਊ ਦੇਣ ਗਿਆ। ਰਾਹ 'ਚੋਂ ਸਕੂਟਰ ਮੋੜ ਲਿਆ ਤਾਂ ਕਿ ਆਪਣੇ ਹਾਕੀ ਗਰਾਊਂਡ ਤੇ ਦਫ਼ਤਰ ਦੇ ਦਰਸ਼ਨ ਕਰ ਲਵਾਂ ਜਿੱਥੇ ਲੰਮੀ ਉਮਰ ਬਿਤਾਈ ਸੀ। ਉਦੋਂ ਕੀ ਪਤਾ ਸੀ ਇਹ ਜਾਂਦੀ ਵਾਰ ਦੇ ਦਰਸ਼ਨ ਸਨ! 20 ਮਾਰਚ ਨੂੰ ਦਿਲ ਦਾ ਦੌਰਾ ਪਿਆ। ਤੁਰੰਤ ਹਸਪਤਾਲ ਜਾਣਾ ਪਿਆ। 23 ਮਾਰਚ ਨੂੰ ਠੀਕ ਹੋ ਕੇ ਘਰ ਆ ਗਿਆ। ਜਾਣ ਸਾਰ ਗਰਾਊਂਡ 'ਚ ਖੇਡਦੇ ਬੱਚਿਆਂ ਨੂੰ ਲੱਡੂ ਵੰਡੇ ਗਏ। ਪਰ ਉਸੇ ਰਾਤ ਇੱਕ ਦੌਰਾ ਹੋਰ ਪਿਆ ਜੋ 72 ਸਾਲਾਂ ਦੇ ਸਿਰੜੀ ਖਿਡਾਰੀ ਨੂੰ ਨਾਲ ਹੀ ਲੈ ਗਿਆ। 27 ਮਾਰਚ ਨੂੰ ਸੰਸਾਰਪੁਰ 'ਚ ਉਹਦੇ ਨਮਿੱਤ ਪਾਠ ਦਾ ਭੋਗ ਪਾਇਆ ਗਿਆ ਤੇ ਆਤਮਾ ਦੀ ਸ਼ਾਂਤੀ ਲਈ ਅੰਤਮ ਅਰਦਾਸ ਕੀਤੀ ਗਈ। ਹੁਣ ਪਤਾ ਨਹੀਂ ਉਸ ਨੂੰ ਕੋਈ ਯਾਦ ਕਰਦਾ ਹੈ ਜਾਂ ਨਹੀਂ ?

***

## ਬੱਚਿਆਂ ਵਿਰੁੱਧ ਅਪਰਾਧ ਤੇ ਬਾਲ ਤਸਕਰੀ:

ਯੂਨੀਸੈਫ ਦੀ ਰਿਪੋਰਟ ਅਨੁਸਾਰ, 20 ਸਾਲ ਤੋਂ ਘੱਟ ਉਮਰ ਦੀਆਂ ਘੱਟੋ-ਘੱਟ 12 ਕਰੋੜ ਲੜਕੀਆਂ ਦਾ ਯੌਨ ਸ਼ੋਸ਼ਣ ਹੁੰਦਾ ਹੈ, ਜਿਸ ਵਿੱਚ 90 ਫ਼ੀਸਦੀ ਮਾਮਲੇ ਜਾਣੂ ਵਿਅਕਤੀ ਨਾਲ ਜੁੜੇ ਹੁੰਦੇ ਹਨ - ਜਿਵੇਂ ਬਵਾਏ ਫਰੈਂਡ ਜਾਂ ਰਿਸ਼ਤੇਦਾਰ। ਕੋਵਿਡ ਮਹਾਮਾਰੀ ਤੋਂ ਬਾਅਦ ਡਿਜੀਟਲ ਵਰਤੋਂ ਵਧੀ ਹੈ, ਜਿਸ ਨਾਲ ਬੱਚਿਆਂ ਦਾ ਜੀਵਨ ਆਨਲਾਈਨ ਸ਼ਿਫਟ ਹੋ ਗਿਆ। ਮਾਹਿਰਾਂ ਦਾ ਕਹਿਣਾ ਹੈ ਕਿ ਮਾਪੇ ਬੱਚਿਆਂ ਨੂੰ ਮੋਬਾਈਲ ਨਾਲ ਛੱਡ ਦਿੰਦੇ ਹਨ। ਬੱਚੇ ਆਨਲਾਈਨ ਦੋਸਤ ਲੱਭਦੇ ਹਨ ਅਤੇ ਉਹਨਾਂ ਨਾਲ ਜੁੜ ਜਾਂਦੇ ਹਨ। ਬਹੁਤੇ ਮਾਮਲੇ ਵਿੱਚ ਵਿਆਹ ਜਾਂ ਨੌਕਰੀ ਦੇ ਲਾਲਚ ਕਾਰਨ ਸ਼ੋਸ਼ਣ ਹੁੰਦਾ ਹੈ।

**ਅਗਵਾ ਕੀਤੀਆਂ ਬੱਚੀਆਂ ਕਿੱਥੇ ਜਾਂਦੀਆਂ ਹਨ?**

ਅਗਵਾ ਕੀਤੀਆਂ ਬੱਚੀਆਂ ਅਕਸਰ ਤਸਕਰੀ ਨਾਲ ਜੁੜੀਆਂ ਹੁੰਦੀਆਂ ਹਨ। ਐੱਨ.ਸੀ.ਆਰ.ਬੀ. ਅਨੁਸਾਰ, 2023 ਵਿੱਚ 1,858 ਮਾਮਲੇ ਮਨੁੱਖੀ ਤਸਕਰੀ ਨਾਲ ਜੁੜੇ ਹਨ, ਜਿਸ ਵਿੱਚ ਲੜਕੀਆਂ ਨੂੰ ਵੇਸ਼ਿਆਵ੍ਰਿਤੀ ਧੰਦੇ ਵੱਲ ਧਕੇਲ ਦਿਤਾ ਜਾਂਦਾ ਹੈ ਜਾਂ ਭਿਖਾਰੀ ਬਣਾ ਦਿੱਤਾ ਜਾਂਦਾ ਹੈ। ਯੂਨੀਸੈਫ਼ ਅਨੁਸਾਰ, 90 ਫ਼ੀਸਦੀ ਕੇਸਾਂ ਵਿੱਚ ਤਸਕਰ ਜਾਣੂ ਹੁੰਦੇ ਹਨ। ਇਹ ਬੱਚੀਆਂ ਨੇੜੇ ਦੇ ਰਾਜਾਂ ਜਾਂ ਵਿਦੇਸ਼ਾਂ ਵਿੱਚ ਭੇਜੀਆਂ ਜਾਂਦੀਆਂ ਹਨ, ਜਿੱਥੇ ਉਹਨਾਂ ਦਾ ਸ਼ੋਸ਼ਣ ਹੁੰਦਾ ਹੈ। ਪੰਜਾਬ ਵਿੱਚ ਵੀ ਇਹ ਸਮੱਸਿਆ ਵਧ ਰਹੀ ਹੈ, ਜਿੱਥੇ ਪ੍ਰਵਾਸੀ ਭਿਖਾਰੀਆਂ ਨਾਲ ਜੁੜੇ ਬੱਚੇ ਅਕਸਰ ਤਸਕਰੀ ਦਾ ਸ਼ਿਕਾਰ ਹੁੰਦੇ ਹਨ। ਇਹਨਾਂ ਬੱਚੀਆਂ ਨੂੰ ਲੱਭਣਾ ਔਖਾ ਹੁੰਦਾ ਹੈ, ਕਿਉਂਕਿ ਉਹਨਾਂ ਨੂੰ ਨਵੇਂ ਨਾਂ ਅਤੇ ਪਛਾਣ ਨਾਲ ਬਦਲ ਦਿੱਤਾ ਜਾਂਦਾ ਹੈ। ਕਾਰਕੁਨਾਂ ਅਨੁਸਾਰ, ਬਹੁਤੇ ਮਾਮਲੇ ਰਿਪੋਰਟ ਨਹੀਂ ਹੁੰਦੇ, ਕਿਉਂਕਿ ਪਰਿਵਾਰ ਡਰ ਜਾਂ ਸਮਾਜਿਕ ਕਲੰਕ ਕਾਰਨ ਚੁੱਪ ਰਹਿੰਦੇ ਹਨ। ਇਹ ਬੱਚੀਆਂ ਨਾ ਸਿਰਫ਼ ਸਰੀਰਕ ਤੌਰ 'ਤੇ ਤਬਾਹ ਹੁੰਦੀਆਂ ਹਨ, ਸਗੋਂ ਮਾਨਸਿਕ ਤੌਰ 'ਤੇ ਵੀ ਤੋੜ ਦਿੱਤੀਆਂ ਜਾਂਦੀਆਂ ਹਨ।

**ਪੰਜਾਬ ਵਿੱਚ ਸਰਕਾਰ ਕੀ ਚੁੱਕ ਰਹੀ ਹੈ ਨਵਾਂ ਕਦਮ ?**

ਪੰਜਾਬ ਵਿੱਚ ਪ੍ਰਵਾਸੀ ਭਿਖਾਰੀਆਂ ਨਾਲ ਜੁੜੀ ਬੱਚਿਆਂ ਦੀ ਤਸਕਰੀ ਅਤੇ ਸ਼ੋਸ਼ਣ ਦੀ ਸਮੱਸਿਆ ਗੰਭੀਰ ਹੈ। ਐੱਨ.ਸੀ.ਆਰ.ਬੀ. ਅਨੁਸਾਰ, 2013 ਤੋਂ 2022 ਤੱਕ ਪੰਜਾਬ ਵਿੱਚ 8,342 ਨਾਬਾਲਿਗ ਬੱਚੇ ਲਾਪਤਾ ਹੋਏ, ਜਿਸ ਵਿੱਚੋਂ ਬਹੁਤੇ ਭਿਖਾਰੀ ਗਿਰੋਹਾਂ ਨੇ ਚੁਕੇ ਹਨ। 2022 ਵਿੱਚ ਚਾਈਲਡ ਪ੍ਰੋਟੈਕਸ਼ਨ ਐਂਡ ਵੈਲਫੇਅਰ ਬਿਊਰੋ (ਸੀ.ਪੀ.ਡਬਲਿਊ.ਬੀ) ਨੇ 9,673 ਬੱਚਿਆਂ ਨੂੰ ਬਚਾਇਆ, ਜਿਸ ਵਿੱਚੋਂ 500 ਨੂੰ ਪਰਿਵਾਰ ਨਾਲ ਮਿਲਾਇਆ ਗਿਆ। 2025 ਵਿੱਚ ਪੰਜਾਬ ਸਰਕਾਰ ਨੇ ਇੱਕ ਵੱਡਾ ਕਦਮ ਚੁੱਕਿਆ – ਸੜਕਾਂ 'ਤੇ ਭਿਖਾਰੀਆਂ ਨਾਲ ਬੱਚਿਆਂ ਨੂੰ ਲੈ ਕੇ ਘੁੰਮਣ ਵਾਲੇ ਵਿਅਕਤੀਆਂ ਲਈ ਡੀ.ਐੱਨ.ਏ. ਟੈਸਟ ਲਾਜ਼ਮੀ ਕਰ ਦਿੱਤਾ। ਇਹ ਫ਼ੈਸਲਾ ਬਾਲ ਤਸਕਰੀ ਨੂੰ ਰੋਕਣ ਲਈ ਹੈ, ਜਿਸ ਨਾਲ ਪਤਾ ਲੱਗੇ ਕਿ ਬੱਚਾ ਅਸਲ ਵਿੱਚ ਉਸ ਦਾ ਹੈ ਜਾਂ ਨਹੀਂ। ਸਮਾਜਿਕ ਸੁਰੱਖਿਆ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਸੀ ਕਿ ਇਹ ਕਦਮ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਜ਼ਰੂਰੀ ਸੀ ਅਤੇ ਜ਼ਿਲ੍ਹਾ ਵਿਧਾਇਕ ਕਮੇਟੀਆਂ ਨੂੰ ਇਸ ਨੂੰ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਜਾ ਚੁਕੇ ਹਨ। ਮਾਹਿਰ ਕਹਿੰਦੇ ਹਨ ਕਿ ਜ਼ਰੂਰੀ ਹੈ ਕਿ ਇਸ ਬਾਰੇ ਪੱਕੇ ਕਾਨੂੰਨ ਬਣਨ। ਪੰਜਾਬ ਵਿਚ ਪ੍ਰਵਾਸੀ ਭਿਖਾਰੀਆਂ ਨੂੰ ਵੜਨ ਤੋਂ ਰੋਕਿਆ ਜਾਵੇ।

ਐੱਨ.ਸੀ.ਆਰ.ਬੀ. ਅਤੇ ਪੰਜਾਬ ਪੁਲਿਸ ਦੇ ਅੰਕੜਿਆਂ ਅਨੁਸਾਰ, 2022 ਵਿੱਚ ਪੰਜਾਬ ਵਿੱਚ ਬੱਚਿਆਂ ਦੇ ਅਗਵਾ ਦੇ 3,947 ਮਾਮਲੇ ਦਰਜ ਹੋਏ। 2023 ਵਿੱਚ ਇਹ ਗਿਣਤੀ ਵਧ ਕੇ 3,974 ਹੋ ਗਈ, ਜਦਕਿ ਬਰਾਮਦਗੀ ਦਰ 80 ਫ਼ੀਸਦੀ ਰਹੀ। 2024 ਵਿੱਚ 3,948 ਮਾਮਲੇ ਹੋਏ, ਜਿਸ ਵਿੱਚੋਂ 100 ਤੋਂ ਵੱਧ ਬੱਚੇ ਬਰਾਮਦ ਨਹੀਂ ਹੋ ਸਕੇ। 2025 ਤੱਕ (ਅਕਤੂਬਰ ਤੱਕ) ਲਗਭਗ 2,500 ਮਾਮਲੇ ਦਰਜ ਹੋ ਚੁੱਕੇ ਹਨ, ਜਿਸ ਵਿੱਚੋਂ 1,800 ਬਰਾਮਦ ਹੋਏ। ਕੁੱਲ ਮਿਲਾ ਕੇ 2022 ਤੋਂ 2025 ਤੱਕ ਲਗਭਗ 14,000 ਬੱਚੇ ਉਧਾਲੇ ਗਏ, ਜਿਸ ਵਿੱਚੋਂ 11,000 ਤੋਂ ਵੱਧ ਬਰਾਮਦ ਹੋਏ। ਪਰ 3,000 ਤੋਂ ਵੱਧ ਅਜੇ ਵੀ ਲਾਪਤਾ ਹਨ। ਡਾ. ਬਲਜੀਤ ਕੌਰ ਅਨੁਸਾਰ, ਇਹ ਅੰਕੜੇ ਚਿੰਤਾਜਨਕ ਹਨ ਅਤੇ ਸਰਕਾਰ ਨੇ 'ਫਰਾਮ ਬੈਗਿੰਗ ਟੂ ਐਜੂਕੇਸ਼ਨ' ਵਰਗੀਆਂ ਸਕੀਮਾਂ ਸ਼ੁਰੂ ਕੀਤੀਆਂ ਹਨ, ਜਿਸ ਨਾਲ ਭਿਖਾਰੀ ਬਣੇ ਬੱਚਿਆਂ ਨੂੰ ਪੜ੍ਹਾਇਆ ਜਾ ਰਿਹਾ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਵਿਸ਼ੇਸ਼ ਐਂਟੀ-ਟ੍ਰੈਫਿਕਿੰਗ ਯੂਨਿਟਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ, ਹੈਲਪਲਾਈਨਾਂ ਨੂੰ ਵਧਾਉਣਾ ਅਤੇ ਜਾਗਰੂਕਤਾ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ।

**

## ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ:

ਭੜਕੀ ਹੋਈ ਇਸ ਅੱਗ ਨੂੰ ਸ਼ਾਂਤ ਕਰਨ ਲਈ ਕਾਂਗਰਸ ਪਾਰਟੀ ਨੇ 1985 ਵਿੱਚ ਰਾਜੀਵ-ਲੌਂਗੋਵਾਲ ਸਮਝੌਤੇ ਦੇ ਰੂਪ ਵਿੱਚ ਅੱਧ-ਅਧੂਰੇ ਯਤਨ ਕੀਤੇ। ਇਸ ਕਾਰਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਲੌਂਗੋਵਾਲ ਨੂੰ ਵੀ ਆਪਣੀ ਜਾਨ ਗਵਾਉਣੀ ਪਈ। ਬਾਅਦ ਵਿੱਚ ਰਾਜੀਵ ਗਾਂਧੀ ਦੀ ਸਰਕਾਰ ਇਸ ਸਮਝੌਤੇ ਤੋਂ ਵੀ ਪਿੱਛੇ ਹਟ ਗਈ। 26 ਜਨਵਰੀ, 1986 ਨੂੰ ਚੰਡੀਗੜ੍ਹ ਪੰਜਾਬ ਨੂੰ ਦੇਣ ਲਈ ਕਾਰਡ ਵੀ ਛਪ ਗਏ ਪਰ ਅਖ਼ੀਰ 'ਤੇ ਸਰਕਾਰ ਪਿੱਛੇ ਹਟ ਗਈ। ਰਾਜੀਵ-ਲੌਂਗੋਵਾਲ ਸਮਝੌਤੇ ਵਿੱਚ ਦਰਜ ਹੋਰ ਮੁੱਦਿਆਂ 'ਤੇ ਵੀ ਅਮਲ ਨਾ ਹੋਇਆ। 1996-97 ਤੱਕ ਹਿੰਸਾ ਤੇ ਵਿਰੋਧੀ ਹਿੰਸਾ ਦਾ ਦੌਰ ਰਾਜ ਵਿੱਚ ਜਾਰੀ ਰਿਹਾ। ਪੰਜਾਬ ਦੇ ਲੋਕ ਅਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਨਾਲ ਸੰਬੰਧਿਤ ਲੋਕ ਅੱਜ ਵੀ ਇਹ ਮਹਿਸੂਸ ਕਰਦੇ ਹਨ ਕਿ ਉਸ ਸਮੇਂ ਦੀ ਕੇਂਦਰੀ ਸਰਕਾਰ ਅਤੇ ਪੰਜਾਬ ਦੇ ਪ੍ਰਸ਼ਾਸਨਾਂ ਨੇ ਸਿੱਖ ਭਾਈਚਾਰੇ ਨੂੰ ਇਨਸਾਫ਼ ਨਹੀਂ ਦਿੱਤਾ। ਝੂਠੇ ਪੁਲਿਸ ਮੁਕਾਬਲਿਆਂ ਦੇ ਸ਼ਿਕਾਰ ਹੋਏ ਪਰਿਵਾਰਾਂ ਦੇ ਲੋਕ ਦਹਾਕਿਆਂ ਤੋਂ ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਬਿਨਾਂ ਕਿਸੇ ਸਰਕਾਰੀ ਸਹਾਇਤਾ ਤੇ ਸਰਪ੍ਰਸਤੀ ਤੋਂ ਇਕੱਲੇ ਹੀ ਸਭ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਜੂਝ ਰਹੇ ਹਨ। ਇਸੇ ਅਮਲ ਵਿੱਚ ਜਸਵੰਤ ਸਿੰਘ ਖਾਲੜਾ ਨੂੰ ਵੀ ਆਪਣੀ ਕੁਰਬਾਨੀ ਦੇਣੀ ਪਈ ਸੀ। ਭਾਵੇਂ ਸਮੇਂ ਦੀਆਂ ਲੋੜਾਂ ਮੁਤਾਬਿਕ ਪੰਜਾਬ ਵਿੱਚ ਕਾਂਗਰਸ ਦੀਆਂ ਕਈ ਵਾਰ ਸਰਕਾਰਾਂ ਬਣੀਆਂ ਹਨ ਅਤੇ ਕੇਂਦਰ ਵਿੱਚ ਵੀ ਕਈ ਵਾਰ ਲੋਕ ਸਭਾ ਦੇ ਮੈਂਬਰ ਗਏ ਹਨ ਅਤੇ ਉਥੇ ਮੰਤਰੀ ਵੀ ਬਣਦੇ ਰਹੇ ਹਨ। ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਵੀ ਬਣੇ। ਪਰ ਇਸ ਬਾਰੇ ਦੋ ਰਾਵਾਂ ਨਹੀਂ ਹਨ ਕਿ ਅੱਜ ਵੀ ਪੰਜਾਬ ਦੇ ਲੋਕ ਵੱਡੀ ਪੱਧਰ 'ਤੇ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ ਅਤੇ '84 ਦੇ ਸਿੱਖ ਕਤਲੇਆਮ ਲਈ ਕਾਂਗਰਸ ਪਾਰਟੀ ਨੂੰ ਦੋਸ਼ੀ ਸਮਝਦੇ ਹਨ। ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਕਾਂਗਰਸ ਪਾਰਟੀ ਨੇ ਇਨ੍ਹਾਂ ਦੋਵਾਂ ਘਟਨਾਵਾਂ ਤੋਂ ਦਹਾਕਿਆਂ ਬਾਅਦ ਵੀ ਸਪੱਸ਼ਟ ਰੂਪ ਵਿੱਚ ਇਨ੍ਹਾਂ ਗਲਤੀਆਂ ਲਈ ਮੁਆਫ਼ੀ ਨਹੀਂ ਮੰਗੀ। ਲੋਕ ਸਭਾ ਵਿੱਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਜ਼ਰੂਰ ਇਸ ਸੰਬੰਧੀ ਅਫ਼ਸੋਸ ਜਤਾਇਆ ਸੀ। ਸੋਨੀਆ ਗਾਂਧੀ ਵੀ ਅਫ਼ਸੋਸ ਸ਼ਬਦ ਤੋਂ ਅੱਗੇ ਨਹੀਂ ਸੀ ਵਧੀ। ਸਾਡੀ ਇਸ ਸੰਬੰਧ ਵਿੱਚ ਬੜੀ ਸਪੱਸ਼ਟ ਰਾਇ ਹੈ ਕਿ ਜੇਕਰ ਕਾਂਗਰਸ ਪੰਜਾਬ ਅਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਦੇ ਮਨਾਂ ਵਿੱਚ ਪੈਦਾ ਹੋਈ ਕੁੜੱਤਣ ਨੂੰ ਦੂਰ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਸਪੱਸ਼ਟ ਰੂਪ ਵਿੱਚ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ ਅਤੇ '84 ਦੇ ਸਿੱਖ ਕਤਲੇਆਮ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਪੰਜਾਬ ਦੇ ਲੋਕਾਂ ਅਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਦੇ ਲੋਕਾਂ ਦਾ ਫ਼ਿਰ ਤੋਂ ਵਿਸ਼ਵਾਸ ਜਿੱਤਣ ਲਈ ਵਾਰ-ਵਾਰ ਪੰਜਾਬ ਆਉਂਦੇ ਰਹੇ ਹਨ ਅਤੇ ਖ਼ਾਸ ਕਰਕੇ ਦਰਬਾਰ ਸਾਹਿਬ ਵਿੱਚ ਕਈ-ਕਈ ਦਿਨਾਂ ਤੱਕ ਸੇਵਾ ਵੀ ਕਰਦੇ ਰਹੇ ਹਨ। ਵਿਦੇਸ਼ਾਂ ਵਿੱਚ ਜਾ ਕੇ ਵੀ ਉਹ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਬੜੇ ਪਿਆਰ ਅਤੇ ਸਤਿਕਾਰ ਨਾਲ ਮਿਲਦੇ ਹਨ ਅਤੇ ਉਨ੍ਹਾਂ ਦੇ ਦੇਸ਼-ਵਿਦੇਸ਼ ਵਿੱਚ ਧਾਰਮਿਕ ਅਧਿਕਾਰਾਂ ਦੀ ਰਾਖੀ ਲਈ ਵੀ ਆਵਾਜ਼ ਬੁਲੰਦ ਕਰਦੇ ਹਨ। ਸਿੱਖ ਭਾਈਚਾਰੇ ਦੇ ਲੋਕ ਉਨ੍ਹਾਂ ਦੇ ਇਸ ਰੁਖ਼ ਨੂੰ ਸਮਝ ਵੀ ਰਹੇ ਹਨ। ਫ਼ਿਰ ਵੀ ਇਸ ਗੱਲ ਦੀ ਲੋੜ ਅਜੇ ਵੀ ਬਰਕਰਾਰ ਹੈ ਕਿ ਰਾਹੁਲ ਗਾਂਧੀ ਅਤੇ ਕਾਂਗਰਸ ਦੇ ਹੋਰ ਸੀਨੀਅਰ ਲੀਡਰ ਸਮੂਹ ਪੰਜਾਬੀਆਂ 'ਤੇ ਸਿੱਖ ਭਾਈਚਾਰੇ ਤੋਂ ਉਪਰੋਕਤ ਦੋਵਾਂ ਘਟਨਾਵਾਂ ਲਈ ਮੁਆਫ਼ੀ ਮੰਗਣ ਅਤੇ ਇਕ ਨਵੀਂ ਸ਼ੁਰੂਆਤ ਕਰਨ, ਕਿਉਂਕਿ ਪੰਜਾਬ ਤੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਕਾਂਗਰਸ ਦੀਆਂ ਇਨ੍ਹਾਂ ਵੱਡੀਆਂ ਗ਼ਲਤੀਆਂ ਦੀ ਬਹੁਤ ਵੱਡੀ ਕੀਮਤ ਅਦਾ ਕੀਤੀ ਹੈ। ਜੇਕਰ ਕਾਂਗਰਸ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਅਜਿਹਾ ਨਹੀਂ ਕਰਦੀ ਤਾਂ ਦਰਬਾਰ ਸਾਹਿਬ ਉਪਰ ਫ਼ੌਜੀ ਹਮਲਾ ਅਤੇ '84 ਦਾ ਸਿੱਖ ਕਤਲੇਆਮ ਵਾਰ-ਵਾਰ ਕਿਸੇ ਨਾ ਕਿਸੇ ਰੂਪ ਵਿੱਚ ਉਨ੍ਹਾਂ ਦੇ ਸਾਹਮਣੇ ਆਉਂਦਾ ਰਹੇਗਾ ਅਤੇ ਉਨ੍ਹਾਂ ਨੂੰ ਸ਼ਰਮਿੰਦਾ ਕਰਦਾ ਰਹੇਗਾ। ਕਾਂਗਰਸ ਨੂੰ ਇਸ ਸੰਬੰਧ ਵਿੱਚ ਵਾਰ-ਵਾਰ ਬਚਾਉ ਦੀ ਸਥਿਤੀ ਆਉਣਾ ਪਵੇਗਾ। ਦੂਜੀਆਂ ਵਿਰੋਧੀ ਸਿਆਸੀ ਪਾਰਟੀਆਂ ਕਾਂਗਰਸ ਦੀ ਇਸ ਸਥਿਤੀ ਤੋਂ ਵਾਰ-ਵਾਰ ਸਿਆਸੀ ਲਾਭ ਉਠਾਉਂਦੀਆਂ ਰਹਿਣਗੀਆਂ।

# HOKA TV
## (ਹੋਕਾ ਟੀ.ਵੀ.)

RAISING VOICE FOR TRUTH
ਹੋਕਾ TV

# ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home